ਅਨੁਭਾਗ 1 ਅੰਕ 11
ਪੰਜਾਬੀ

ਪੰਚਾਇਤੀ ਰਾਜ ਮੰਤਰਾਲਾ
ਭਾਰਤ ਸਰਕਾਰ

ਭਾਰਤ @ 75 :
ਪੰਚਾਇਤੀ ਰਾਜ
ਵਿਵਸਥਾ ਵਿਚ ਬਦਲਾਅ
ਦੇ ਵੱਖ-ਵੱਖ ਪਹਿਲੂ

# ਗ੍ਰਾਮਊਦੈ ਸੰਕਲਪ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ







**ਗਿਰੀਰਾਜ ਸਿੰਘ**
ਕੇਂਦਰੀ ਪੰਚਾਇਤੀ ਰਾਜ ਅਤੇ
ਪੇਂਡੂ ਵਿਕਾਸ ਮੰਤਰੀ

**ਨਰਿੰਦਰ ਮੋਦੀ**
ਪ੍ਰਧਾਨਮੰਤਰੀ

**ਕਪਿਲ ਮੋਰੇਸ਼ਵਰ ਪਾਟਿਲ**
ਕੇਂਦਰੀ ਪੰਚਾਇਤੀ ਰਾਜ
ਰਾਜ ਮੰਤਰੀ



## ਇਸ ਅੰਕ ਵਿਚ

• ਨਵੇਂ ਭਾਰਤ ਵਿਚ ਪੰਚਾਇਤੀ ਰਾਜ ... • ਵਿਕੇਂਦਰੀਕਰਨ ਦੀਆਂ ਕੋਸ਼ਿਸ਼ਾਂ... • @ ਭਾਰਤ 75-ਪੇਂਡੂ ਸਥਾਨਕ ਇਕਾਈਆਂ ਰਾਹੀਂ ਸਵੱਛਤਾ... • ਸਫ਼ਲਤਾ ਦੀਆਂ ਕਹਾਣੀਆਂ।

# ਕਬਾਇਲੀ ਖੇਤਰਾਂ ਦੇ ਵਿਕਾਸ ਅਤੇ ਤਰੱਕੀ ਵਾਸਤੇ ਕੇਂਦਰ ਸਰਕਾਰ ਵਚਨਬੱਧ - ਸ੍ਰੀ ਗਿਰੀਰਾਜ ਸਿੰਘ

**ਪੰਚਾਇਤਾਂ ਦੇ ਉਪਬੰਧਾਂ ’ਤੇ ਇਕ ਰੋਜ਼ਾ ਰਾਸ਼ਟਰੀ ਸੰਮੇਲਨ (ਅਨੁਸੂਚਿਤ ਖੇਤਰਾਂ ਦੇ ਵਿਸਥਾਰ), ਐਕਟ, 1996 (PESA) ਐਕਟ ਦੇ 25ਵੇਂ ਸਾਲ ਦਾ ਜਸ਼ਨ ਮਨਾਉਣ ਵਾਸਤੇ, ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਹਿੱਸੇ ਦੇ ਰੂਪ ਵਿਚ**

ਪ੍ਰਗਤੀਸ਼ੀਲ ਭਾਰਤ ਦੇ 75 ਸਾਲ ਪੂਰੇ ਕਰਨ ਅਤੇ ਪੰਚਾਇਤ (ਅਨੁਸੂਚਿਤ ਖੇਤਰਾਂ ਵਿਚ ਵਿਸਥਾਰ) ਐਕਟ 1996 (ਪੇਸਾ) ਦੇ ਐਕਟ ਦੇ 25ਵੇਂ ਸਾਲ ਮੌਕੇ, ਪੰਚਾਇਤੀ ਰਾਜ ਮੰਤਰਾਲਾ ਨੇ ਜਨਜਾਤੀ ਮਾਮਲਿਆਂ ਵਿਚ ਮੰਤਰਾਲਾ ਅਤੇ ਰਾਸ਼ਟਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਸੰਸਥਾਨ ਦੇ ਸਹਿਯੋਗ ਨਾਲ ਪੰਚਾਇਤਾਂ ’ਤੇ ਇਕ ਰੋਜ਼ਾ ਰਾਸ਼ਟਰੀ ਸੰਮੇਲਨ (ਅਨੁਸੂਚਿਤ ਖੇਤਰਾਂ ਤੱਕ ਵਿਸਥਾਰ) ਐਕਟ 1996 (ਪੇਸਾ) ਦਾ ਆਯੋਜਨ ਕੀਤਾ। 18 ਨਵੰਬਰ 2021 ਨੂੰ ਵਿਗਿਆਨ ਭਵਨ, ਨਵੀਂ ਦਿੱਲੀ ਵਿਚ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਇਕ ਭਾਗ ਦੇ ਰੂਪ ਵਿਚ। ਸੰਮੇਲਨ ਦਾ ਉਦਘਾਟਨ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਸ੍ਰੀ ਗਿਰੀਰਾਜ ਸਿੰਘ ਨੇ ਸੰਯੁਕਤ ਰੂਪ ਨਾਲ ਕੀਤਾ। ਸ੍ਰੀ ਅਰਜੁਨ ਮੁੰਡਾ, ਜਨਜਾਤੀ ਮਾਮਲਿਆਂ ਦੇ ਮੰਤਰੀ ਸ੍ਰੀ ਕਪਿਲ ਮੋਰੇਸ਼ਵਰ ਪਾਟਿਲ, ਪੰਚਾਇਤੀ ਰਾਜ ਰਾਜ ਮੰਤਰੀ ਅਤੇ ਹੋਰ ਪਤਵੰਤੇ ਵਿਅਕਤੀ ਮਹਾਰਾਸ਼ਟਰ ਦੇ ਰਾਜਪਾਲ ਸ੍ਰੀ ਭਗਤ ਸਿੰਘ ਕੋਸ਼ਿਆਰੀ ਵੀ ਰਾਸ਼ਟਰੀ ਕਾਨਫਰੰਸ ਵਿਚ ਸ਼ਾਮਿਲ ਹੋਏ ਅਤੇ ਭਾਗੀਦਾਰਾਂ ਨੂੰ ਸੰਬੋਧਿਤ ਕੀਤਾ।

ਰਾਸ਼ਟਰੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਸ੍ਰੀ ਗਿਰੀਰਾਜ ਸਿੰਘ ਨੇ ਕਿਹਾ ਕਿ ਛੇ ਰਾਜਾਂ ਭਾਵ ਆਂਧਰਾ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਰਾਜਸਥਾਨ ਅਤੇ ਤੇਲੰਗਾਨਾ ਨੇ ਪੇਸਾ ਨਿਯਮਾਂ ਨੂੰ ਅਧਿਸੂਚਿਤ ਕੀਤਾ ਹੈ। ਬਾਕੀ ਚਾਰ ਰਾਜਾਂ ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼ ਅਤੇ ਉਡੀਸ਼ਾ ਨੂੰ ਵੀ ਪੇਸਾ ਨਿਯਮ ਬਣਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਲਾਗੂ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ। ਸ੍ਰੀ ਗਿਰੀਰਾਜ ਸਿੰਘ ਨੇ ਕਿਹਾ ਕਿ ਉਹ ਅਤੇ ਜਨਜਾਤੀ ਮਾਮਲਿਆਂ ਦੇ ਮੰਤਰੀ ਸ੍ਰੀ ਅਰਜੁਨ ਮੁੰਡਾ ਦੋਵੇਂ ਜ਼ਰੂਰਤ ਪੈਣ ’ਤੇ ਇਨ੍ਹਾਂ ਚਾਰਾਂ ਰਾਜਾਂ ਦੇ ਰਾਜਪਾਲਾਂ, ਮੁੱਖ ਮੰਤਰੀਆਂ ਅਤੇ ਮੰਤਰੀਆਂ ਦੇ ਨਾਲ ਵੀ ਇਸ ਮਾਮਲੇ ’ਤੇ ਚਰਚਾ ਕਰਨਗੇ। ਉਨ੍ਹਾਂ ਨੇ ਇਨ੍ਹਾਂ ਰਾਜਾਂ ਦੇ ਰਾਜਪਾਲਾਂ ਕੋਲੋਂ ਮੁੱਖ ਮੰਤਰੀਆਂ, ਮੰਤਰੀਆਂ ਅਤੇ ਵਿਭਾਗੀ ਸਕੱਤਰਾਂ ਦੇ ਨਾਲ ਬੈਠਕ ਕਰਕੇ ਪੇਸਾ ਨਿਯਮ ਬਣਾਉਣ ਦੀ ਪਹਿਲ ਕਰਨ ਦੀ ਵੀ ਬੇਨਤੀ ਕੀਤੀ। ਸ੍ਰੀ ਗਿਰੀਰਾਜ ਸਿੰਘ ਨੇ ਕਿਹਾ ਕਿ ਪੇਸਾ ਨਿਯਮ ਲਾਗੂ ਕਰਨ ਵਾਲੇ 6 ਰਾਜਾਂ ਦੇ ਤਜੁਰਬੇ ਹੋਰ ਰਾਜਾਂ ਦੇ ਨਾਲ ਸਾਝੇ ਕੀਤੇ ਜਾਣ।




ਸ੍ਰੀ ਸਿੰਘ ਨੇ ਕਿਹਾ ਕਿ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀ.ਪੀ.ਡੀ.ਪੀ.) ਤਿਆਰ ਕਰਦੇ ਸਮੇਂ ਪੰਚਾਇਤੀ ਰਾਜ ਮੰਤਰਾਲਾ ਅਤੇ ਜਨਜਾਤੀ ਕੰਮ ਮੰਤਰਾਲਾ ਨੂੰ ਅਭਿਸਰਨ ਦੇ ਮਾਧਿਅਮ ਨਾਲ ਆਦਿਵਾਸੀ ਸਮਾਜ ਦੇ ਲਈ ਵਿਕਾਸ ਦਾ ਨਵਾਂ ਮਾਡਲ ਤਿਆਰ ਕਰਨਾ ਚਾਹੀਦਾ ਹੈ। ਜਨਜਾਤੀ ਕਬੀਲੇ ਦੀਆਂ ਪ੍ਰੰਪਰਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੂੰ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਸ੍ਰੀ ਗਿਰੀਰਾਜ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਆਦਿਵਾਸੀ ਖੇਤਰਾਂ ਦੇ ਵਿਕਾਸ ਨੂੰ ਲੈ ਕੇ ਕਾਫ਼ੀ ਗੰਭੀਰ ਹਨ। ਜਨਜਾਤੀ ਕੰਮਕਾਜ ਮੰਤਰਾਲਾ ਦਾ ਬਜਟ ਜੋ 2013-14 ਦੇ ਦੌਰਾਨ 4,000 ਕਰੋੜ ਰੁਪਏ ਸੀ, 2021-22 ਦੇ ਦੌਰਾਨ ਵੱਧ ਕੇ 7,500 ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ ਹੈ। ਸਾਲ 2013-14 ਦੇ ਦੌਰਾਨ ਆਦਿਵਾਸੀ ਵਿਦਿਆਰਥੀਆਂ ਨੂੰ ਦਿੱਤਾ ਗਿਆ ਵਜ਼ੀਫ਼ਾ 978 ਕਰੋੜ ਰੁਪਏ ਸੀ, ਜੋ ਹੁਣ ਵੱਧ ਕੇ 2546 ਕਰੋੜ। ਇਨ੍ਹਾਂ ਤੱਥਾ ਤੋਂ ਪਤਾ ਲੱਗਦਾ ਹੈ ਕਿ ਭਾਰਤ ਸਰਕਾਰ ਆਦਿਵਾਸੀ ਭਾਈਚਾਰੇ ਦੇ ਰੋਜ਼ਾਨਾ ਜੀਵਨ ਵਿਚ ਸੁਧਾਰ ਦੇ ਪ੍ਰਤੀ ਗੰਭੀਰ ਹੈ। ਰਾਜ ਸਰਕਾਰਾਂ ਨੂੰ ਵੀ ਇਸ ਮਾਮਲਿਆਂ ਵਿਚ ਆਪਣੀ ਵਚਨਬੱਧਤਾ ਅਤੇ ਗੰਭੀਰਤਾ ਦਿਖਾਉਣੀ ਚਾਹੀਦੀ ਹੈ।

ਰਾਸ਼ਟਰੀ ਸੰਮੇਲਨ ਦੇ ਭਾਗੀਦਾਰਾਂ ਨੂੰ ਸੰਬੋਧਿਤ ਕਰਦੇ ਹੋਏ ਸ੍ਰੀ ਅਰਜੁਨ ਮੁੰਡਾ, ਕੇਂਦਰੀ ਜਨਜਾਤੀ ਮਾਮਲਿਆਂ ਦੇ ਮੰਤਰੀ ਨੇ ਕਿਹਾ ਕਿ ਆਦਿਵਾਸੀ ਭਾਈਚਾਰੇ ਅਨਾਦਿ ਕਾਲ ਤੋਂ ਕੁਦਰਤੀ ਰੂਪ ਨਾਲ ਉਪਲਬਧ ਸੰਸਾਧਨਾਂ ਦਾ ਉਪਯੋਗ ਕਰਦੇ ਆ ਰਹੇ ਹਨ। ਅੱਜ ਜ਼ਰੂਰਤ ਹੈ ਸੰਵਿਧਾਨ ਵਲੋਂ ਪ੍ਰਦਾਨ ਅਨੁਸੂਚਿਤ ਜਨਜਾਤੀਆਂ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰੱਖਿਆ ਅਤੇ ਉਨ੍ਹਾਂ ਨੂੰ ਵਧਾਵਾ ਦੇਣ ਦੀ ਹੈ, ਤਾਂ ਕਿ ਉਹ ਅੱਗੇ ਵੱਧ ਸਕਣ ਅਤੇ ਆਪਣੇ ਜੀਵਨ ਵਿਚ ਉੱਤਮਤਾ ਪ੍ਰਾਪਤ ਕਰ ਸਕਣ। ਜਨਜਾਤੀ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਦੀ ਗੁਣਵੱਤਾ ਦੀ ਤਰੱਕੀ ਵਾਸਤੇ ਜਨਜਾਤੀ ਸੰਸਕ੍ਰਿਤੀਆਂ, ਪ੍ਰੰਪਰਾਰਵਾਂ ਅਤੇ ਵਿਰਾਸਤ ਨੂੰ ਸੁਰੱਖਿਅਤ ਅਤੇ ਬੜਾਵਾ ਦੇਣਾ ਮਹੱਤਵਪੂਰਨ ਹੈ।

ਇਸ ਮੌਕੇ ਮਹਾਰਾਸ਼ਟਰ ਦੇ ਰਾਜਪਾਲ ਸ੍ਰੀ ਭਗਤ ਸਿੰਘ ਕੋਸ਼ਿਆਰੀ ਨੇ ਕਿਹ ਕਿ ਆਦਿਵਾਸੀਆਂ ਵਿਚ ਅਦਭੁੱਤ ਪ੍ਰਤਿਭਾ ਅਤੇ ਹੁਨਰ ਹੈ, ਆਦਿਵਾਸੀ ਚੰਗੇ ਕਾਰੀਗਰ, ਸ਼ਿਲਪਕਾਰ ਹਨ ਅਤੇ ਦਸਤਕਾਰੀ ਬਣਾਉਣ ਵਿਚ ਮਾਹਿਰ ਹਨ, ਆਦਿਵਾਸੀ ਭਾਈਚਾਰੇ ਵਿਚ ਸਮਰੱਥਾ ਅਤੇ ਹੋਰ ਕਈ ਪ੍ਰਤਿਭਾਵਾਂ ਹਨ ਅਤੇ ਉਹ ਮਹਾਨ ਕੰਮ ਕਰ ਰਹੇ ਹਨ; ਜ਼ਰੂਰਤ ਉਨ੍ਹਾਂ ਨੂੰ ਪਹਿਚਾਨਣ ਅਤੇ ਲੋੜੀਂਦੀ ਸਿਖਲਾਈ ਦੇ ਨਾਲ ਲੱਗੇ ਲਿਆਉਣ ਦੀ ਹੈ। ਉਨ੍ਹਾਂ ਨੇ ਕਿਹਾ ਕਿ ਪੇਸਾ ਜਨਜਾਤੀ ਭਾਈਚਾਰੇ ਦੇ ਕਲਿਆਣ ਦੇ ਲਈ ਇਕ ਮਹੱਤਵਪੂਰਨ ਐਕਟ ਹੈ, ਸੂਬਿਆਂ ਨੂੰ ਇਸ ਦਾ ਉਪਯੋਗ ਮੁੱਖ ਧਾਰਾ ਵਿਚ ਲਿਆਉਣ ਦੇ ਲਈ ਕਰਨਾ ਚਾਹੀਦਾ ਹੈ।

ਉਨਾਂ ਨੇ ਕਿਹਾ ਕਿ ਅਧਿਕਾਰੀ ਅਤੇ ਲੋਕ ਨੁਮਾਇੰਦੇ ਜਨਜਾਤੀ ਖੇਤਰਾਂ ਵਿਚ ਜਾਣ, ਜ਼ਮੀਨੀ ਪੱਧਰ ’ਤੇ ਉਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ। ਸ੍ਰੀ ਕੋਸ਼ਿਆਰੀ ਨੇ ਕਿਹਾ ਕਿ ਆਦਿਵਾਸੀ ਵਰਗ ਦੀ ਸੰਸਕ੍ਰਿਤੀ ਨੂੰ ਸੁਰੱਖਿਅਤ ਕਰਦੇ ਹੋਏ ਤੇਜ਼ੀ ਨਾਲ ਬਦਲਦੇ ਪਰਿਦ੍ਰਿਸ਼ ਵਿਚ ਉਨ੍ਹਾਂ ਨੂੰ ਵਿਕਾਸ ਦੀ ਕਿਰਨ ਦਿਖਾਉਣਾ ਵੀ ਜ਼ਰੂਰੀ ਹੈ। ਇਸ ਦਿਸ਼ਾ ਵਿਚ ਕਈ ਸੂਬਿਆਂ ਵਿਚ ਕੋਸ਼ਿਸ਼ਾਂ ਹੋਈਆਂ ਹਨ, ਪਰ ਇਹ ਯਾਤਰਾ ਭਵਿੱਖ ਵਿਚ ਵੀ ਜ਼ਰੂਰੀ ਹੈ।

ਨੈਸ਼ਨਲ ਕਾਨਫਰੰਸ ਵਿਚ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਹਿਮਾਚਲ ਪ੍ਰਦੇਸ਼, ਝਾਰਖੰਡ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉਡੀਸਾ, ਰਾਜਸਥਾਨ ਅਤੇ ਤੇਲੰਗਾਨਾ ਸਮੇਤ ਅਨੁਸੂਚਿਤ ਖੇਤਰਾਂ ਵਾਲੇ ਸਾਰੇ ਸੂਬਿਆਂ ’ਚ ਸਰਗਰਮ ਭਾਗੀਦਾਰੀ ਦੇਖੀ ਗਈ। ਇਸ ਦੇ ਇਲਾਵਾ ਅਨੁਸੂਚਿਤ ਜਨਜਾਤੀਆਂ ਦੇ ਸਸ਼ਕਤੀਕਰਨ ਦੀ ਦਿਸ਼ਾ ਵਿਚ ਕੰਮ ਕਰ ਰਹੇ ਕਈ ਗੈਰ ਸਰਕਾਰੀ ਸੰਗਠਨਾਂ ਨੇ ਵੀ ਸੰਮੇਲਨ ਵਿਚ ਹਿੱਸਾ ਲਿਆ। ਜਨਜਾਤੀ ਮਾਮਲਿਆਂ ਦੇ ਮੰਤਰਾਲਾ ਅਤੇ ਰਾਸ਼ਟਰੀ ਪੇਂਡੂ ਵਿਕਾਸ ਸੰਸਥਾਨ ਅਤੇ ਪੰਚਾਇਤੀ ਰਾਜ ਨੇ ਵੀ ਸੰਮੇਲਨ ਵਿਚ ਬਹੁਤ ਰਚਨਾਤਮਕ ਤਰੀਕਿਆਂ ਨਾਲ ਹਿੱਸਾ ਲਿਆ। ਪੇਸਾ ਦੇ ਤਹਿਤ ਵਿਧਾਨਕ ਅਤੇ ਪ੍ਰਸ਼ਾਸਨਿਕ ਢਾਂਚੇ ’ਤੇ ਸੈਸ਼ਨ ਦੀ ਪ੍ਰਧਾਨਗੀ ਡਾਇਰੈਕਟਰ ਜਨਰਲ, ਭਾਰਤੀ ਲੋਕ ਪ੍ਰਸ਼ਾਸਨ ਸੰਸਥਾਨ (ਆਈਆਈਪੀਏ), ਨਵੀਂ ਦਿੱਲੀ।

ਸੰਮੇਲਨ ਦੇ ਦੌਰਾਨ ‘ਪੇਸਾ ਦੇ ਤਹਿਤ ਕਾਨੂੰਨੀ ਅਤੇ ਪ੍ਰਸ਼ਾਸਨਿਕ ਢਾਂਚੇ’ ਦੇ ਵਿਸ਼ਿਆਂ ਤੇ ਤਿੰਨ ਤਕਨੀਕੀ ਸੈਸ਼ਨ; ‘ਪੇਸਾ ਸੂਬਿਆਂ ਵਿਚ ਸੰਸਾਧਨ ਢਾਂਚਾ’ ਅਤੇ ‘ਪੇਸਾ ਦੀ ਯੋਜਨਾ ਅਤੇ ਲਾਗੂ ਕਰਨਾ - ਅੱਗੇ ਦਾ ਰਸਤਾ’ ਆਯੋਜਿਤ ਕੀਤੇ ਗਏ ਜਿਥੇ ਸੂਬਿਆਂ ਨੇ ਸੰਬੰਧਿਤ ਵਿਸ਼ਿਆਂ ’ਤੇ ਇਕ ਸੰਖੇਪ ਪੇਸ਼ਕਾਰੀ ਦਿੱਤੀ।

ਸੰਮੇਲਨ ਵਿਚ ਸ੍ਰੀ ਸੁਨੀਲ ਕੁਮਾਰ, ਸਕੱਤਰ, ਪੰਚਾਇਤੀ ਰਾਜ ਮੰਤਰਾਲਾ, ਸ੍ਰੀ ਅਨਿਲ ਕੁਮਾਰ ਝਾ, ਸਕੱਤਰ, ਜਨਜਾਤੀ ਮਾਮਲਿਆਂ ਦੇ ਮੰਤਰਾਲਾ, ਸ੍ਰੀ (ਡਾ.) ਚੰਦਰਸ਼ੇਖਰ ਕੁਮਾਰ, ਵਧੀਕ ਸਕੱਤਰ, ਐਮ.ਓ.ਪੀ.ਆਰ., ਸ੍ਰੀ ਖੁਸ਼ਵੰਤ ਸਿੰਘ ਸੇਠੀ, ਸੰਯੁਕਤ ਸਕੱਤਰ ਨੇ ਭਾਗ ਲਿਆ, ਐਮ.ਓ.ਪੀ.ਆਰ. ਮੰਤਰਾਲਾ ਅਤੇ ਸੂਬਾ ਸਰਕਾਰਾਂ ਦੋਵਾਂ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਦਿਨ ਭਰ ਚਲਣ ਵਾਲੇ ਨੈਸ਼ਨਲ ਸੰਮੇਲਨ ਦੀ ਲਾਈਵ ਵੈੱਬ-ਸਟ੍ਰੀਮਿੰਗ ਵੈੱਬਕਾਸਟਿੰਗ ਦੇ ਜ਼ਰੀਏ ਕੀਤੀ ਗਈ।

# ਵਿਸ਼ਾ-ਸੂਚੀ


**ਮੁੱਖ ਸੰਪਾਦਕ :**

**ਸੁਨੀਲ ਕੁਮਾਰ (ਆਈ. ਏ. ਐਸ.)**
**ਸਕੱਤਰ**
ਪੰਚਾਇਤੀ ਰਾਜ ਮੰਤਰਾਲਾ

**ਸੰਪਾਦਕ :**

**ਡਾ. ਬਿਜਯ ਕੁਮਾਰ ਬੇਹੇਰਾ,**
**ਆਈ. ਏ. ਐਸ.**
ਵਿੱਤੀ ਸਲਾਹਕਾਰ

**ਸੰਪਾਦਕੀ ਸਹਿਯੋਗ :**

**ਆਲੋਕ ਪੰਡਿਆ**
**ਅੰਜਨੀ ਕੁਮਾਰ ਤਿਵਾਰੀ**



4 
ਮਾਣਯੋਗ ਮੰਤਰੀ ਦਾ ਸੰਦੇਸ਼

5 
ਮਾਣਯੋਗ ਰਾਜ ਮੰਤਰੀ ਦਾ ਸੰਦੇਸ਼

6 
ਮਾਣਯੋਗ ਸਕੱਤਰ ਦਾ ਸੰਦੇਸ਼

7 
ਨਵੇਂ ਭਾਰਤ ਵਿਚ ਪੰਚਾਇਤੀ ਰਾਜ : ਲੋਕਾਂ ਦੀ ਹਿੱਸੇਦਾਰੀ ਤਕਨਾਲੋਜੀ 'ਤੇ ਜ਼ੋਰ

18 
ਪੱਲੇ ਪ੍ਰਗਤੀ ਪ੍ਰੋਗਰਾਮ, ਪਿੰਡਾਂ ਦੇ ਵਿਕਾਸ ਵਾਸਤੇ ਇਕ ਵਚਨਬੱਧਤਾ।

13 
ਸਹਿਭਾਗੀ ਜਨ ਯੋਜਨਾ - ਜੀ.ਪੀ.ਡੀ.ਪੀ. ਵਿਸ਼ਲੇਸ਼ਨ ਲਈ ਇਕ ਹਫ਼ਤੇ ਦੀ ਕਾਰਜਨੀਤੀ

24 

ਉੱਤਰੀ 24 ਪਰਗਨਾ ਜ਼ਿਲ੍ਹਾ, ਪੱਛਮ ਬੰਗਾਲ ਵਿਚ ਰੋਗਵਾਹੀ ਵਰਗੇ ਰੋਗਾਂ ਦੇ ਨਿਯੰਤ੍ਰਣ ਵਿਚ ਭਾਈਚਾਰਕ ਹਿੱਸੇਦਾਰੀ।

29 
ਕੇਰਲ ਵਿਚ ਗ੍ਰਾਮ ਪੰਚਾਇਤਾਂ ਦਾ ਆਈ.ਐਸ.ਓ. 9001 : 2015 ਪ੍ਰਮਾਣੀਕਰਨ

ਵਿਕੇਂਦਰੀਕਰਨ ਦੇ ਯਤਨ : ਇਕ ਅਲੰਕਾਰ — 11

ਕਾਰਪੋਰੇਟ ਸਮਾਜਿਕ ਜਵਾਬਦੇਹੀ ਅਤੇ ਪੰਚਾਇਤੀ ਰਾਜ ਸੰਸਥਾ — 35

ਭਾਰਤ @75 - ਪੇਂਡੂ ਸਥਾਨਕ ਇਕਾਈਆਂ ਰਾਹੀਂ ਸਵੱਛਤਾ ਦੇ ਜਨ ਅੰਦੋਲਨ ਦੀ ਸਦਾ ਅਗਵਾਈ। — 37

ਉੱਤਰ ਪ੍ਰਦੇਸ਼ ਪੰਚਾਇਤ ਰਾਜ ਵਿਵਸਥਾ ਵਿਚ ਗ੍ਰਾਮ ਪੰਚਾਇਤ ਮੈਂਬਰ ਦੀ ਹਿੱਸੇਦਾਰੀ ਅਤੇ ਮੌਜੂਦਾ ਸਥਿਤੀ — 40

ਝਾਰਖੰਡ ਪੰਚਾਇਤਾਂ : ਪਿੰਡ ਪੱਧਰ 'ਤੇ ਉਦਵਿਕਾਸੀ ਵਿਕਸਿਤ ਪਿੰਡਾਂ ਵਿਚ ਸ਼ਾਸਨ ਨੂੰ ਯਕੀਨੀ ਬਣਾਉਣਾ — 46

ਕਾਇਲਪਾਰਾ : ਮਾਲੀਆ ਸਰੋਤ ਵਿਚ ਪੰਚਾਇਤਾਂ ਦੇ ਲਈ ਰੁਝਾਨ ਰੱਖਣ ਵਾਲਾ — 52



The translation of Gramoday Sankalp has been carried out by experienced translators and duly vetted and corrected by State Institute of Rural Development (SIRDs) under Ministry of Panchayati Raj, with an attempt to convey the meaning in easy and commonly spoken words. Any inadvertent error or omissions, if any, found in the translation is unintentional and not meant to hurt any feelings and therefore may be excused.

ਗ੍ਰਾਮਉਦੈ ਸੰਕਲਪ ਵਿਚ ਪ੍ਰਕਾਸ਼ਿਤ ਲੇਖਾਂ ਵਿਚ ਲੇਖਕਾਂ ਵਲੋਂ ਪ੍ਰਗਟ ਵਿਚਾਰ ਉਨ੍ਹਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਸਰਕਾਰ ਜਾਂ ਉਸ ਸੰਗਠਨ ਦੇ ਵਿਚਾਰਾਂ ਨੂੰ ਪ੍ਰਤੀਬਿੰਬਿਤ ਕਰਨ ਜਿਸ ਦ ਲਈ ਉਹ ਕੰਮ ਕਰਦੇ ਹਨ। ਆਲੇਖਾਂ ਵਿਚ ਦਿੱਤੇ ਗਏ ਤੱਥ ਅਤੇ ਵਿਚਾਰਾਂ ਦੇ ਲਈ ਲੇਖਕ ਖੁਦ ਜ਼ਿੰਮੇਦਾਰ ਹਨ।

ਗਿਰੀਰਾਜ ਸਿੰਘ
GIRIRAJ SINGH

ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ
ਭਾਰਤ ਸਰਕਾਰ
ਖੇਤੀ ਭਵਨ, ਨਵੀਂ ਦਿੱਲੀ
MINISTER OF
RURAL DEVELOPMENT AND PANCHAYATI RAJ
GOVERNMENT OF INDIA
KRISHI BHAWAN, NEW DELHI

सत्यमेव जयते

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ



# ਸੰਦੇਸ਼

ਮੈਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋ ਰਹੀ ਹੈ ਕਿ ਪੰਚਾਇਤੀ ਰਾਜ ਮੰਤਰਾਲਾ ਵਲੋਂ ਸੁਤੰਤਰਤਾ ਦੇ 75 ਸਾਲ ਦੇ ਮੌਕੇ 'ਤੇ 'ਗ੍ਰਾਮਉਦੈ ਸੰਕਲਪ' ਪੱਤ੍ਰਿਕਾ ਦੇ 11ਵੇਂ ਅੰਕ ਦਾ ਪ੍ਰਕਾਸ਼ਨ **'ਭਾਰਤ @ 75 : ਪੰਚਾਇਤੀ ਰਾਜ ਵਿਵਸਥਾ ਵਿਚ ਪਰਿਵਰਤਨ ਦੇ ਵੱਖ-ਵੱਖ ਪਹਿਲੂ' ਵਿਸ਼ਾ ਵਸਤੂ 'ਤੇ ਕੀਤਾ ਜਾ ਰਿਹਾ ਹੈ।**

ਆਜ਼ਾਦੀ ਦੇ ਬਾਅਦ ਪਿੰਡਾਂ ਦੇ ਵਿਕਾਸ ਅਤੇ ਪਿੰਡ ਵਾਸੀਆਂ ਦੇ ਕਲਿਆਣ ਦੇ ਲਈ ਪੰਚਾਇਤੀ ਰਾਜ ਵਿਵਸਥਾ ਵਿਚ ਲਗਾਤਾਰ ਸੁਧਾਰ ਅਤੇ ਸਕਾਰਾਤਮਕ ਪਰਿਵਰਤਨ ਕੀਤੇ ਗਏ ਹਨ। ਹੁਣ ਸੁਸ਼ਾਸਨ ਦੇ ਮਾਧਿਅਮ ਨਾਲ ਜ਼ਰੂਰੀ ਅਤੇ ਉਚਿਤ ਸੇਵਾਵਾਂ ਦੀ ਪਹੁੰਚ ਪੇਂਡੂ ਆਬਾਦੀ ਤੱਕ ਵਧੀ ਹੈ। ਵਿਕੇਂਦ੍ਰੀਕ੍ਰਿਤ ਸ਼ਾਸਨ ਪ੍ਰਣਾਲੀ ਦੇ ਮਾਧਿਅਮ ਨਾਲ ਲੋਕਾਂ ਦੀ ਸਮੂਹਿਕ ਹਿੱਸੇਦਾਰੀ ਦੇ ਫਲਸਰੂਪ ਪਿੰਡਾਂ ਦੀ ਸਥਿਤੀ ਵਿਚ ਵਿਲੱਖਣ ਪਰਿਵਰਤਨ ਦਿਸ ਰਿਹਾ ਹੈ। ਇਸ ਨਾਲ ਨਾ ਕੇਵਲ 2,55,359 ਪਿੰਡਾਂ ਦੀਆਂ ਪੰਚਾਇਤਾਂ ਦਾ ਸਸ਼ਕਤੀਕਰਨ ਹੋਇਆ ਹੈ, ਬਲਕਿ ਦੇਸ਼ ਦੀ ਲਗਭਗ 65 ਪ੍ਰਤੀਸ਼ਤ ਆਬਾਦੀ ਨੂੰ ਵੀ ਅਧਿਕਾਰ ਪ੍ਰਾਪਤ ਹੋਇਆ ਹੈ।

ਪਿਛਲੇ ਸਾਢੇ 7 ਸਾਲਾਂ ਵਿਚ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਕੁਸ਼ਲ ਅਗਵਾਈ ਵਿਚ 'ਗ੍ਰਾਮ ਊਦੈ ਨਾਲ ਭਾਰਤ ਊਦੈ' ਦੀ ਧਾਰਨਾ 'ਤੇ ਜ਼ੋਰ ਦਿੰਦੇ ਹੋਏ ਪਿੰਡਾਂ ਦੀ ਚਹੁੰਮੁਖੀ ਵਿਕਾਸ ਦੇ ਲਈ ਬੇਮਿਸਾਲ ਕੰਮ ਕੀਤੇ ਗਏ ਹਨ। 'ਸਭ ਕਾ ਸਾਥ-ਸਭ ਕਾ ਵਿਕਾਸ' ਦੇ ਟੀਚੇ ਦੇ ਪ੍ਰਤੀ ਸਾਡੇ ਮਾਣਯੋਗ ਪ੍ਰਧਾਨਮੰਤਰੀ ਜੀ ਦੀ ਵਚਨਬੱਧਤਾ ਦਾ ਹੀ ਇਹ ਸਬੂਤ ਹੈ ਕਿ ਕੇਂਦਰੀ ਵਿੱਤ ਆਯੋਗ ਦੀ ਗ੍ਰਾਂਟ ਰਾਸ਼ੀ ਦੇ ਮਾਧਿਅਮ ਨਾਲ ਪਿੰਡਾਂ ਨੂੰ ਵਿੱਤੀ ਸਹਾਇਤਾ ਵਿਚ ਲਗਾਤਾਰ ਵਾਧਾ ਕੀਤਾ ਗਿਆ ਹੈ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਭਾਰਤੀ ਸੁਤੰਤਰਤਾ ਦੇ 75 ਸਾਲ ਦੀ ਇਸ ਸੁਨਹਿਰੀ ਯਾਤਰਾ ਵਿਚ ਪੰਚਾਇਤੀ ਰਾਜ ਵਿਵਸਥਾ ਵਿਚ ਆਏ ਪਰਿਵਰਤਨਾਂ 'ਤੇ ਆਧਾਰਿਤ ਗ੍ਰਾਮਊਦੈ ਸੰਕਲਪ ਦਾ ਇਹ ਅੰਕ ਪੰਚਾਇਤਾਂ, ਚੁਣੇ ਹੋਏ ਪੰਚਾਇਤੀ ਨੁਮਾਇੰਦਿਆਂ ਅਤੇ ਪਦਅਧਿਕਾਰੀਆਂ ਦੇ ਨਾਲ ਹੀ ਆਮ ਲੋਕਾਂ ਵਾਸਤੇ ਵੀ ਉਪਯੋਗੀ ਹੋਵੇਗਾ।

ਸੂਚਨਾ ਤਕਨਾਲੋਜੀ ਦੇ ਵਰਤਮਾਨ ਯੁੱਗ ਵਿਚ 'ਗ੍ਰਾਮਊਦੈ ਸੰਕਲਪ' ਪੱਤ੍ਰਿਕਾ ਦਾ ਈ-ਪ੍ਰਕਾਸ਼ਨ ਅਤੇ ਸੰਚਾਰ ਮਾਧਿਅਮਾਂ-ਸ਼ੋਸ਼ਲ ਮੀਡੀਆ ਦੇ ਮਾਧਿਅਮ ਨਾਲ ਪ੍ਰਸਾਰ ਵੀ ਇਕ ਸ਼ਲਾਘਾਯੋਗ ਪਹਿਲ ਹੈ।

(ਗਿਰੀਰਾਜ ਸਿੰਘ)

Office: 'G' Wing, Ground Floor, Krishi Bhawan, New Delhi-110001, Tel.: 011-23383548, 23782373, 23782327, Fax: 011-23070309
Resi.: 27, Lodhi Estate, New Delhi, Ph.: 011-24626783, 24655677

**ਕਪਿਲ ਮੋਰੇਸ਼ਵਰ ਪਾਟਿਲ**
ਰਾਜ ਮੰਤਰੀ
ਪੰਚਾਇਤੀ ਰਾਜ ਮੰਤਰਾਲਾ
ਭਾਰਤ ਸਰਕਾਰ

सत्यमेव जयते

**KAPIL MORESHWAR PATIL**
MINISTER OF STATE
MINISTRY OF PANCHAYATI RAJ
GOVERNMENT OF INDIA

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ



# ਸੰਦੇਸ਼

ਬਹੁਤ ਮਾਣ ਦਾ ਵਿਸ਼ਾ ਹੈ ਕਿ ਆਜ਼ਾਦੀ ਦੇ 75ਵੇਂ ਸਾਲ ਵਿਚ ਜਦੋਂ ਰਾਸ਼ਟਰ ਆਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ ਮਨਾ ਰਿਹਾ ਹੈ, ਪੰਚਾਇਤੀ ਰਾਜ ਮੰਤਰਾਲਾ ਵਲੋਂ 'ਗ੍ਰਾਮਊਦੈ ਸੰਕਲਪ' ਪੱਤ੍ਰਿਕਾ ਦੇ 11ਵੇਂ ਅੰਕ ਦਾ ਪ੍ਰਕਾਸ਼ਨ **'ਭਾਰਤ @75 : ਪੰਚਾਇਤੀ ਰਾਜ ਵਿਵਸਥਾ ਦੇ ਪਰਿਵਰਤਨ ਦੇ ਵੱਖ-ਵੱਖ ਪਹਿਲੂ' ਵਿਸ਼ੇ 'ਤੇ ਕੀਤਾ ਜਾ ਰਿਹਾ ਹੈ।**

ਭਾਰਤ ਦੀ ਵਿਕਾਸ ਯਾਤਰਾ ਵਿਚ ਸਾਡੇ ਪਿੰਡ ਅਤੇ ਪੰਚਾਇਤੀ ਰਾਜ ਵਿਵਸਥਾ ਦੀ ਮਹੱਤਵਪੂਰਨ ਭੂਮਿਕਾ ਹੈ। ਆਜ਼ਾਦੀ ਦੇ ਇਨ੍ਹਾਂ ਸਾਢੇ ਸੱਤ ਦਹਾਕਿਆਂ ਵਿਚ ਪੰਚਾਇਤੀ ਰਾਜ ਵਿਵਸਥਾ ਵਿਚ ਕ੍ਰਾਂਤੀਕਾਰੀ ਪਰਿਵਰਤਨ ਹੋਏ ਹਨ ਅਤੇ ਅੱਜ ਇਹ ਦੇਸ਼ ਦੀ ਵਿਕੇਂਦਰੀਕ੍ਰਿਤ ਲੋਕਤੰਤਰੀ ਸ਼ਾਸਨ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਹੈ। ਪੰਚਾਇਤੀ ਰਾਜ ਸੰਸਥਾਵਾਂ ਲੋਕ ਹਿੱਸੇਦਾਰੀ ਅਤੇ ਤਕਨਾਲੋਜੀ ਦੇ ਦਖਲ ਨਾਲ ਦੇਸ਼ ਵਿਚ ਆਰਥਿਕ ਵਿਕਾਸ ਦਾ ਨਵਾਂ ਅਧਿਆਏ ਲਿਖ ਰਹੀਆਂ ਹਨ ਅਤੇ ਸਮਾਜਿਕ ਵਿਕਾਸ ਟੀਚਿਆਂ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ਅੱਗੇ ਵੱਧ ਰਹੀਆਂ ਹਨ।

ਗ੍ਰਾਮਊਦੈ ਸੰਕਲਪ ਦਾ ਇਹ ਅੰਕ ਪੰਚਾਇਤੀ ਰਾਜ ਸੰਸਥਾਵਾਂ ਦੇ ਸੁਧਾਰ ਦੀ ਦਿਸ਼ਾ ਵਿਚ ਪੰਚਾਇਤੀ ਰਾਜ ਮੰਤਰਾਲਾ ਵਲੋਂ ਚੁੱਕੇ ਗਏ ਕਦਮ ਅਤੇ ਸੂਬਿਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਲੋਂ ਕੀਤੇ ਗਏ ਕਾਰਜਾਂ ਨੂੰ ਸਾਰੇ ਹਿੱਤਧਾਰਕਾਂ ਦੇ ਧਿਆਨ ਵਿਚ ਲਿਆਉਣ ਵਿਚ ਸਹਾਇਕ ਸਾਬਿਤ ਹੋਵੇਗਾ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਗ੍ਰਾਮਊਦੈ ਸੰਕਲਪ ਦਾ ਇਹ ਈ-ਸੰਸਕਰਨ ਪੰਚਾਇਤਾਂ, ਚੁਣੇ ਹੋਏ ਪੰਚਾਇਤ ਨੁਮਾਇੰਦਿਆਂ ਅਤੇ ਹੋਰ ਦਿਹਾੜੀਦਾਰਾਂ ਵਾਸਤੇ ਗਿਆਨਵਰਧਕ ਅਤੇ ਉਪਯੋਗੀ ਸਾਬਿਤ ਹੋਵੇਗਾ।

"ਨਵੇਂ ਸਾਲ ਦੀਆਂ ਹਾਰਦਿਕ ਸ਼ੁੱਭਕਾਮਨਾਵਾਂ ਦੇ ਨਾਲ"

(ਕਪਿਲ ਮੋਰੇਸ਼ਵਰ ਪਾਟਿਲ)

**Office:** Room No. 650, 'A' Wing, 6th Floor, Nirman Bhawan, New Delhi-110011
**Residence:** 05, Duplex North Avenue, New Delhi-110001
Phone: 011-23062548, 23062143, E-mail Id : mospanchayatiraj@gmail.com

ਸੁਨੀਲ ਕੁਮਾਰ, ਆਈ ਏ ਐਸ
**SUNIL KUMAR, IAS**

सत्यमेव जयते

ਸਕੱਤਰ
ਭਾਰਤ ਸਰਕਾਰ
ਪੰਚਾਇਤੀ ਰਾਜ ਮੰਤਰਾਲਾ
**SECRETARY**
**GOVERNMENT OF INDIA**
**MINISTRY OF PANCHAYATI RAJ**




## ਸੰਦੇਸ਼

ਖੁਸ਼ੀ ਦਾ ਵਿਸ਼ਾ ਹੈ ਕਿ 'ਗ੍ਰਾਮਉਦੈ ਸੰਕਲਪ" ਪੱਤ੍ਰਿਕਾ ਦਾ 11 ਅੰਕ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਨੂੰ ਸਮਰਪਿਤ ਹੈ ਅਤੇ ਇਸ ਦਾ ਵਿਸ਼ਾ 'ਭਾਰਤ @75 : ਪੰਚਾਇਤੀ ਰਾਜ ਵਿਵਸਥਾ ਵਿਚ ਪਰਿਵਰਤਨ ਦੇ ਅਨੇਕਾਂ ਪਹਿਲੂ' 'ਤੇ ਆਧਾਰਿਤ ਹੈ। ਸਾਡੀ ਸੁਤੰਤਰਤਾ ਦੇ 75 ਸਾਲ ਪੂਰੇ ਹੋਣ 'ਤੇ ਮਨਾਏ ਜਾ ਰਹੇ 'ਆਜ਼ਾਦੀ ਕੇ ਅੰਮ੍ਰਿਤ ਮਹੋਤਸਵ' ਦੀ ਰੌਸ਼ਨੀ ਵਿਚ ਪੰਚਾਇਤੀ ਰਾਜ ਵਿਵਸਥਾ ਦੀ ਇਤਿਹਾਸਕ ਯਾਤਰਾ ਅਤੇ ਪੇਂਡੂ ਭਾਰਤ ਦੀ ਦਸ਼ਾ ਅਤੇ ਦਿਸ਼ਾ ਵਿਚ ਆਏ ਪਰਿਵਰਤਨ 'ਤੇ ਇਕ ਝਾਤ ਮਾਰਨੀ ਅਤਿਅੰਤ ਪ੍ਰਾਸੰਗਿਕ ਹੈ।

ਸਾਲ 1993 ਵਿਚ ਸੰਵਿਧਾਨ ਦੀ 73ਵੀਂ ਸੋਧ ਦੇ ਮਾਧਿਅਮ ਨਾਲ ਪੰਚਾਇਤਾਂ ਨੂੰ ਬਿਨਾਂ ਸ਼ਰਤ ਸੰਵਿਧਾਨਿਕ ਦਰਜਾ ਪ੍ਰਦਾਨ ਕਰਦੇ ਹੋਏ ਪਿੰਡਾਂ ਦੇ ਵਿਕਾਸ, ਸਮਾਜਿਕ ਨਿਆਂ ਦੀ ਸਥਾਪਨਾ ਅਤੇ ਲੋਕ ਕਲਿਆਣ ਦੇ ਲਈ ਇਕ ਵਿਕੇਂਦਰੀਕ੍ਰਿਤ ਖੁਦਮੁਖਤਿਆਰੀ ਸੰਸਥਾ ਦੇ ਰੂਪ ਵਿਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਸਥਾਪਿਤ ਕੀਤਾ ਗਿਆ ਹੈ। ਪੰਚਾਇਤੀ ਰਾਜ ਸੰਸਥਾਵਾਂ ਨੂੰ ਸਮੇਂ ਦੇ ਮੁਤਾਬਿਕ ਜ਼ਿਆਦਾ ਜੀਵੰਤ, ਪ੍ਰਭਾਵੀ ਅਤੇ ਕੁਸ਼ਲ ਅਤੇ ਪਾਰਦਰਸ਼ੀ ਬਣਾਉਣ ਵਿਚ ਸੂਬਿਆਂ ਦੀਆਂ ਕੋਸ਼ਿਸ਼ਾਂ ਨੂੰ ਜ਼ਿਆਦਾ ਸੁਖਾਲਾ ਬਣਾਉਣ ਵਿਚ ਪੰਚਾਇਤੀ ਰਾਜ ਮੰਤਰਾਲਾ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

ਗ੍ਰਾਮਉਦੈ ਸੰਕਲਪ ਦੇ ਇਸ ਅੰਕ ਵਿਚ ਲੋਕ ਹਿੱਸੇਦਾਰੀ ਅਤੇ ਤਕਨਾਲੋਜੀ ਦੇ ਦਖਲ ਨਾਲ ਪੰਚਾਇਤਾਂ ਦੇ ਸਸ਼ਕਤੀਕਰਨ, ਵਿਕੇਂਦਰੀਕਰਨ 'ਤੇ ਵਿਚਾਰ-ਪੂਰਵਕ ਆਲੇਖਾਂ ਨੂੰ ਸਥਾਨ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਵਿਚ ਵਿਕੇਂਦਰੀਕਰਨ ਅਤੇ ਲੋਕ ਹਿੱਸੇਦਾਰੀ ਦੇ ਨਾਲ-ਨਾਲ ਰਾਜਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਰਾਹੀਂ ਕੀਤੀਆਂ ਗਈਆਂ ਕਾਢਾਂ 'ਤੇ ਵੀ ਜ਼ੋਰ ਦਿੱਤਾ ਗਿਆ ਹੈ।

ਸੂਚਨਾ ਤਕਨਾਲੋਜੀ ਦੇ ਇਸ ਯੁੱਗ ਵਿਚ ਮੈਂ 'ਗ੍ਰਾਮਉਦੈ ਸੰਕਲਪ' ਦਾ ਈ-ਪ੍ਰਕਾਸ਼ਨ ਉਚਿਤ ਮਹੱਤਵ ਰੱਖਦਾ ਹੈ। ਮੈਂ ਉਮੀਦ ਕਰਦਾ ਹਾਂ ਕਿ 'ਗ੍ਰਾਮਉਦੈ ਸੰਕਲਪ' ਦਾ ਇਹ ਅੰਕ ਪੰਚਾਇਤੀ ਰਾਜ ਸੰਸਥਾਵਾਂ, ਉਨ੍ਹਾਂ ਨਾਲ ਜੁੜੇ ਚੁਣੇ ਹੋਏ ਲੋਕ ਨੁਮਾਇੰਦੇ-ਪਦਅਧਿਕਾਰੀਆਂ ਅਤੇ ਆਮ ਲੋਕਾਂ ਦੇ ਲਈ ਉਪਯੋਗੀ ਸਾਬਿਤ ਹੋਵੇਗਾ।

29.12.21

(ਸੁਨੀਲ ਕੁਮਾਰ)


कृषि भवन, डॉ राजेंद्र प्रसाद रोड, नई दिल्ली–110001, KRISHI BHAWAN, DR. RAJENDRA PRASAD ROAD, NEW DELHI-110001
Tel.: 011-23389008, 23074309 Fax: 011-23389028 E-mail: secy-mopr@nic.in

# ਨਵੇਂ ਭਾਰਤ ਵਿਚ ਪੰਚਾਇਤੀ ਰਾਜ : ਜਨਤਕ ਭਾਗੀਦਾਰੀ ਅਤੇ ਤਕਨਾਲੋਜੀ ’ਤੇ ਜ਼ੋਰ

*ਡਾ. ਬਿਜਯ ਕੁਮਾਰ ਬੇਹਰਾ

“ਮੇਰੀ ਕਲਪਨਾ ਦੀ ਗ੍ਰਾਮ ਇਕਾਈ ਮਜ਼ਬੂਤ ਤੋਂ ਮਜ਼ਬੂਤ ਹੋਵੇਗੀ। ਅਜਿਹੇ ਪਿੰਡ ਨੂੰ ਜੇਕਰ ਸਵੈ-ਨਿਰਭਰਤਾ ਦੇ ਆਧਾਰ ’ਤੇ ਚੰਗੀ ਤਰ੍ਹਾਂ ਨਾਲ ਸੰਗਠਿਤ ਕੀਤਾ ਜਾਵੇ ਤਾਂ ਉਹ ਕੁਝ ਵੀ ਕਰ ਸਕਦਾ ਹੈ।” (**ਮਹਾਤਮਾ ਗਾਂਧੀ, ਹਰਿਜਨ**, 04-08-1946)

## ਜਾਣ-ਪਛਾਣ :

ਆਜ਼ਾਦੀ ਦੀ ਪ੍ਰਾਪਤੀ ਦੇ 75 ਸਾਲਾਂ ਦੀ ਯਾਤਰਾ ਵਿਚ ਸਾਡੀ ਸਥਾਨਕ ਸਵੈ-ਸ਼ਾਸਨ ਵਿਵਸਥਾ ਅਤੇ ਵਿਸ਼ੇਸ਼ ਰੂਪ ਨਾਲ “ਗ੍ਰਾਮ ਪੰਚਾਇਤਾਂ” ‘ਲੋਕਤੰਤਰ ਦੀ ਆਧਾਰ ਇਕਾਈ’ ਦੇ ਸਰੂਪ ਅਤੇ ਕਾਰਜਪ੍ਰਣਾਲੀ ਵਿਚ ਬੁਨਿਆਦੀ ਪਰਿਵਰਤਨ ਹੋਇਆ ਹੈ। ਸੰਵਿਧਾਨ ਦੀ 73ਵੀਂ ਸੋਧ ਵਿਚ ਸਮੁੱਚੇ ਸਮਾਜਿਕ ਨਿਆਂ ਅਤੇ ਪਿੰਡਾਂ ਦੇ ਆਰਥਿਕ ਵਿਕਾਸ ਦੇ ਲਈ ਅਧਿਕਾਰਤ ਲੋਕ ਹਿੱਸੇਦਾਰੀ ’ਤੇ ਜ਼ੋਰ ਦਿੰਦੇ ਹੋਏ ਪੰਚਾਇਤਾਂ ਨੂੰ ਸੰਵਿਧਾਨਕ ਦਰਜਾ ਪ੍ਰਦਾਨ ਕੀਤਾ ਗਿਆ ਹੈ। ਸ਼ਕਤੀ ਦੇ ਵਿਕੇਂਦਰੀਕਰਨ ਦੇ ਵਿਜ਼ਨ ਵਾਸਤੇ ਸੰਕਲਪ ਦੀ ਪੂਰਤੀ ਦੀ ਦਿਸ਼ਾ ਵਿਚ ਅੱਗੇ ਵੱਧਦੇ ਹੋਏ ਅੱਜ ਸਾਡੇ ਪੂਰੇ ਦੇਸ਼ ਵਿਚ ਸਾਰੇ ਪੱਧਰਾਂ ’ਤੇ 2.69 ਲੱਖ ਤੋਂ ਜ਼ਿਆਦਾ ਪੰਚਾਇਤਾਂ ਇਸ ਟੀਚੇ ਦੀ ਦਿਸ਼ਾ ਵਿਚ ਰੁੱਝੀਆਂ ਹਨ। ਇਨ੍ਹਾਂ ਵਿਚੋਂ ਕੁਝ ਰੁਕਾਵਟ ਰਹਿਤ ਸ਼ਾਸਨ ਦੇ ਲਈ ਆਧੁਨਿਕ ਤਕਨਾਲੋਜੀ ਰਾਹੀਂ ਸ਼ਕਤੀ ਪ੍ਰਾਪਤ ਕਰਕੇ ਸਰਗਰਮ ਲੋਕ ਭਾਗੀਦਾਰੀ ਦੇ ਨਾਲ ਸਵੈ-ਸ਼ਾਸਨ ਦੇ ਨਵੇਂ ਉਦਾਹਰਨ ਸਥਾਪਿਤ ਕਰ ਰਹੀਆਂ ਹਨ। ਪੰਚਾਇਤੀ ਰਾਜ ਮੰਤਰਾਲਾ ਪੰਚਾਇਤਾਂ ਨੂੰ ਨਵੀਂਆਂ ਉਚਾਈਆਂ ’ਤੇ ਲਿਜਾਉਣ ਵਾਸਤੇ ਪੰਚਾਇਤੀ ਰਾਜ ਵਿਵਸਥਾ ਨੂੰ ਸਾਰੇ ਮੋਰਚਿਆਂ ’ਤੇ ਮਜ਼ਬੂਤੀ ਪ੍ਰਦਾਨ ਕਰਨ ਦਾ ਸਮਰਥਨ ਅਤੇ ਅਣਥੱਕ ਮਿਹਨਤ ਕਰ ਰਿਹਾ ਹੈ।

## ਲੋਕਾਂ ਦੀ ਹਿੱਸੇਦਾਰੀ ਪੰਚਾਇਤੀ ਰਾਜ ਸੰਸਥਾਵਾਂ ਦੀ ਸਫ਼ਲਤਾ ਦੀ ਕੁੰਜੀ

ਪੰਚਾਇਤੀ ਰਾਜ ਵਿਵਸਥਾ ਦੇ ਅਧੀਨ ਲੋਕ ਹਿੱਸੇਦਾਰੀ ਵਧਾਉਣ ਦੀ ਲੜੀ ਵਿਚ ਇਕ ਤਿੰਨ-ਪੱਧਰੀ ਪ੍ਰਣਾਲੀ ਬਣਾਈ ਗਈ ਹੈ (20 ਲੱਖ ਤੋਂ ਘੱਟ ਜਨਸੰਖਿਆ ਵਾਲੇ ਸੂਬਿਆਂ ਜਿਵੇਂ ਕਿ ਗੋਆ, ਸਿੱਕਮ ਵਿਚ ਦੋ ਪੱਧਰੀ)। ਪੰਚਾਇਤ ਦੇ ਸਾਰੇ ਮੈਂਬਰਾਂ ਦੇ ਸਿੱਧੇ ਚੁਣਨ ਦਾ ਉਪਬੰਧ ਸਥਾਪਿਤ ਕਰਦਾ ਹੈ ਕਿ ਪੰਚਾਇਤੀ ਰਾਜ ਵਿਵਸਥਾ ਹੋਰ ਕੁਝ ਨਹੀਂ ਬਲਕਿ ਬੁਨਿਆਦੀ ਪੱਧਰ ’ਤੇ “ਲੋਕਾਂ ਦੀ, ਲੋਕਾਂ ਰਾਹੀਂ, ਲੋਕਾਂ ਵਾਸਤੇ ਸਰਕਾਰ” ਹੈ। ਵਰਤਮਾਨ ਵਿਚ, ਦੇਸ਼ ਵਿਚ ਲਗਭਗ 31.65 ਲੱਖ ਚੁਣੇ ਹੋਏ ਪੰਚਾਇਤ ਨੁਮਾਇੰਦੇ ਹਨ, ਜਿਨ੍ਹਾਂ ਵਿਚ 45 ਪ੍ਰਤੀਸ਼ਤ ਤੋਂ ਜ਼ਿਆਦਾ ਭਾਵ 14.53 ਲੱਖ ਔਰਤਾਂ ਹਨ। ਇਹ ਇਕ ਤੰਦਰੁਸਤ ਲੋਕਤੰਤਰੀ ਪ੍ਰਣਾਲੀ ਦਾ ਪ੍ਰਤੀਕ ਹੈ। ਇਸ ਦੇ ਇਲਾਵਾ, ਪੰਚਾਇਤਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆ ਦੇ ਲਈ ਰਾਜਾਂ ਵਿਚ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਵਿਚ ਰਾਖਵਾਂਕਰਨ ਦਾ ਪ੍ਰਬੰਧ ਇਸ ਪ੍ਰਕ੍ਰਿਆ ਨੂੰ ਹੋਰ ਜ਼ਿਆਦਾ ਸੰਮਿਲਤ ਵੀ ਬਣਾਉਂਦਾ ਹੈ।

ਪੰਚਾਇਤੀ ਰਾਜ ਵਿਵਸਥਾ ਸਾਰੇ ਵੋਟਰਾਂ ਨੂੰ ਉਨ੍ਹਾਂ ਦੇ ਖੇਤਰ ਦੇ ਵਿਕਾਸ ਦੇ ਲਈ ਗ੍ਰਾਮ ਸਭਾ ਦੀ ਬੈਠਕ (ਗ੍ਰਾਮ ਪੰਚਾਇਤ ਖੇਤਰ ਵਿਚ ਰਹਿਣ ਵਾਲੇ ਸਾਰੇ ਰਜਿਸਟਰਡ ਵੋਟਰਾਂ ਦੀ ਆਮ ਬੈਠਕ) ਦੇ ਮਾਧਿਅਮ ਨਾਲ ਆਪਣੇ ਸੁਝਾਅ ਦੇਣ ਅਤੇ ਉਨ੍ਹਾਂ ਨੂੰ ਲਾਗੂ ਕਰਵਾਉਣ ਦਾ ਵੀ ਇਕ ਮਜ਼ਬੂਤ ਸਾਧਨ ਹੈ। ਸਥਾਨਕ ਸ਼ਾਸਨ ਵਿਚ ਪੇਂਡੂਆਂ ਦੀ ਸਿੱਧੀ ਹਿੱਸੇਦਾਰੀ ਦੇ ਲਈ ਸੰਵਿਧਾਨ ਦੀ ਧਾਰਾ 243 ਏ ਅਤੇ ਬੀ ਵਿਚ ਗ੍ਰਾਮ ਸਭਾ ਦੀ ਵਿਵਸਥਾ ਕੀਤੀ ਗਈ ਹੈ। ਗ੍ਰਾਮ ਸਭਾ ਨਾਗਰਿਕਾਂ ਨੂੰ ਉਨ੍ਹਾਂ ਦੇ ਪਿੰਡਾਂ ਦੇ ਸਬੰਧਾਂ ਵਿਚ ਫੈਸਲਾ-ਕਰਨ ਦੀ ਪ੍ਰਕ੍ਰਿਆ ਵਿਚ ਸਿੱਧਾ ਅਧਿਕਾਰ ਪ੍ਰਦਾਨ ਕਰਦੀ ਹੈ। ਪੰਚਾਇਤੀ ਰਾਜ ਮੰਤਰਾਲਾ ਰਾਹੀਂ ਗ੍ਰਾਮ ਸਭਾ ਦੀਆਂ ਬੈਠਕਾਂ ਵਿਚ ਨਿਯਮਿਤਤਾ, ਪਾਰਦਰਸ਼ਤਾ ਅਤੇ ਪੇਂਡੂਆਂ ਅਤੇ ਸਰਕਾਰੀ ਮਸ਼ੀਨਰੀ ਦੀ ਪੂਰੀ ਸਮੂਲੀਅਤ ਦੀ ਦਿਸ਼ਾ ਵਿਚ ਨਿਰੰਤਰ ਰੂਪ ਨਾਲ ਕੰਮ ਕੀਤਾ ਜਾ ਰਿਹਾ ਹੈ। ਛੱਤੀਸਗੜ੍ਹ ਅਤੇ ਤੇਲੰਗਾਨਾ ਵਰਗੇ ਰਾਜਾਂ ਵਿਚ, ਹਰ ਸਾਲ 6 ਗ੍ਰਾਮ ਸਭਾਵਾਂ ਦੇ ਆਯੋਜਨ ਰਾਹੀਂ ਪੇਂਡੂਆਂ ਦੀ ਸਿੱਧੀ ਸਮੂਲੀਅਤ ਸੁਨਿਸਚਿਤ ਕੀਤੀ ਜਾ ਰਹੀ ਹੈ, ਜਦਕਿ ਹੋਰ ਰਾਜਾਂ ਵਿਚ ਲਗਭਗ 3 ਦਾ ਔਸਤ ਹੈ। ਕਿਉਂਕਿ ਗ੍ਰਾਮ ਸਭਾਵਾਂ ਇਕਮਾਤਰ ਅਜਿਹਾ ਮਾਧਿਅਮ ਹਨ, ਜਿਸ ਦੇ ਰਾਹੀਂ ਗ੍ਰਾਮ ਵਿਕਾਸ ਵਿਚ ਜ਼ਿਆਦਾ ਲੋਕਾਂ ਦੀ ਸ਼ਮੂਲੀਅਤ ਸੁਨਿਸਚਿਤ ਕੀਤੀ ਜਾ ਸਕਦੀ ਹੈ, ਇਸ ਲਈ ਮੰਤਰਾਲਾ ਗ੍ਰਾਮ ਸਭਾਵਾਂ ਨੂੰ ਜ਼ਿਆਦਾ ਕ੍ਰਿਆਸ਼ੀਲ ਅਤੇ ਪ੍ਰਭਾਵੀ ਬਣਾਉਣ ’ਤੇ ਖਾਸ ਜ਼ੋਰ ਦਿੰਦਾ ਹੈ। ਔਰਤਾਂ ਦੀ ਸ਼ਮੂਲੀਅਤ ਵਧਾਉਣ ਦੇ ਕ੍ਰਮ ਵਿਚ, “ਮਹਿਲਾ ਸਭਾਵਾਂ” ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਸ ਦੇ ਇਲਾਵਾ, ਗ੍ਰਾਮ ਪੰਚਾਇਤ ਵਿਕਾਸ ਯੋਜਨਾ ਰਾਹੀਂ ਬਾਹਰੀ ਖੇਤਰੀ ਵਿਕਾਸ ਯੋਜਨਾ ਵਿਚ ਬੱਚਿਆਂ ਦੇ ਨਾਲ ਸਬੰਧਿਤ ਮੁੱਦਿਆਂ ਦੇ ਸੰਬੋਧਨ ਵਾਸਤੇ “ਬਾਲ ਸਭਾਵਾਂ” ਆਯੋਜਿਤ ਹੋ ਰਹੀਆਂ ਹਨ। ਗ੍ਰਾਮ ਸਭਾਵਾਂ ਪਿੰਡਾਂ ਵਿਚ ਸੁਧਾਰ ਅਤੇ ਪੇਂਡੂ ਦ੍ਰਿਸ਼ ਬਦਲਣ ਦੀ ਦ੍ਰਿਸ਼ਟੀ ਨਾਲੋਂ ਅਤਿਅੰਤ ਮਹੱਤਵਪੂਰਨ ਹਨ। ਪੰਚਾਇਤੀ ਰਾਜ ਮੰਤਰਾਲਾ ਵਲੋਂ ਗ੍ਰਾਮ ਪੰਚਾਇਤਾਂ ਨੂੰ ਉਤਸਾਹਿਤ ਕਰਨ ਦੀਆਂ ਕੋਸ਼ਿਸ਼ਾਂ ਵਿਚ, ਹਰ ਰਾਜ ਦੀ ਇਕ ਪੰਚਾਇਤ ਨੂੰ ਹਰੇਕ ਸਾਲ “ਨਾਨਾਜੀ ਦੇਸ਼ਮੁਖ ਰਾਸ਼ਟਰੀ ਗੌਰਵ ਗ੍ਰਾਮ ਸਭਾ ਪੁਰਸਕਾਰ ਪ੍ਰਦਾਨ ਕੀਤਾ ਜਾਂਦਾ ਹੈ, ਜਿਥੇ ਗ੍ਰਾਮ ਸਭਾ ਦਾ

*ਆਰਥਿਕ ਸਲਾਹਕਾਰ, ਪੰਚਾਇਤੀ ਰਾਜ ਮੰਤਰਾਲਾ

ਯੋਗ ਗ੍ਰਾਮ ਦੇ ਵਿਕਾਸ ਅਤੇ ਪੇਂਡੂਆਂ ਦੇ ਕਲਿਆਣ ਦੇ ਲਈ ਕੀਤਾ ਗਿਆ ਹੈ। ਬਿਹਾਰ ਰਾਜ ਦੇ ਸਮਸਤੀਪੁਰ ਜ਼ਿਲ੍ਹੇ ਦੀ ਮੋਤੀਪੁਰ ਪੰਚਾਇਤ ਵਿਚ ਸਿੱਖਿਆ ਅਤੇ ਰੋਜ਼ਗਾਰ ਦੀ ਗੱਲ ਹੋਵੇ ਜਾਂ ਉੱਤਰ ਪ੍ਰਦੇਸ਼ ਦੇ ਅਯੁੱਧਿਆ ਜ਼ਿਲ੍ਹੇ ਦੀ ਦਾਦੇਰਾ ਗ੍ਰਾਮ ਪੰਚਾਇਤ ਰਾਹੀਂ ਸੰਚਾਲਿਤ ਮਿਸਾਲੀ ਜਲ ਸ਼ਕਤੀ ਅਭਿਆਨ ਦੇ ਮਾਧਿਅਮ ਨਾਲ ਪਾਣੀ ਸਾਂਭ ਸੰਭਾਲ ਦੀ ਦਿਸ਼ਾ ਵਿਚ ਕੀਤਾ ਗਿਆ ਕੰਮ, ਗ੍ਰਾਮ ਸਭਾਵਾਂ ਦੇ ਮਾਧਿਅਮ ਨਾਲ ਕੀਤੇ ਗਏ ਕੰਮਾਂ ਦੇ ਕੁਝ ਉਦਾਹਰਨ ਹਨ।

ਹਾਲ ਹੀ ਵਿਚ, ਪੰਚਾਇਤੀ ਰਾਜ ਮੰਤਰਾਲਾ ਨੇ ਗ੍ਰਾਮ ਸਭਾਵਾਂ ਦੇ ਸੰਚਾਲਨ ਜਿਵੇਂ ਕਿ ਗ੍ਰਾਮ ਸਭਾਵਾਂ ਦੇ ਪ੍ਰੋਗਰਾਮ ਨਿਰਧਾਰਨ, ਬੈਠਕਾਂ ਦੀਆਂ ਫੋਟੋਆਂ-ਵੀਡੀਓ ਅਪਲੋਡਿੰਗ, ਗ੍ਰਾਮ ਸਭਾਵਾਂ ਵਿਚ ਜ਼ਿਆਦਾਤਰ ਲੋਕਾਂ ਦੀ ਸ਼ਮੂਲੀਅਤ ਦੇ ਨਾਲ ਸਬੰਧਿਤ ਵਿਭਾਗਾਂ ਦੀ ਜਵਾਬਦੇਹੀ ਅਧਿਕਾਰੀਆਂ/ਕਰਮਚਾਰੀਆਂ ਦੀ ਹਾਜ਼ਰੀ ਦੇ ਸੁਨਿਸਚਿਤ ਦੀ ਪ੍ਰਭਾਵੀ ਨਿਗਰਾਨੀ ਦੇ ਲਈ ਵਾਈਬ੍ਰੈਂਟ ਗ੍ਰਾਮ ਸਭਾ ਡੈਸ਼ਬੋਰਡ (https://meetingonline.gov.in) ਸ਼ੁਰੂ ਕੀਤਾ ਹੈ। ਇਹ ਡੈਸ਼ਬੋਰਡ ਨਾ ਕੇਵਲ ਵੱਧ ਤੋਂ ਵੱਧ ਭਾਈਚਾਰਕ ਭਾਗੀਦਾਰੀ ਨੂੰ ਸੁਵਿਧਾਜਨਕ ਬਣਾਉਂਦਾ ਹੈ, ਬਲਕਿ ਪੰਚਾਇਤਾਂ ਅਤੇ ਉਨ੍ਹਾਂ ਦੇ ਕਾਰਕੁੰਨਾਂ ਦੇ ਵਿਚਕਾਰ ਜ਼ਿਆਦਾ ਪਾਰਦਰਸਤਾ ਅਤੇ ਜਵਾਬਦੇਹੀ ਦੀ ਭਾਵਨਾ ਪੈਦਾ ਕਰਦਾ ਹੈ।



**ਪੰਚਾਇਤ ਵਿਕਾਸ ਯੋਜਨਾ ਅਤੇ ਲੋਕਾਂ ਦੀ ਭਾਗੀਦਾਰੀ:**

14ਵੇਂ ਵਿੱਤ ਆਯੋਗ (ਸਮਾਂ 2015-2020) ਨੇ ਫੰਡਾਂ ਦੇ ਉਚ ਵੰਡ ਦੇ ਮਾਧਿਅਮ ਨਾਲ ਪਿੰਡਾਂ ਦੇ ਵਿਕਾਸ ਵਿਚ ਗਤੀਸ਼ੀਲਤਾ ਲਿਆਉਣ ਦੇ ਲਈ ਗ੍ਰਾਮ ਪੰਚਾਇਤਾਂ ਦੇ ਲਈ ਇਕ ਵੱਡਾ ਮੌਕਾ ਸਿਰਜਿਆ ਹੈ। ਮਨਜ਼ੂਰ ਗ੍ਰਾਂਟ ਦੇ ਉਪਯੋਗ ਵਾਸਤੇ ਜਾਰੀ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ, ਇਹ ਜ਼ਰੂਰੀ ਬਣਾਇਆ ਗਿਆ ਹੈ ਕਿ ਗ੍ਰਾਮ ਪੰਚਾਇਤਾਂ ਉਨ੍ਹਾਂ ਨੂੰ ਜਾਰੀ ਕੀਤੀ ਗਈ ਗ੍ਰਾਂਟ ਰਾਸ਼ੀ ਖਰਚ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਸੌਂਪੇ ਗਏ ਕੰਮਾਂ ਦੇ ਅੰਸ਼ ਦੇ ਰੂਪ ਵਿਚ ਉਨ੍ਹਾਂ ਦੇ ਰਾਹੀਂ ਸ਼ੁਰੂ ਕੀਤੀ ਜਾਣ ਵਾਲੀ ਮੁਢਲੀਆਂ ਸੇਵਾਵਾਂ ਦੇ ਲਈ ਇਕ ਸਮੁਚਿਤ ਸਾਲਾਨਾ ਯੋਜਨਾ ਰਾਜ ਦੇ ਕਾਨੂੰਨਾਂ ਦੇ ਅਨੁਸਾਰ ਤਿਆਰ ਕਰੇਗੀ। ਇਸ ਨਾਲ ਸਾਲਾਨਾ ਯੋਜਨਾ ਤਿਆਰ ਕਰਨ ਵਿਚ ਲੋਕਾਂ ਦੀ ਸਰਗਰਮ ਹਿੱਸੇਦਾਰੀ ਦੇ ਲਈ ਨਵੀਂ ਖਿੜਕੀ ਖੁੱਲ੍ਹੀ ਹੈ।

ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀ.ਪੀ.ਡੀ.ਪੀ.) ਵਿਚ, ਗ੍ਰਾਮ ਦੇ ਸਮੁੱਚੇ ਵਿਕਾਸ ਦਾ ਖਾਕਾ ਕੇਵਲ ਉਦੋਂ ਹੀ ਤਿਆਰ ਕੀਤਾ ਜਾ ਸਕਦਾ ਹੈ, ਜਦੋਂ ਭਾਈਚਾਰਕ-ਹਿੱਸੇਦਾਰੀ ਜ਼ਿਆਦਾ ਹੋਵੇ। ਉਸ ਦੇ ਲਈ, ਲੋਕ ਯੋਜਨਾ ਮੁਹਿੰਮ (ਪੀ.ਪੀ.ਸੀ.) "ਸਭਕੀ ਯੋਜਨਾ, ਸਭਕਾ ਵਿਕਾਸ" ਪਹਿਲੇ 2 ਅਕਤੂਬਰ, 2018 ਤੋਂ 31 ਦਸੰਬਰ, 2019 ਤੱਕ ਸ਼ੁਰੂ ਕੀਤਾ ਗਿਆ ਸੀ, ਜਿਸ ਦਾ ਉਦੇਸ਼ ਅਗਲੇ ਸਾਲ ਭਾਵ 2019-20 ਦੇ ਲਈ ਜੀ.ਪੀ.ਡੀ.ਪੀ. ਤਿਆਰ ਕਰਨ ਦੇ ਲਈ ਗ੍ਰਾਮ ਸਭਾਵਾਂ ਦੇ ਆਯੋਜਨ ਰਾਹੀਂ ਭਾਈਚਾਰਕ ਹਿੱਸੇਦਾਰੀ ਦੇ ਨਾਲ ਪਿੰਡਾਂ ਦੇ ਵਿਕਾਸ ਦੇ ਲਈ ਖਾਕਾ ਤਿਆਰ ਕਰਨ ਦੀ ਪ੍ਰਕ੍ਰਿਆ ਸ਼ੁਰੂ ਕਰਨਾ ਸੀ। ਇਹ ਪ੍ਰਕ੍ਰਿਆ ਲੋਕ ਹਿੱਸੇਦਾਰੀ ਦਾ ਅਦਭੁੱਤ ਉਦਾਹਰਨ ਹੈ - 2018 ਵਿਚ ਪੀ.ਪੀ.ਸੀ. ਦੇ ਅਧੀਨ 2.15 ਜੀ.ਪੀ.ਡੀ.ਪੀ.'ਜ਼ ਤਿਆਰ ਕੀਤੀ ਗਈ, ਸਾਲ 2019 ਅਭਿਆਨ ਦੇ ਸਮੇਂ ਵਿਚ 2.44 ਜੀ.ਪੀ.ਡੀ.ਪੀ.'ਜ਼ ਤਿਆਰ ਕੀਤੀ ਗਈ, ਤੀਜੇ ਸਾਲ ਦੇ ਦੌਰਾਨ (2 ਅਕਤੂਬਰ, 2020 ਤੋਂ 31 ਜਨਵਰੀ, 2021 ਤੱਕ) ਲਗਭਗ 2.56 ਲੱਖ ਪੰਚਾਇਤਾਂ ਆਪਣੀਆਂ ਜੀ.ਪੀ.ਡੀ.ਪੀ. ਪੂਰਨ ਕਰ ਚੁੱਕੀਆਂ ਹਨ। ਪੰਦਰਵ੍ਹੇਂ ਵਿੱਤ ਆਯੋਗ ਐਵਾਰਡ ਵਿਚੋਂ ਮੱਧਵਰਤੀ ਅਤੇ ਜ਼ਿਲ੍ਹਾ ਪੰਚਾਇਤਾਂ ਵਾਸਤੇ ਕੇਂਦਰੀ ਵਿੱਤ ਆਯੋਗ ਐਵਾਰਡ ਦੇ ਵਿਸਥਾਰ ਦੇ ਬਾਅਦ ਮੱਧਵਰਤੀ/ਬਲਾਕ ਪੰਚਾਇਤਾਂ ਰਾਹੀਂ ਲਗਭਗ 4,000 ਬਲਾਕ ਪੰਚਾਇਤ ਵਿਕਾਸ ਯੋਜਨਾਵਾਂ (ਬੀ.ਪੀ.ਡੀ.ਪੀ.) ਤਿਆਰ ਕੀਤੀਆਂ ਜਾ ਚੁੱਕੀਆਂ ਹਨ, ਜਦਕਿ 300 ਜ਼ਿਲ੍ਹਾ ਪੰਚਾਇਤਾਂ ਨੇ ਆਪਣੀਆਂ ਜ਼ਿਲ੍ਹਾ ਪੰਚਾਇਤ ਵਿਕਾਸ ਯੋਜਨਾਵਾਂ (ਜੀ.ਪੀ.ਡੀ.ਪੀ.) ਤਿਆਰ ਕੀਤੀਆਂ ਹਨ ਅਤੇ ਉਨ੍ਹਾਂ ਨੂੰ ਈ-ਗ੍ਰਾਮ ਸਵਰਾਜ ਪੋਰਟਲ 'ਤੇ ਅਪਲੋਡ ਕੀਤਾ ਹੈ।

**ਸਮਾਜਿਕ ਆਡਿਟ ਅਤੇ ਲੋਕ ਭਾਗੀਦਾਰੀ:**

ਕੇਂਦਰੀ ਵਿੱਤ ਆਯੋਗ ਤੋਂ ਪ੍ਰਾਪਤ ਗ੍ਰਾਂਟ ਰਾਹੀਂ ਕਰਵਾਏ ਜਾ ਚੁੱਕੇ ਕੰਮਾਂ ਦਾ ਸਮਾਜਿਕ ਆਡਿਟ ਪੰਚਾਇਤੀ ਰਾਜ ਵਿਵਸਥਾ ਵਿਚ ਲੋਕ ਭਾਗੀਦਾਰੀ ਸੰਭਵ ਬਣਾਉਂਦੀ ਹੈ ਅਤੇ ਨਾਲ ਹੀ ਸ਼ਾਸਨ ਪ੍ਰਕ੍ਰਿਆ ਵਿਚ ਸੁਧਾਰ-ਤੰਤਰ ਦਾ ਨਿਰਮਾਣ ਵੀ ਕਰਦੀ ਹੈ। ਇਹ ਪ੍ਰਣਾਲੀ ਪੰਦਰਵੇਂ ਵਿੱਤ ਆਯੋਗ ਦੀ ਗ੍ਰਾਂਟ ਰਾਸ਼ੀ ਦਾ ਪ੍ਰਭਾਵੀ ਉਪਯੋਗ ਸੁਨਿਸਚਿਤ ਕਰਨ ਦੇ ਲਈ ਬਹੁਤ ਸਟੀਕ ਅਤੇ ਪਾਰਦਰਸ਼ੀ ਹੈ।

**ਸੇਵਾਵਾਂ ਦੀ ਸਪੁਰਦਗੀ ਵਿਚ ਜਾਣਕਾਰੀ ਭਰਪੂਰ ਭਾਗੀਦਾਰੀ ਦੇ ਲਈ ਨਾਗਰਿਕ ਚਾਰਟਰ ਨੂੰ ਅਪਣਾਉਣਾ:**

ਸਰਕਾਰ ਦਾ ਉਦੇਸ਼ ਇਹ ਹੈ ਕਿ ਪੰਚਾਇਤਾਂ ਨੂੰ ਹੁਣ ਪੇਂਡੂ ਖੇਤਰਾਂ ਵਿਚ ਸੇਵਾ ਪ੍ਰਦਾਤਾ ਅਤੇ ਸੁਵਿਧਾਕਾਰਕ ਦੀ ਭੂਮਿਕਾ ਨਿਭਾਉਂਣੀ ਚਾਹੀਦੀ ਹੈ। ਸਾਰੇ ਭਾਈਚਾਰਿਆਂ ਨੂੰ, ਉਨ੍ਹਾਂ ਦੇ ਦਰਵਾਜ਼ੇ 'ਤੇ, ਸੇਵਾਵਾਂ ਦੀ ਆਸਾਨ ਉਪਲਬਧਤਾ ਅਤੇ ਉਨ੍ਹਾਂ ਦਾ ਇਕ ਢੁਕਵਾਂ ਮਿਸ਼ਰਨ,

ਸਰਗਰਮ ਲੋਕ ਭਾਗੀਦਾਰੀ ਸੁਨਿਸਚਿਤ ਕਰੇਗਾ। ਇਸ ਕੋਸ਼ਿਸ਼ ਵਿਚ, ਪੰਚਾਇਤੀ ਰਾਜ ਮੰਤਰਾਲਾ ਨੇ ਰਾਸ਼ਟਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਸੰਸਥਾਨ (ਐਨਆਈਆਰਡੀਪੀਆਰ) ਦੇ ਸਹਿਯੋਗ ਨਾਲ ਪੰਚਾਇਤਾਂ ਦੇ ਲਈ ਗੋਦ ਲੈਣ ਅਤੇ ਅਨੁਕੂਲਨ ਵਾਸਤੇ ਕ੍ਰਿਆਵਾਂ ਨੂੰ ਸਥਾਨਕ ਸਥਾਈ ਵਿਕਾਸ ਟੀਚਿਆਂ (ਐਸ.ਡੀ.ਜੀ.) ਦੇ ਨਾਲ ਇਕਸਾਰ ਕਰਦੇ ਹੋਏ, 29 ਸੈਕਟਰਾਂ ਵਿਚ ਸੇਵਾਵਾਂ ਦੀ ਸਪਲਾਈ ਦੇ ਲਈ ਮਾਡਲ ਪੰਚਾਇਤ ਸਿਟੀਜ਼ਨ ਚਾਰਟਰ/ਫਰੇਮਵਰਕ ਤਿਆਰ ਕੀਤਾ ਹੈ। ਇਹ ਸਿਟੀਜ਼ਨ ਚਾਰਟਰ ਸੇਵਾਵਾਂ ਦਾ ਡਿਜਾਇਨ ਤਿਆਰ ਕਰਨ ਅਤੇ ਸਪਲਾਈ ਦੇ ਲਈ ਵੱਖ-ਵੱਖ ਵਿਚਾਰਾਂ ਨੂੰ ਸ਼ਾਮਿਲ ਕਰਕੇ ਸੰਮਲਿਤ ਅਤੇ ਜਵਾਬਦੇਹੀ ਸਥਾਨਕ ਸਵੈ-ਸ਼ਾਸਨ ਨੂੰ ਧਾਰ ਦਿੰਦੇ ਹੋਏ ਪੱਕੇ ਵਿਕਾਸ ਅਤੇ ਵਧੀਆ ਨਾਗਰਿਕ ਸੇਵਾ ਤਜੁਰਬਿਆਂ ਦੇ ਲਈ ਲੋਕ ਸੇਵਾਵਾਂ ਦੀ ਪਾਰਦਰਸ਼ੀ ਅਤੇ ਪ੍ਰਭਾਵੀ ਪ੍ਰਦਾਇਗੀ ਸੁਨਿਸਚਿਤ ਕਰੇਗਾ। ਸਿਟੀਜ਼ਨ ਚਾਰਟਰ ਤਿਆਰ ਕਰਨ ਦੇ ਲਈ ਸਾਰੀਆ ਪੰਚਾਇਤਾਂ ਵਿਚ 1 ਜੁਲਾਈ ਤੋਂ 15 ਅਗਸਤ, 2021 ਤੱਕ ਇਕ ਅਭਿਆਨ "ਮੇਰੀ ਪੰਚਾਇਤ ਮੇਰਾ ਅਧਿਕਾਰ - ਜਨ ਸੇਵਾ ਹਮਾਰੇ ਦੁਆਰ" ਚਲਾਇਆ ਗਿਆ। ਇਹ ਜ਼ਿਕਰਯੋਗ ਹੈ ਕਿ ਇਸ ਮੁਹਿੰਮ ਦੇ ਦੌਰਾਨ 1,79,906 ਪੰਚਾਇਤਾਂ ਨੇ ਆਪਣਾ ਸਿਟੀਜ਼ਨ ਚਾਰਟਰ ਤਿਆਰ ਕੀਤਾ ਹੈ।

**ਸ਼ਾਸਨ ਦੀ ਸੁਗਮਤਾ ਅਤੇ ਜਨਤਕ ਜਵਾਬਦੇਹੀ ਦੇ ਪ੍ਰੇਰਕ ਦੇ ਰੂਪ ਵਿਚ ਸੂਚਨਾ ਤਕਨਾਲੋਜੀ:**

ਸੂਚਨਾ ਤਕਨਾਲੋਜੀ ਨੇ "ਗਲੋਬਲ ਵਿਲੇਜ਼" ਨੂੰ ਨਵਾਂ ਰੂਪ ਦਿੱਤਾ ਹੈ ਅਤੇ ਪੰਚਾਇਤਾਂ ਮੁੱਖ ਧਾਰਾ ਦੇ ਫੈਸਲਿਆਂ ਅਤੇ ਪ੍ਰਕਿਰਿਆਵਾਂ ਦੇ ਨਾਲ ਖੁਦ ਨੂੰ ਇਕੱਠਿਆਂ ਕਰਨ ਵਿਚ ਜ਼ਿਆਦਾ ਪਿੱਛੇ ਨਹੀਂ ਹਨ। ਰਾਸ਼ਟਰੀ ਈ-ਗਵਰਨੈਂਸ ਪਲਾਨ (ਐਨਈਜੀਪੀ) ਦੇ ਅਧੀਨ ਈ-ਪੰਚਾਇਤ ਪੰਚਾਇਤੀ ਰਾਜ ਸੰਸਥਾਵਾਂ ਵਿਚ ਤਕਨਾਲੋਜੀ ਦੇ ਮਾਧਿਅਮ ਨਾਲ ਵਧੇਰੇ ਜਨਤਕ ਭਾਗੀਦਾਰੀ ਦੇ ਨਾਲ ਜ਼ਿਆਦਾ ਪਾਰਦਰਸ਼ੀ, ਜਵਾਬਦੇਹੀ ਅਤੇ ਪ੍ਰਭਾਵੀ ਸਵੈ-ਸ਼ਾਸਨ ਦੇ ਵਿਕਾਸ ਵਾਸਤੇ ਕੀਤਾ ਗਿਆ ਇਕ ਸਾਰਥਿਕ ਅਤੇ ਦੂਰਗਾਮੀ ਮਿਸ਼ਨ ਹੈ। ਇਸ ਪਰਿਯੋਜਨਾ ਦਾ ਉਦੇਸ਼ ਦੇਸ਼ ਭਰ ਵਿਚ ਅੰਦਰੂਨੀ ਕੰਮ ਪ੍ਰਕ੍ਰਿਆ ਪੰਚਾਇਤਾਂ ਨੂੰ ਸਵੈਚਾਲਤ ਬਣਾਉਣਾ ਹੈ। ਪੰਚਾਇਤੀ ਰਾਜ ਮੰਤਰਾਲਾ ਰਾਹੀਂ ਯੋਜਨਾ, ਲਾਗੂ ਕਰਨ, ਨਿਗਰਾਨੀ, ਬਜਟ-ਕੰਮ, ਸਮਾਜਿਕ ਆਡਿਟ ਵਰਗੇ ਮਹੱਤਵਪੂਰਨ ਵਿਸ਼ਿਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਅਤੇ ਪੇਂਡੂ ਭਾਰਤ ਦੇ ਆਮ ਨਾਗਰਿਕਾਂ ਨੂੰ ਸੁਵਿਧਾਵਾਂ ਉਪਲਬਧ ਕਰਵਾਉਣ ਨੂੰ ਧਿਆਨ ਵਿਚ ਰੱਖ ਕੇ ਕੀਤੇ ਗਏ ਅਧਿਐਨ ਦੇ ਆਧਾਰ 'ਤੇ ਸਾਲ 2012 ਵਿਚ ਪੰਚਾਇਤ ਐਂਟਰਪ੍ਰਾਈਜਿਜ ਸੁਇਟ (ਪੀ.ਈ.ਐਸ.) ਵਿਕਸਿਤ ਕੀਤਾ ਗਿਆ। ਪੰਚਾਇਤ ਐਂਟਰਪ੍ਰਾਈਜਿਜ ਸੁਇਟ (ਲਗਭਗ 11 ਸੁਈਟਸ) ਦਾ ਅਨੁਪ੍ਰਯੋਗ, ਕੰਮ ਪੰਚਇਤੀ ਰਾਜ ਸੰਸਥਾਵਾਂ ਦਾ ਕੰਮ ਜ਼ਿਆਦਾ ਆਸਾਨ ਬਣਾਉਣ ਅਤੇ ਜਨਤਕ ਭਾਗੀਦਾਰੀ ਵਧਾਉਣ ਵਾਸਤੇ ਕੀਤਾ ਗਿਆ ਹੈ।

ਇਸ ਦੇ ਇਲਾਵਾ, ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈ.) ਵਿਚ ਈ-ਗਵਰਨੈਂਸ ਨੂੰ ਮਜ਼ਬੂਤ ਬਣਾਉਣ ਦੇ ਲਈ, ਈ-ਗ੍ਰਾਮ ਸਵਰਾਜ (ਈ.ਜੀ.ਐਸ.), ਪੰਚਾਇਤੀ ਰਾਜ ਦੇ ਲਈ ਇਕ ਸਰਲੀਕ੍ਰਿਤ ਕੰਮ ਆਧਾਰਿਤ ਲੇਖਾ ਅਨੁਪ੍ਰਯੋਗ ਦਾ ਵਿਕਾਸ, ਈ-ਪੰਚਾਇਤ ਮਿਸ਼ਨ ਮੋਡ ਪ੍ਰੋਜੈਕਟ (ਐਮ.ਐਮ.ਪੀ.) ਵਿਚ ਵਰਤਮਾਨ ਵਿਚ ਉਪਲਬਧ ਅਨੁਪ੍ਰਯੋਗਾਂ ਦੀ ਕਾਰਜਪ੍ਰਣਾਲੀਆਂ ਦੇ ਏਕੀਕਰਨ ਰਾਹੀਂ ਕੀਤਾ ਗਿਆ ਹੈ। ਇਹ ਅਨੁਪ੍ਰਯੋਗ ਈ-ਐਫਐਮਐਸ ਅਨੁਪ੍ਰਯੋਗਾਂ ਦਾ ਉਪਸਮੂਹ ਹੈ, ਜਿਸ ਵਿਚ ਪਲਾਨ ਪਲੱਸ, ਐਕਸ਼ਨ ਸਾਫ਼ਟ, ਪ੍ਰਿਆਸਾਫਟ ਅਤੇ ਰਾਸ਼ਟਰੀ ਆਸਿਤ ਨਿਰਦੇਸ਼ਿਕਾ (ਐਨਏਡੀ) ਅਤੇ ਸਥਾਨਕ ਸ਼ਾਸਨ ਨਿਰਦੇਸ਼ਿਕਾ (ਐਲਜੀਡੀ) ਦੇ ਨਾਲ ਖੇਤਰ ਪਾਰਸਵਿਕਾ ਅਨੁਪ੍ਰਯੋਗ ਸ਼ਾਮਿਲ ਹੈ, ਲੋਕ ਵਿੱਤ ਪ੍ਰਬੰਧਨ ਪ੍ਰਣਾਲੀ (ਪੀ.ਐਫ.ਐਮ.ਐਸ.) ਦੇ ਨਾਲ ਪ੍ਰਣਾਲੀ ਦੇ ਲਈ ਆਧਾਰ ਤਿਆਰ ਕਰਦਾ ਹੈ। ਮੋਬਾਈਲ ਫੋਨ ਦੇ ਜ਼ਿਆਦਾ ਉਪਯੋਗ ਨੂੰ ਧਿਆਨ ਵਿਚ ਰੱਖਦੇ ਹੋਏ, ਈ-ਗ੍ਰਾਮ ਸਵਰਾਜ ਦਾ ਅਨੁਪ੍ਰਯੋਗ ਐਂਡ੍ਰਾਇਡ ਪਲੇਟਫਾਰਮ 'ਤੇ ਵੀ ਵਿਕਸਤ ਕੀਤਾ ਗਿਆ ਹੈ।

ਈ-ਗ੍ਰਾਮ ਸਵਰਾਜ ਪੀ.ਆਰ.ਆਈ. ਦੇ ਲਈ ਇਕ ਕੰਮ ਆਧਾਰਿਤ ਲੇਖਾ-ਕੰਮ ਸਾਫਟਵੇਅਰ ਹੈ, ਜੋ ਸਾਰੀਆਂ ਯੋਜਨਾਵਾਂ ਅਤੇ ਲੇਖਾ-ਕੰਮ ਜ਼ਰੂਰਤਾਂ ਦੇ ਲਈ ਇਕ ਏਕਲ ਪਲੇਟਫਾਰਮ ਉਪਲਬਧ ਕਰਵਾਉਂਦਾ ਹੈ, ਜਿਨ੍ਹਾਂ ਵਿਚ ਪੰਚਾਇਤ ਕਾਰਜਪ੍ਰਣਾਲੀ ਦੇ ਹੋਰ ਅਨੇਕਾਂ ਪਹਿਲੂ (ਮਾਨੀਟਰਿੰਗ, ਆਸਿਤ ਪ੍ਰਬੰਧਨ) ਸ਼ਾਮਿਲ ਹਨ। ਪੰਚਾਇਤੀ ਰਾਜ ਮੰਤਰਾਲਾ ਨੇ ਕੇਂਦਰੀ ਵਿੱਤ ਆਯੋਗ ਦੇ ਗ੍ਰਾਂਟ ਦੇ ਅਧੀਨ ਨਿਸਪਾਦਿਤ ਕੰਮਾਂ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਸੁਨਿਸਚਿਤ ਕਰਨ ਦੇ ਲਈ ਈ-ਗ੍ਰਾਮ ਸਵਰਾਜ ਲੋਕ ਵਿੱਤੀ ਪ੍ਰਬੰਧਨ ਪ੍ਰਣਾਲੀ ਦੇ ਕੰਮਾਂ ਨੂੰ ਲਾਗੂ ਕਰਨਾ ਲਾਜ਼ਮੀ ਕੀਤਾ ਹੈ।

ਇਸ ਦੇ ਇਲਾਵਾ, ਪੰਚਾਇਤਾਂ ਦੇ ਵਿੱਤੀ ਪ੍ਰਬੰਧਨ ਅਤੇ ਪਾਰਦਰਸ਼ਤਾ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹੋਏ, ਆਡਿਟ ਆਨਲਾਈਨ ਬਿਨੈ ਪੱਤਰ 15 ਅਪ੍ਰੈਲ, 2020 ਨੂੰ ਸ਼ੁਰੂ ਕੀਤਾ ਗਿਆ ਹੈ। ਕੇਂਦਰੀ ਵਿੱਤੀ ਆਯੋਗ ਨੇ, ਸਮੇਂ-ਸਮੇਂ 'ਤੇ, ਜਨਤਕ ਖੇਤਰ ਵਿਚ ਆਡਿਟ ਕੀਤੇ ਖਾਤਿਆਂ ਦੀ ਉਪਲਬਧਤਾ ਸੁਨਿਸਚਿਤ ਕਰਨ 'ਤੇ ਜ਼ੋਰ ਦਿੱਤਾ ਹੈ। ਸ਼ੁਰੂ ਵਿਚ ਸਾਲ 2019-2020 ਦੇ ਲਈ 14ਵੇਂ ਵਿੱਤ ਆਯੋਗ ਲੇਖਾਵਾਂ ਦੇ ਲਈ ਹਰੇਕ ਰਾਜ ਵਿਚ 20 ਪ੍ਰਤੀਸ਼ਤ ਗ੍ਰਾਮ ਪੰਚਾਇਤਾਂ ਦੀ ਆਡਿਟ ਪ੍ਰੀਖਿਆ ਕਰਨ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ, ਅਜਿਹੇ ਅਨੇਕ ਸੂਬੇ ਹਨ, ਜੋ ਆਪਣੀਆਂ ਪੰਚਾਇਤਾਂ ਦੇ 20 ਪ੍ਰਤੀਸ਼ਤ ਤੋਂ ਜ਼ਿਆਦਾ ਦੀ ਆਡਿਟ ਪੂਰਾ ਕਰ ਚੁੱਕੇ ਹਨ। ਕੇਂਦਰੀ ਵਿੱਤ ਆਯੋਗ ਗ੍ਰਾਂਟਾਂ ਦੇ ਆਡਿਟ ਵਾਸਤੇ ਆਨਲਾਈਨ ਆਡਿਟ ਬਿਨੈ ਦੇ ਉਪਯੋਗ ਦੇ ਸਬੰਧ ਵਿਚ ਤਾਜ਼ੀ ਸਥਿਤੀ ਹੇਠ ਅਨੁਸਾਰ ਹੈ:

- 2,42,898 ਆਡਿਟ ਰਜਿਸਟਰ ਕੀਤੇ ਜਾ ਚੁੱਕੇ ਹਨ।
- 7,457 ਆਡੀਟਰ ਰਜਿਸਟਰ ਕੀਤੇ ਜਾ ਚੁੱਕੇ ਹਨ।
- 1,25,213 ਪੰਚਾਇਤਾਂ ਦੇ ਆਡਿਟ ਯੋਜਨਾਵਾਂ ਤਿਆਰ ਕਰ ਚੁੱਕੀਆਂ ਹਨ।
- 10,40,791 ਲੇਖਾ ਟਿੱਪਣੀਆਂ ਦਰਜ ਕੀਤੀਆਂ ਜਾ ਚੁੱਕੀਆਂ ਹਨ।
- 94,312 ਆਡਿਟ ਰਿਪੋਰਟਾਂ ਤਿਆਰ ਕੀਤੀਆਂ ਜਾ ਚੁੱਕੀਆਂ ਹਨ।
- 21 ਰਾਜ 25 ਪ੍ਰਤੀਸ਼ਤ ਪੰਚਾਇਤਾਂ ਦੇ ਲਈ ਆਡਿਟ ਖਾਤਿਆਂ ਦਾ ਲੋੜੀਦਾ ਟੀਚਾ ਹਾਸਲ ਕਰ ਚੁੱਕੇ ਹਨ।
- ਆਂਧਰਾ ਪ੍ਰਦੇਸ਼, ਆਸਾਮ, ਬਿਹਾਰ, ਛੱਤੀਸਗੜ੍ਹ, ਗੋਆ, ਗੁਜਰਾਤ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਝਾਰਖੰਡ, ਕਰਨਾਟਕ, ਕੇਰਲ, ਮਹਾਰਾਸ਼ਟਰ, ਮਣੀਪੁਰ, ਓੜੀਸ਼ਾ, ਰਾਜਸਥਾਨ, ਸਿੱਕਮ, ਤਮਿਲਨਾਡੂ, ਤੇਲੰਗਾਨਾ, ਤ੍ਰਿਪੁਰਾ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼।
- ਤੇਲੰਗਾਨਾ ਰਾਸ਼ਟਰ ਅਗਾਂਹਵਧੂ ਰਾਜ ਭਾਵ ਟੀਚਾ ਪ੍ਰਾਪਤੀ ਕਰਨ ਵਾਲਾ ਪਹਿਲਾ ਸੂਬਾ ਹੈ।

ਜੋ 40 ਪ੍ਰਤੀਸ਼ਤ ਜੀਪੀ'ਜ਼ ਦਾ ਆਡਿਟ ਨਿਰਧਾਰਤ ਸਮੇਂ ਅੰਦਰ ਹਾਸਲ ਕਰ ਚੁੱਕਾ ਹੈ।

### ਜਨਤਕ ਸੰਪਤੀਆਂ ਦੀ ਜੀਓ-ਟੈਗਿੰਗ : ਦਫ਼ਤਰ ਵਿਚ ਬੈਠ ਕੇ ਭੌਤਿਕ ਪ੍ਰਗਤੀ ਦੀ ਨਿਗਰਾਨੀ

ਪੰਚਾਇਤੀ ਰਾਜ ਸੰਸਥਾਵਾਂ ਦੁਆਰਾ ਭੌਤਿਕ ਪ੍ਰਗਤੀ ਨਿਗਰਾਨੀ ਕਰਨ ਅਤੇ ਉਸ ਦੀ ਜਾਣਕਾਰੀ ਜਨਤਕ ਰੂਪ ਨਾਲ ਸਾਂਝਾ ਕਰਨ ਦੇ ਲਈ ਬਣਾਈ ਜੀਓ-ਟੈਗਿੰਗ ਦਾ ਕੰਮ ਜਵਾਬਦੇਹ ਅਤੇ ਪਾਰਦਰਸ਼ੀ ਸਥਾਨਕ ਸ਼ਾਸਨ ਦੇ ਉਦੇਸ਼ਾਂ ਦੀ ਦਿਸ਼ਾ ਵਿਚ ਕੀਤੀ ਗਈ ਇਕ ਨਵੀਂ ਪਹਿਲ ਵੀ ਹੈ। ਮੰਤਰਾਲਾ ਵਲੋਂ ਵਿਕਸਿਤ ਮੋਬਾਈਲ ਆਧਾਰਿਤ ਐਪ ਐਮਐਕਸ਼ਨ ਸਾਫਟ ਦੇ ਮਾਧਿਅਮ ਨਾਲ, ਨਿਰੀਖਣ ਤੋਂ ਲੈ ਕੇ ਇਸ ਦੇ ਮੁਕੰਮਲ ਹੋਣ ਤੱਕ ਕੰਮ ਦੀ ਪ੍ਰਗਤੀ ਜੀਓ-ਟੈਗਿੰਗ ਰਾਹੀਂ ਫੋਟੋਗ੍ਰਾਫ ਦੇ ਨਾਲ ਸਾਝਾਂ ਕੀਤੀ ਜਾਂਦੀ ਹੈ।

ਪੰਚਾਇਤਾਂ ਵਲੋਂ e-GramSWARAJ, eGSPI, AuditOnline ਆਦਿ ਵਰਗੇ ਪਲੇਟਫਾਰਮ ਦਾ ਤੇਜ਼ੀ ਨਾਲ ਅਪਣਾਇਆ ਜਾਣਾ ਪੰਚਾਇਤੀ ਰਾਜ ਸੰਸਥਾਵਾਂ ਦੀ ਕਾਰਜਪ੍ਰਣਾਲੀ ਵਿਚ ਤਕਨੀਕੀ ਦਖਲ ਵਾਸਤੇ ਵੱਡੀ ਸੰਭਾਵਨਾ ਅਤੇ ਮੰਗ ਦਾ ਇਕ ਸਬੂਤ ਹੈ। ਇਸ ਪਾਰਦਰਸ਼ੀ ਅਤੇ ਜਵਾਬਦੇਹੀ ਪ੍ਰਣਾਲੀ ਨੇ ਪੇਂਡੂ ਸਥਾਨਕ ਪ੍ਰਸਾਸਨ ਵਿਚ ਲੋਕ ਭਾਗੀਦਾਰੀ ਦੇ ਵਾਧੇ ਨੂੰ ਯਕੀਨੀ ਬਣਾਇਆ ਹੈ।

# ਵਿਕੇਂਦਰੀਕਰਨ ਦੇ ਯਤਨ : ਇਕ ਅਲੰਕਾਰ

*ਡਾ. ਜੀ. ਪਲਾਨੀਦੁਰਾਈ

ਭਾਰਤ ਦੇ ਸੰਵਿਧਾਨ ਦੀ 73ਵੀਂ ਸੋਧ ਦੇ ਪਾਸ ਕੀਤੇ ਜਾਣ ਦੇ ਸਮੇਂ ਤੋਂ ਅੱਜ ਦੀ ਤਰੀਕ ਤੱਕ ਮੈਂ ਪੇਂਡੂ ਭਾਈਚਾਰੇ, ਪੰਚਾਇਤੀ ਰਾਜ ਸੰਸਥਾਵਾਂ, ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੇ ਨਾਲ ਮਿਲ ਕੇ ਪੇਂਡੂ ਸਥਾਨਕ ਇਕਾਈਆਂ ਦੇ ਮਜ਼ਬੂਤੀਕਰਨ ਅਤੇ ਪੇਂਡੂ ਖੇਤਰਾਂ ਵਿਚ ਦਿਹਾਤੀ ਜਨਸਮੂਹ ਦੇ ਸਸ਼ਕਤੀਕਰਨ ਦੇ ਲਈ ਕੰਮ ਕਰਦਾ ਰਿਹਾ ਹਾਂ। ਮੈਂ ਭਾਰਤੀ ਸੰਵਿਧਾਨ ਦੇ ਦ੍ਰਿਸ਼ਟੀਕੋਣ ਤੋਂ, ਗ੍ਰਾਮੀਣ ਸਥਾਨਕ ਇਕਾਈਆਂ ਦੇ ਮਜ਼ਬੂਤੀਕਰਨ ਵਿਚ ਕੇਂਦਰ ਸਰਕਾਰ, ਦਾਨੀ ਸੰਸਥਾਵਾਂ, ਨਾਗਰਿਕ ਸਮਾਜਿਕ ਸੰਗਠਨਾਂ, ਮੀਡੀਆ ਅਤੇ ਸਿੱਖਿਆ ਸੰਸਥਾਵਾਂ ਵਲੋਂ ਕੀਤੇ ਗਏ ਯਤਨਾਂ 'ਤੇ ਇਕ ਝਾਤ ਮਾਰ ਰਿਹਾ ਹਾਂ। ਭਾਰਤ ਦੇ ਸੰਵਿਧਾਨ ਦੇ ਭਾਗ IX ਦਾ ਕੀ ਅਰਥ ਹੈ ਅਤੇ ਇਸ ਤੋਂ ਕੀ ਉਮੀਦ ਕੀਤੀ ਜਾਂਦੀ ਹੈ, ਮੈਂ ਇਨ੍ਹਾਂ ਸਰੋਕਾਰਾਂ 'ਤੇ ਵਿਚਾਰ ਕਰਦੇ ਹੋਏ ਅੱਗੇ ਕਾਰਵਾਈ ਦੇ ਲਈ ਕੁਝ ਨੁਕਤੇ ਦੱਸ ਰਿਹਾ ਹਾਂ। ਸ਼ਕਤੀਆਂ ਦਾ ਵਿਕੇਂਦਰੀਕਰਨ ਇਕ ਭਾਰੀ ਕੰਮ ਹੈ, ਜੋ ਕੇਵਲ ਉਦੋਂ ਸਾਕਾਰ ਹੋਵੇਗਾ ਜਦੋਂ ਸੂਬੇ ਵਿਚ ਮਜ਼ਬੂਤ ਇੱਛਾ ਸ਼ਕਤੀ ਹੋਵੇਗੀ ਜਾਂ ਇਹ ਲੋਕਾਂ ਦੀ ਇੱਛਾ ਨਾਲ ਹੋਵੇਗਾ।

ਜੈ ਪ੍ਰਕਾਸ਼ ਨਾਰਾਇਣ ਨੇ 1964 ਵਿਚ ਬੰਗਲੌਰ ਵਿਚ ਪੰਚਾਇਤ ਪ੍ਰੀਸ਼ਦ ਸੰਮੇਲਨ ਵਿਚ ਇਹ ਬਿੰਦੂ ਸਪੱਸ਼ਟ ਕਰ ਦਿੱਤਾ ਸੀ ਕਿ ਜਦੋਂ ਤੱਕ ਰਾਜ ਸਰਕਾਰ ਤੋਂ ਲੋਕਲ ਬਾਡੀਜ਼ ਨੂੰ ਸੱਤਾ ਦੇ ਤਬਾਦਲੇ ਲਈ ਲੋਕ ਲਹਿਰ ਨਹੀਂ ਚਲਦੀ, ਉਦੋਂ ਤੱਕ ਸੱਤਾ ਵਿਚ ਕਾਬਜ਼ ਹਾਕਮ, ਲੋਕਲ ਬਾਡੀਜ਼ ਨੂੰ ਮਜ਼ਬੂਤ ਬਣਾਉਣ ਪ੍ਰਤੀ ਸਕਾਰਾਤਮਕ ਨਹੀਂ ਹੋਣਗੇ, ਕਿਉਂਕਿ ਸੱਤਾ ਸ਼ਾਸਕ ਵਰਗ ਤੋਂ ਪੀੜਤਾਂ ਵੱਲ ਜਾਂਦੀ ਹੈ। ਇਸ ਲਈ ਪੰਚਾਇਤ ਨੇਤਾਵਾਂ ਨੂੰ ਸੱਤਾ ਪ੍ਰਾਪਤ ਕਰਨ ਦੇ ਲਈ ਨੌਕਰਸ਼ਾਹਾਂ ਦੇ ਨਾਲ ਨਹੀਂ, ਬਲਕਿ ਲੋਕਾਂ ਦੇ ਨਾਲ ਕੰਮ ਕਰਨਾ ਹੋਵੇਗਾ। ਉਨ੍ਹਾਂ ਨੇ ਇਹ ਟਿੱਪਣੀ ਪੁਰਾਣੇ ਪੰਚਾਇਤੀ ਰਾਜ ਦੇ ਪ੍ਰਸੰਗ ਵਿਚ ਕੀਤੀ ਸੀ। ਭਾਰਤੀ ਸੰਵਿਧਾਨ ਦੀ 73ਵੀਂ ਸੋਧ 'ਤੇ ਆਧਾਰਿਤ ਨਵੀਂ ਸਥਾਨਕ ਸਰਕਾਰ ਦੇ ਕੋਲ ਪੇਂਡੂ ਖੇਤਰਾਂ ਦੇ ਤਬਾਦਲੇ ਵਾਸਤੇ ਅਤੇ ਗਰੀਬਾਂ ਅਤੇ ਖਾਸ ਕਰਕੇ ਬੇਸਹਾਰਿਆਂ ਨੂੰ ਮਜ਼ਬੂਤ ਬਣਾਉਣ ਵਾਸਤੇ ਮਜ਼ਬੂਤ ਸੰਭਾਵਨਾਵਾਂ ਮੌਜੂਦ ਹਨ। ਇਹ ਬਦਕਿਸਮਤੀ ਹੈ ਕਿ ਪੇਂਡੂ ਲੋਕ ਅਤੇ ਦਿਹਾਤੀ ਲੋਕ ਅਤੇ ਖਾਸ ਕਰਕੇ ਬੇਸਹਾਰੇ ਲੋਕ ਉਨ੍ਹਾਂ ਨੂੰ ਬੁਨਿਆਦੀ ਪੱਧਰ 'ਤੇ ਨਵੀਂ ਸ਼ਾਸਨ ਵਿਵਸਥਾ ਤੋਂ ਹੋਣ ਵਾਲੇ ਲਾਭਾਂ ਤੋਂ ਜਾਣੂ ਨਹੀਂ ਹਨ। ਨਵੀਂ ਪੰਚਾਇਤੀ ਰਾਜ ਵਿਵਸਥਾ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਦੇ ਲਈ ਵੱਖ ਵੱਖ ਪੱਧਰਾਂ 'ਤੇ ਗੰਭੀਰ ਗਤੀਵਿਧੀਆਂ ਸ਼ੁਰੂ ਕਰਨੀਆਂ ਹੋਣਗੀਆਂ। ਰਾਜ ਸਰਕਾਰਾਂ ਨੂੰ ਨਵੀਂ ਲੋਕਲ ਬਾਡੀਜ਼ ਦੀ ਧਾਰਨਾ, ਆਰਥਿਕ ਵਿਸ਼ਵੀਕਰਨ ਅਤੇ ਲੋਕਤੰਤਰੀਕਰਨ ਪ੍ਰਕ੍ਰਿਆ ਦੇ ਮਾਧਿਅਮ ਨਾਲ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕਰਨ ਦੇ ਸਬੰਧ ਵਿਚ ਭਾਰਤ ਦੇ ਸੰਵਿਧਾਨ ਦੀ ਭਾਵਨਾ ਦੀ ਪੁੱਠਭੂਮੀ ਵਿਚ ਤਿਆਰ ਕਰਨੀ ਹੋਵੇਗੀ। ਨਵੇਂ ਸਥਾਨਕ ਇਕਾਈਆਂ ਨੂੰ ਸੂਖਮ ਪੱਧਰ 'ਤੇ ਆਰਥਿਕ ਵਿਕਾਸ ਹਾਸਲ ਕਰਨ ਅਤੇ ਸਮਾਜਿਕ ਨਿਆਂ ਪ੍ਰਦਾਨ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਹੈ। ਇਹ ਵੀ ਸਪੱਸ਼ਟ ਹੈ ਕਿ ਉਪਰੋਕਤ ਨੂੰ ਹਿੱਤਧਾਰਕਾਂ ਦੀ ਭਾਗੀਦਾਰੀ ਦੀ ਪ੍ਰਕ੍ਰਿਆ ਦੇ ਮਾਧਿਅਮ ਨਾਲ ਹਾਸਲ ਕੀਤਾ ਜਾ ਸਕਦਾ ਹੈ।

ਇਸ ਦੇ ਇਲਾਵਾ ਲੋਕਤੰਤਰ ਦੀ ਮਜ਼ਬੂਤੀ ਦੇ ਲਈ, ਗ੍ਰਾਮ ਸਭਾ ਦੀ ਸਿਰਜਣਾ ਸਾਡੇ ਲੋਕਤੰਤਰ ਨੂੰ ਨਾ ਕੇਵਲ ਪ੍ਰਤੀਨਿਧੀ ਬਲਕਿ ਪ੍ਰਤੀਨਿਧੀ-ਸਹਿ-ਸਹਿਭਾਗੀ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਗ੍ਰਾਮ ਸਭਾ ਦਾ ਸੰਚਾਲਨ ਪੇਸ਼ਾਵਰ ਤਰੀਕੇ ਨਾਲ ਕਰਕੇ ਲੋਕਤੰਤਰੀ ਸੰਸਕ੍ਰਿਤੀ ਹਾਸਲ ਕੀਤੀ ਜਾ ਸਕਦੀ ਹੈ। ਸਮਾਜਿਕ ਲੋਕਤੰਤਰ ਗ੍ਰਾਮ ਸਭਾ ਦੇ ਉਚਿਤ ਸੰਚਾਲਨ ਅਤੇ ਗ੍ਰਾਮ ਸਭਾ ਬੈਠਕ ਵਿਚ ਮੈਂਬਰਾਂ ਦੀ ਭਾਗੀਦਾਰੀ ਦੇ ਹਿੱਤਾਂ ਪ੍ਰਤੀ ਲੋਕਾਂ ਦੀ ਉਚਿਤ ਜਾਗਰੂਕਤਾ ਦੁਆਰਾ ਹਾਸਲ ਕੀਤਾ ਜਾ ਸਕਦਾ ਹੈ। ਗ੍ਰਾਮ ਪੰਚਾਇਤ ਪੱਧਰ 'ਤੇ ਇਕ ਸਹਿਭਾਗੀ ਵਿਕਾਸ ਯੋਗਨਾ ਦੇ ਮਾਧਿਅਮ ਨਾਲ ਆਰਥਿਕ ਨਿਆਂ ਹਾਸਲ ਕੀਤਾ ਜਾ ਸਕਦਾ ਹੈ। ਅਜਿਹਾ ਕਰਕੇ ਸਾਰੀਆਂ ਸ਼ਾਖਾਵਾਂ ਤੋਂ ਲੋਕ ਯੋਜਨਾ ਵਿਚ ਕੰਮ ਕਰਵਾਇਆ ਜਾ ਸਕਦਾ ਹੈ। ਗ੍ਰਾਮ ਪੰਚਾਇਤਾਂ ਦੀ ਸਿਰਜਣਾ ਭਾਈਚਾਰੇ ਨੂੰ ਸੰਸਥਾਵਾਂ ਦੇ ਮਾਧਿਅਮ ਨਾਲ ਸਾਸ਼ਿਤ ਕਰਨ ਵਾਸਤੇ ਕੀਤੀ ਗਈ ਹੈ। ਉਪਰੋਕਤ ਕੰਮ ਕਰਨ ਦੇ ਲਈ ਲੋਕਲ ਬਾਡੀਜ਼ ਵਿਚ ਲੋਕ ਪ੍ਰਤੀਨਿਧੀਆਂ ਅਤੇ ਗ੍ਰਾਮ ਸਭਾ ਦੇ ਮੈਂਬਰਾਂ ਦੋਵਾਂ ਨੂੰ ਸਿਖਲਾਈ ਸੰਸਥਾਵਾਂ ਰਾਹੀਂ ਲੋੜੀਂਦੀ ਸਿੱਖਿਅਤ ਅਤੇ ਸਿਖਲਾਈ ਪ੍ਰਾਪਤ ਬਣਾਉਣਾ ਹੋਵੇਗਾ। ਲੋਕਲ ਬਾਡੀਜ਼ ਦੇ ਨੇਤਾਵਾਂ ਨੂੰ ਰਵਾਇਤੀ ਸਿਖਲਾਈ ਨਹੀਂ, ਬਲਕਿ ਅਗਵਾਈ ਕਰਨ ਦੀ ਸਿਖਲਾਈ ਦੀ ਜ਼ਰੂਰਤ ਹੋਵੇਗੀ, ਕਿਉਂਕਿ ਉਨ੍ਹਾਂ ਨੂੰ ਸੌਂਪਿਆ ਗਿਆ ਕੰਮ ਚੁਣੌਤੀਪੂਰਨ ਅਤੇ ਬਹੁਤ ਵੱਡਾ ਹੋਵੇਗਾ। ਸੱਚ ਕਹੀਏ ਤਾਂ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਦਾ ਹਰ ਸੂਬਾ ਸੰਸਥਾਨ ਇਕ ਲੀਡਰਸਿਪ ਸਕੂਲ ਹੋਣਾ ਚਾਹੀਦਾ ਜੋ ਚੁਣੇ ਹੋਏ ਨੁਮਾਇੰਦਿਆਂ ਦਾ ਉਤਸ਼ਾਹ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਪਾਲਣ ਇਕ ਜਨੂੰਨ ਅਤੇ ਸਮਰਪਣ ਦੀ ਭਾਵਨਾ ਦੇ ਨਾਲ ਕਰਨ ਵਾਲਾ ਜੋਸ਼ੀਲੇ ਨੇਤਾ ਦੇ ਰੂਪ ਵਿਚ ਕਰ ਸਕੇ। ਸੁ-ਵਿਚਾਰਿਤ ਸਿਖਲਾਈ ਅਤੇ ਸਮਰੱਥਾ ਨਿਰਮਾਣ ਪ੍ਰੋਗਰਾਮ ਦੇ ਨਾਲ ਨਿਰਮਾਣ ਪ੍ਰੋਗਰਾਮਾਂ ਦੀ ਜੁਗਲਬੰਦੀ ਚੁਣੇ ਹੋਏ ਨੁਮਾਇੰਦਿਆਂ ਨੂੰ ਪਰਿਵਰਤਨਸ਼ੀਲ ਨੇਤਾਵਾਂ ਦੇ ਰੂਪ ਵਿਚ ਬਦਲ ਦੇਵੇਗੀ, ਜੋ ਬੁਨਿਆਦੀ ਪੱਧਰ 'ਤੇ ਰੂਪਾਂਤਕਾਰੀ ਪਰਿਵਰਤਨ ਕਰ ਸਕਣਗੇ। ਗ੍ਰਾਮ ਸਭਾ ਨੂੰ ਨਾਗਰਿਕਾਂ ਦੀ ਸੰਸਦ ਬਣਾਉਣ ਦੇ ਲਈ, ਲੋਕਾਂ, ਗ੍ਰਾਮ ਸਭਾ ਮੈਂਬਰਾਂ ਨੂੰ ਗਰੀਬੀ ਅਤੇ ਬੇਸਹਾਰੇ ਲੋਕਾਂ ਦੀ ਭਾਗੀਦਾਰੀ ਦੇ ਹਿੱਤਾਂ ਅਤੇ ਮਹੱਤਵ ਦੇ ਪ੍ਰਤੀ ਵਿਵੇਕਸ਼ੀਲ ਬਣਾਉਣਾ ਹੋਵੇਗਾ।

*ਨਿਰਦੇਸ਼ਕ (ਮਾਨਦ) ਸਰਵਮ (SARVAM) ਗ੍ਰਾਮੀਣ ਵਿਕਾਸ ਕੇਂਦਰ
ਸ੍ਰੀ ਅਰਬਿੰਦੋ ਸੁਸਾਇਟੀ, ਪੁਡੂਚੇਰੀ ਈ-ਮੇਲ :gpalanithurai@gmail.com

ਗ੍ਰਾਮ ਸਭਾ ਦੀਆਂ ਮੀਟਿੰਗਾਂ ਨੂੰ ਸਹੀ ਢੰਗ ਨਾਲ ਚਲਾਉਣ ਲਈ ਨਿਯਮ ਬਣਾਉਣੇ ਹੋਣਗੇ। ਗ੍ਰਾਮ ਪੰਚਾਇਤ ਦੇ ਪ੍ਰਧਾਨ ਨੂੰ ਇਹ ਸਪੱਸ਼ਟ ਸਮਝ ਰੱਖਣ ਦੀ ਜ਼ਰੂਰਤ ਹੋਵੇਗੀ ਕਿ ਉਹ ਪ੍ਰਧਾਨਗੀ ਕਰਨ ਵਾਲਾ ਵਿਅਕਤੀ ਹੈ। ਇਹ ਇਕ ਅਜਿਹਾ ਸਥਾਨ ਹੈ, ਜਿਥੇ ਅਣਗੌਲੇ ਅਤੇ ਬੇਸਹਾਰੇ ਲੋਕਾਂ ਦੀ ਆਵਾਜ਼ ਨੂੰ ਇਕ ਮੰਚ ਦਿੱਤਾ ਜਾ ਸਕਦਾ ਹੈ, ਤਾਂ ਕਿ ਸ਼ਾਸਕ ਦਾ ਧਿਆਨ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਖਿੱਚਿਆ ਜਾ ਸਕੇ। ਗ੍ਰਾਮ ਸਭਾ ਵਿਚ ਬੈਠਣ ਦੀ ਵਿਵਸਥਾ ਨਾਲ ਸਮਾਨਤਾ ਦੀ ਲੋਕਤੰਤਰੀ ਸੰਸਕ੍ਰਿਤੀ ਹਾਸਲ ਕੀਤੀ ਜਾ ਸਕਦੀ ਹੈ। ਸਾਰੇ ਇਕੱਠਿਆ ਬੈਠ ਕੇ ਵਿਕਾਸ ਦੇ ਸਾਰੇ ਮਹੱਤਵਪੂਰਨ ਮੁੱਦਿਆਂ 'ਤੇ ਆਪਣੇ ਵਿਚਾਰ ਅਤੇ ਸੁਝਾਅ ਪ੍ਰਗਟ ਕਰ ਸਕਦੇ ਹਨ। ਨੁਮਾਇੰਦਿਆਂ ਅਤੇ ਪ੍ਰਮੁੱਖ ਸਮਾਜਿਕ ਸਮੂਹਾਂ ਵਿਚ ਸੁਣਨ ਦੀ ਆਦਤ ਪੈਦਾ ਕਰਕੇ ਅਣਗੌਲੇ ਅਤੇ ਬੇਸਹਾਰਿਆਂ ਨੂੰ ਆਪਣੀਆਂ ਸਮੱਸਿਆਵਾਂ ਅਤੇ ਮੁੱਦਿਆਂ 'ਤੇ ਬੋਲਣ ਅਤੇ ਪ੍ਰਗਟ ਕਰਨ ਵਾਸਤੇ ਮਜ਼ਬੂਤ ਬਣਾਇਆ ਜਾ ਸਕਦਾ ਹੈ। ਗ੍ਰਾਮ ਸਭਾ ਨੂੰ ਵਿਕਾਸ ਦੇ ਮਹੱਤਵਪੂਰਨ ਮੁੱਦਿਆਂ 'ਤੇ ਗੱਲਬਾਤ, ਸੰਵਾਦ, ਚਰਚਾ, ਪ੍ਰਗਟਾਵਾ ਅਤੇ ਸੂਚਨਾਵਾਂ ਸਾਂਝਾ ਕਰਨ ਦਾ ਸਥਾਨ ਬਣਾਇਆ ਜਾ ਸਕਦਾ ਹੈ।

ਇਸ ਪ੍ਰਕਾਰ ਇਕ ਨਵੀਂ ਲੋਕਲ ਬਾਡੀ ਸੰਸਥਾ ਦੀ ਸੰਕਲਪਨਾ ਕੀਤੀ ਗਈ ਹੈ ਅਤੇ ਕੇਂਦਰੀ ਵਿੱਤ ਆਯੋਗ ਨੇ ਭਾਰਤ ਵਿਚ ਪੰਚਾਇਤੀ ਰਾਜ ਵਿਵਸਥਾ ਨੂੰ ਮਜ਼ਬੂਤ ਬਣਾਉਣ ਦੇ ਲਈ ਪੰਚਾਇਤਾਂ ਨੂੰ ਗ੍ਰਾਂਟ ਰਾਸ਼ੀਆਂ ਲਗਾਤਾਰ ਅਤੇ ਸਰਗਰਮ ਰੂਪ ਨਾਲ ਵੰਡੀਆਂ ਹਨ। ਇਹ ਭਾਰਤ ਦੇ ਸੰਵਿਧਾਨ ਵਿਚ ਦਿੱਤੀ ਗਈ ਵਿਵਸਥਾ ਦੇ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਦੇ ਲਈ ਕੁਝ ਜ਼ਿੰਮੇਵਾਰੀਆਂ ਵੀ ਲਾਜ਼ਮੀ ਬਣਾਉਂਦਾ ਹੈ। ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਗਰੰਟੀ ਐਕਟ ਨੂੰ ਲਾਗੂ ਕਰਨ ਦਾ ਜ਼ਿੰਮਾ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਿਆ ਗਿਆ ਹੈ, ਜੋ ਅਸਲ ਵਿਚ ਲੋਕਲ ਬਾਡੀ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਅਸਲ ਵਿਚ ਜੇਕਰ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਲੋਕ ਇਕੱਠਿਆ ਮਿਲ ਕੇ ਪੰਚਾਇਤੀ ਰਾਜ ਸੰਸਥਾਵਾਂ ਵਿਚ ਕੰਮ ਕਰਦੇ ਹਨ, ਤਾਂ ਮਗਨਰੇਗਾ ਵਾਸਤੇ ਲੇਬਰ ਬਜਟ ਦੇ ਨਾਲ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਬਣਾਉਣ ਦੇ ਲਈ ਲੋਕਾਂ ਦੀ ਸਰਗਰਮ ਭਾਗੀਦਾਰੀ ਦੇ ਨਾਲ ਅਤੇ ਵਿਸ਼ੇਸ਼ ਰੂਪ ਨਾਲ ਅਣਗੌਲਿਆਂ ਅਤੇ ਬੇਸਹਾਰਿਆਂ ਦੇ ਲਈ ਕੰਮ ਕਰਨ ਦੇ ਨਾਲ ਗ੍ਰਾਮ ਸਭਾ ਦੀ ਬੈਠਕ ਨੂੰ ਉਤਸ਼ਾਹਪੂਰਨ ਢੰਗ ਨਾਲ ਆਯੋਜਿਤ ਕਰਕੇ ਗ੍ਰਾਮ ਪੰਚਾਇਤਾਂ ਨੂੰ ਮਜ਼ਬੂਤ ਬਣਾਇਆ ਜਾਵੇਗਾ ਅਤੇ ਆਮ ਲੋਕਾਂ ਨੂੰ ਕਾਨੂੰਨ ਰਾਹੀਂ ਉਨ੍ਹਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਸੀਮਿਤ ਸ਼ਕਤੀਆਂ ਦੇ ਨਾਲ ਵੀ ਮਜ਼ਬੂਤ ਬਣਾਇਆ ਜਾ ਸਕੇਗਾ।

ਕੋਈ ਵੀ ਵਿਅਕਤੀ, ਖੋਜ ਦਸਤਾਵੇਜ਼ਾਂ ਦੇ ਆਧਾਰ 'ਤੇ ਪਿਛਲੇ ਢਾਈ ਦਹਾਕਿਆਂ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੇ ਕੰਮਕਾਜ ਦਾ ਵਿਸ਼ਲੇਸ਼ਣ ਕਰਕੇ ਇਸ ਨਤੀਜੇ 'ਤੇ ਪੁੱਜ ਸਕਦਾ ਹੈ ਕਿ ਕੇਵਲ ਕੁਝ ਰਾਜਾਂ ਨੇ ਹੀ ਲੋਕਲ ਬਾਡੀਜ਼ ਨੂੰ ਜ਼ਰੂਰੀ ਸ਼ਕਤੀਆਂ ਬਦਲੀਆਂ ਹਨ। ਫਿਰ ਵੀ ਕੇਂਦਰ ਸਰਕਾਰ, ਵਿਕੇਂਦਰੀਕਰਨ ਦੀ ਸੋਚ ਨੂੰ ਅੱਗੇ ਵਧਾਉਣ ਦੇ ਲਈ ਗੰਭੀਰ ਯਤਨ ਕਰ ਰਹੀ ਹੈ।

ਅਨੇਕ ਕਮੀਆਂ ਦੇ ਬਾਵਜੂਦ ਲੋਕਲ ਬਾਡੀਜ਼ ਦੀਆਂ ਆਪਣੀ ਖੁਦ ਦੀਆਂ ਉਪਲਬਧੀਆਂ ਹਨ। ਲੋਕਲ ਬਾਡੀਜ਼ ਰਾਹੀਂ ਕੁਝ ਉਪਲਬਧੀਆਂ ਹਾਸਲ ਕੀਤੀਆਂ ਗਈਆਂ ਹਨ ਜਿਵੇਂ ਕਿ 21 ਸੂਬਿਆਂ ਵਿਚ ਔਰਤਾਂ ਨੂੰ 50 ਪ੍ਰਤੀਸ਼ਤ ਸੀਟਾਂ ਦਾ ਰਾਖਵਾਂਕਰਨ ਮਨਜ਼ੂਰ ਕੀਤਾ ਗਿਆ ਹੈ। ਉਨ੍ਹਾਂ ਦੀ ਹਾਜ਼ਰੀ ਅਤੇ ਭਾਗੀਦਾਰੀ ਨਾਲ ਔਰਤਾਂ ਦੇ ਮੁੱਦੇ ਜਨਤਕ ਮੰਚਾਂ 'ਤੇ ਚਰਚਾ ਅਤੇ ਪ੍ਰਗਟਾਵੇ ਦੀ ਪਹਿਲੀ ਕਤਾਰ ਵਿਚ ਆ ਗਏ ਹਨ। ਜਿਥੇ ਕਿਤੇ ਵੀ ਔਰਤਾਂ ਲੋਕਲ ਬਾਡੀਜ਼ ਸੰਸਥਾਵਾਂ ਦੀ ਅਗਵਾਈ ਕਰ ਰਹੀਆਂ ਹਨ, ਉਹ ਨਿਯਮਾਂ ਅਤੇ ਵਿਨਿਯਮਾਂ ਦਾ ਪਾਲਣ ਕਰਦੀਆਂ ਹਨ ਅਤੇ ਉਲੰਘਣ ਦੇ ਮਾਮਲੇ ਬਹੁਤ ਘੱਟ ਹਨ। ਦੂਸਰੇ, ਦਲਿਤ ਨੁਮਾਇੰਦਿਆਂ ਨੇ ਦਲਿਤਾਂ ਦੇ ਮੁੱਦੇ ਚੁੱਕੇ ਹਨ। ਉਨਾਂ ਦੇ ਮੁੱਦੇ ਜਨਤਾ ਦਾ ਧਿਆਨ ਖਿੱਚਣ ਲੱਗੇ ਹਨ। ਤੀਸਰੇ, ਲੋਕਾਂ ਵਿਚ ਇਹ ਭਾਵਨਾ ਹੈ ਕਿ ਕੁਝ ਲੋਕ ਉਨ੍ਹਾਂ ਦੇ ਬਹੁਤ ਨਜ਼ਦੀਕ ਹਨ ਜੋ ਉਨ੍ਹਾਂ ਦੀ ਗੱਲ 'ਤੇ ਧਿਆਨ ਦਿੰਦੇ ਹਨ। ਜਿਥੇ ਕਿਤੇ ਵੀ ਪੰਚਾਇਤਾਂ ਵਿਚ ਸਥਾਨਕ ਸੰਸਥਾਵਾਂ ਵਿਚ ਲੀਡਰਸ਼ਿਪ ਗੁਣਾਂ ਵਾਲੇ ਨੁਮਾਇੰਦੇ ਹਨ, ਉਥੇ ਮਿਸਾਲੀ ਪ੍ਰਾਪਤੀਆਂ ਦੇਖੀਆਂ ਜਾ ਸਕਦੀਆਂ ਹਨ। ਇਸ ਦੇ ਨਤੀਜੇ ਵਜੋਂ ਲੀਡਰਸਿਪ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ, ਜਿਸ ਨੂੰ ਸਿਖਲਾਈ ਪ੍ਰਕ੍ਰਿਆ ਤੋਂ ਵਿਕਸਿਤ ਕੀਤਾ ਜਾ ਸਕਦਾ ਹੈ।

ਇਸ ਮੋੜ 'ਤੇ ਪੇਂਡੂ ਲੋਕਾਂ ਅਤੇ ਭਾਈਚਾਰੇ ਦੀ ਸੇਵਾ ਹਿੱਤ ਜ਼ਰੂਰੀ ਕੰਮਾਂ ਨੂੰ ਕਰਨ ਦੇ ਲਈ ਸਥਾਨਕ ਸੰਸਥਾਵਾਂ ਨੂੰ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਅਤੇ ਪੇਂਡੂ ਖੇਤਰਾਂ ਦੇ ਲੋਕਾਂ ਵਿਚ ਸਥਾਨਕ ਸ਼ਾਸਨਿਕ ਸੰਸਥਾਵਾਂ ਵਿਚ ਉਨ੍ਹਾਂ ਦੀ ਭਾਗੀਦਾਰੀ ਦੇ ਮਾਧਿਅਮ ਨਾਲ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਅਤੇ ਪੱਧਰ ਦੇ ਸੁਧਾਰ ਵਾਸਤੇ ਉਪਲਬਧ ਮੌਕਿਆਂ ਦੇ ਬਾਰੇ ਵਿਚ ਜਾਗਰੂਕਤਾ ਪੈਦਾ ਕੀਤੀ ਜਾਣੀ ਚਾਹੀਦੀ ਹੈ, ਤਾਂ ਕਿ ਉਹ ਸਭ ਬੁਨਿਆਦੀ ਸੁਵਿਧਾਵਾਂ ਦੇ ਨਾਲ ਇਕ ਸਨਮਾਨਜਨਕ ਮਨੁੱਖੀ ਜੀਵਨ ਬਤੀਤ ਕਰ ਸਕਣ। ਇਹ ਕੰਮ ਉੱਚ ਸਿੱਖਿਆ ਸੰਸਥਾਵਾਂ ਵਲੋਂ "ਉੱਨਤ ਭਾਰਤ ਮੁਹਿੰਮ" ਸਕੀਮ ਦੇ ਤਹਿਤ ਕੀਤਾ ਜਾ ਸਕਦਾ ਹੈ। ਦੂਸਰਾ : ਉਚ ਸਿੱਖਿਆ ਸੰਸਥਾਨ ਘਰੇਲੂ ਅਤੇ ਪਿੰਡ ਦੇ ਅੰਕੜੇ ਇਕੱਠੇ ਕਰਨ ਅਤੇ ਪਿੰਡ ਪੱਧਰ 'ਤੇ ਵਿਕਾਸ ਵਰਕਸ਼ਾਪਾਂ ਦੇ ਸੰਚਾਲਨ ਦੇ ਲਈ ਉਨ੍ਹਾਂ ਦੇ ਵਿਸ਼ਲੇਸ਼ਨ ਵਿਚ ਗ੍ਰਾਮ ਪੰਚਾਇਤਾਂ ਦੀ ਸਹਾਇਤਾ ਕਰਕੇ ਉਨ੍ਹਾਂ ਨੂੰ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਤਿਆਰ ਕਰਨ ਵਾਸਤੇ ਸਰਲ ਬਣਾ ਸਕਦੇ ਹਨ। ਉਹ ਗ੍ਰਾਮ ਪੰਚਾਇਤਾਂ ਦੀ ਮੀਟਿੰਗ ਜ਼ਿਆਦਾ ਪੇਸ਼ਾਵਰ ਅਤੇ ਸਾਰਥਕ ਢੰਗ ਨਾਲ ਆਯੋਜਿਤ ਕਰਨ ਵਿਚ ਸਹਾਇਤਾ ਰਾਹੀਂ ਬੈਠਕਾਂ ਵਿਚ ਅਣਗੌਲੇ ਅਤੇ ਵਾਂਝੇ ਵਰਗ ਦੀ ਭਾਗੀਦਾਰੀ ਵੀ ਸੁਨਿਸਚਿਤ ਕਰ ਸਕਦੇ ਹਨ। ਉਹ ਪੰਚਾਇਤਾਂ ਦੀ ਸਹਾਇਤਾ ਉਨ੍ਹਾਂ ਪੰਚਾਇਤ ਖੇਤਰਾਂ ਵਿਚ ਸਮਾਜਿਕ ਆਡਿਟ ਸੰਚਾਲਨ ਵਿਚ ਕਰ ਸਕਦੇ ਹਨ, ਜਿਥੇ ਸਰਕਾਰੀ ਯੋਜਨਾਵਾਂ ਚਾਲੂ ਕੀਤੀਆਂ ਗਈਆਂ ਹਨ। ਉਪਰੋਕਤ ਦੇ ਇਲਾਵਾ ਉਚ ਸਿੱਖਿਆ ਸੰਸਥਾਵਾਂ ਰਾਹੀਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਲਈ ਲੀਡਰਸ਼ਿਪ ਸਿਖਲਾਈ ਆਯੋਜਿਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਪੰਚਾਇਤੀ ਰਾਜ ਸੰਸਥਾਵਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਦੋਵਾਂ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ।

# ਸਹਿਭਾਗੀ ਜਨਯੋਜਨਾ - ਜੀ.ਪੀ.ਡੀ.ਪੀ. ਅਪਣਾਉਣ ਵਾਸਤੇ ਇਕ ਹਫ਼ਤੇ ਦੀ ਰਣਨੀਤੀ

*ਡਾ. ਰਾਜੀਵ ਬੰਸਲ

ਵਿਕੇਂਦਰੀਕਰਨ ਯੋਜਨਾ ਵੱਖ-ਵੱਖ ਸਮਿਆਂ 'ਤੇ ਸਰਕਾਰਾਂ ਦੇ ਲਈ ਮੂਲ ਚਿੰਤਾ ਦਾ ਵਿਸ਼ਾ ਰਹੀਆਂ ਹਨ। ਦਲੀਪ ਸਿੰਘ ਭੂਰੀਆ ਸਮਿਤੀ (1994) ਰਾਹੀਂ ਸਮਾਜਿਕ ਅਤੇ ਆਰਥਿਕ ਵਿਕਾਸ ਦੇ ਲਈ ਯੋਜਨਾਵਾਂ ਦਾ ਅਮਲ ਪੰਚਾਇਤ ਪੱਧਰ 'ਤੇ ਗ੍ਰਾਮ ਸਭਾ ਵਲੋਂ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਯੋਜਨਾ ਆਯੋਗ ਦੇ ਮਾਹਿਰ ਸਮੂਹ ਦੀ ਰਿਪੋਰਟ (2006) ਵਿਚ ਸਥਾਨਕ ਪੱਧਰ ਯੋਜਨਾ ਦੇ ਲਈ ਵਿਵਹਾਰਕ ਕੰਮ ਪ੍ਰੋਗਰਾਮ ਦਾ ਸੁਝਾਅ ਦਿੱਤਾ ਗਿਆ ਹੈ। ਬੁਨਿਆਦੀ ਯੋਜਨਾ ਜਾਂ ਵਿਕੇਂਦਰੀਕਰਨ ਯੋਜਨਾ ਭਾਰਤ ਵਿਚ ਆਜ਼ਾਦੀ ਤੋਂ ਬਾਅਦ ਲਾਗੂ ਕਰਨ ਦੀ ਬਜਾਏ ਚਰਚਾ ਦਾ ਮੁੱਦਾ ਹੀ ਜ਼ਿਆਦਾ ਰਿਹਾ ਪ੍ਰਤੀਤ ਹੁੰਦਾ ਹੈ। ਭਾਰਤ ਵਿਚ ਬੁਨਿਆਦੀ ਯੋਜਨਾ ਦਾ ਮੂਲ ਭਾਰਤ ਦੇ ਸੰਵਿਧਾਨ ਵਿਚ ਸਥਾਪਿਤ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਦਰਜ ਹੈ। ਹਾਲਾਂਕਿ ਬੀਤੇ ਕਾਲ ਵਿਚ ਸ਼ੁਰੂ ਕੀਤੇ ਗਏ ਯਤਨਾਂ ਨਾਲ ਸੂਬਿਆਂ ਵਿਚ ਲੋੜੀਂਦੇ ਨਤੀਜੇ ਪ੍ਰਾਪਤ ਨਹੀਂ ਕੀਤੇ ਜਾ ਸਕੇ ਹਨ, ਫਿਰ ਵੀ ਪੰਚਾਇਤੀ ਰਾਜ ਸੰਸਥਾਵਾਂ ਦੇ ਸਥਾਪਨ ਅਤੇ ਮਜ਼ਬੂਤੀਕਰਨ ਦੇ ਯਤਨ ਅਤੇ ਪ੍ਰਯੋਗ ਪ੍ਰੀਖਣ ਦੀ ਪ੍ਰਕ੍ਰਿਆ ਖਤਮ ਨਹੀਂ ਹੋਈ ਹੈ।

ਗ੍ਰਾਮ ਪੰਚਾਇਤਾਂ ਨੂੰ ਵਿੱਤੀ ਵਿਕਾਸ ਅਤੇ ਸਮਾਜਿਕ ਨਿਆਂ ਦੇ ਲਈ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀ.ਪੀ.ਡੀ.ਪੀ.) ਤਿਆਰ ਕਰਨ ਵਾਸਤੇ ਨਿਰਦੇਸ਼ ਦਿੱਤੇ ਗਏ ਹਨ। ਪੇਂਡੂ ਭਾਰਤ ਦੀ ਤਬਦੀਲੀ ਵਾਸਤੇ ਰਾਸ਼ਟਰੀ ਮਹੱਤਵ ਦੇ ਵਿਸ਼ਿਆਂ 'ਤੇ ਅਪੰਗਾਂ ਲਈ ਸਕੀਮਾਂ/ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਅਤੇ ਕੁਸ਼ਲ ਲਾਗੂ ਕਰਨ ਵਿਚ ਪੰਚਾਇਤਾਂ ਦੀ ਭੂਮਿਕਾ ਮਹੱਤਵਪੂਰਨ ਹੈ। ਜੀਪੀਡੀਪੀ ਯੋਜਨਾ ਪ੍ਰਕ੍ਰਿਆ ਵੱਡੀ ਅਤੇ ਅਜਿਹੀ ਸਹਿਭਾਗੀ ਪ੍ਰਕ੍ਰਿਆ 'ਤੇ ਆਧਾਰਿਤ ਹੋਣੀ ਜ਼ਰੂਰੀ ਹੈ, ਜਿਸ ਵਿਚ ਸਾਰੇ ਸਬੰਧਿਤ ਕੇਂਦਰੀ ਮੰਤਰਾਲਾ/ਸੰਵਿਧਾਨ ਦੀ ਗਿਆਰਵੀਂ ਅਨੁਸੂਚੀ ਵਿਚ ਸੂਚੀਬੱਧ 29 ਵਿਸ਼ਿਆਂ ਦੇ ਨਾਲ ਸਬੰਧਿਤ ਸ਼ਾਖਾ ਵਿਭਾਗਾਂ ਦੀਆਂ ਸਕੀਮਾਂ ਦਾ ਵਿਸਥਾਰ ਸ਼ਾਮਿਲ ਹੈ। ਗ੍ਰਾਮ ਪੰਚਾਇਤਾਂ ਨੂੰ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਹਾਸਲ ਕਰਨ ਦੇ ਲਈ ਜੀ.ਪੀ.ਡੀ.ਪੀ. ਦੀ ਸੰਕਲਪ, ਯੋਜਨਾ ਅਤੇ ਲਾਗੂ ਕਰਨ ਵਾਸਤੇ ਨਿਯੁਕਤ ਕੀਤਾ ਗਿਆ ਹੈ। ਜੀਪੀਡੀਪੀ ਇਕ ਅਭਿਆਨ ਮੋਡ ਵਿਚ ਤਿਆਰ ਕਰਨਾ ਸੁਨਿਸਚਿਤ ਕਰਨ ਦੇ ਲਈ ਲੋਕ ਯੋਜਨਾ ਅਭਿਆਨ ਇਕ ਪ੍ਰਭਾਵੀ ਕਾਰਜਨੀਤੀ ਹੈ।

ਪੰਚਾਇਤੀ ਰਾਜ ਮੰਤਰਾਲਾ, ਭਾਰਤ ਸਰਕਾਰ ਵਲੋਂ "ਲੋਕ ਯੋਜਨਾ ਅਭਿਆਨ" ਨਾਮਕ ਅਭਿਆਨ ਦੇ ਮਾਧਿਅਮ ਨਾਲ ਇਸ ਦਿਸ਼ਾ ਵਿਚ ਲੀਕ ਤੋਂ ਹਟ ਕੇ ਇਕ ਪਹਿਲ ਕੀਤੀ ਗਈ ਹੈ। ਇਸ ਅਭਿਆਨ ਵਿਚ ਭਾਗੀਦਾਰੀ ਪ੍ਰਕ੍ਰਿਆ 'ਤੇ ਆਧਾਰਿਤ ਵਿਆਪਕ ਯੋਜਨਾ ਪ੍ਰਕ੍ਰਿਆ ਦੀ ਪਰਿਕਲਪਨਾ ਕੀਤੀ ਗਈ ਹੈ, ਜਿਸ ਵਿਚ ਸਾਰੇ ਸਬੰਧਤ ਕੇਂਦਰੀ ਮੰਤਰਾਲਾ/ਸੰਵਿਧਾਨ ਦੀ ਗਿਆਰਵੀਂ ਅਨੁਸੂਚੀ ਵਿਚ ਸੂਚੀਬੱਧ 29 ਵਿਸ਼ਿਆਂ ਦੇ ਨਾਲ ਸਬੰਧਤ ਸਾਖਾ ਵਿਭਾਗਾਂ ਦੀਆਂ ਸਕੀਮਾਂ ਦਾ ਵਿਸਥਾਰ ਸ਼ਾਮਿਲ ਹੈ। ਪੇਂਡੂ ਭਾਰਤ ਦੇ ਕਾਇਆਕਲਪ ਵਾਸਤੇ ਰਾਸ਼ਟਰੀ ਮਹੱਤਵ ਦੇ ਵਿਸ਼ਿਆਂ 'ਤੇ ਝੰਡਾ ਬਰਦਾਰ ਸਕੀਮਾਂ/ਪ੍ਰੋਗਰਾਮਾਂ ਦੇ ਪ੍ਰਭਾਵਸ਼ਾਲੀ ਅਤੇ ਕੁਸ਼ਲਤਾ ਪੂਰਵਕ ਲਾਗੂ ਕਰਨ ਵਿਚ ਪੰਚਾਇਤਾਂ ਨੂੰ ਮਹੱਤਵਪੂਰਨ ਨਿਭਾਉਣੀ ਹੋਵੇਗੀ। ਜਨਯੋਜਨਾ ਅਭਿਆਨ ਸਾਰੇ ਰਾਜਾਂ ਦੇ ਲਈ "ਸਭ ਕੀ ਯੋਜਨਾ ਸਭ ਕਾ ਵਿਕਾਸ" ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ। ਅਭਿਆਨ ਦੇ ਦੌਰਾਨ, ਹਰੇਕ ਵਿੱਤੀ ਸਾਲ ਦੇ ਲਈ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਤਿਆਰ ਕਰਨ ਦੇ ਲਈ ਢਾਂਚਾਗਤ ਗ੍ਰਾਮ ਸਭਾ ਮੀਟਿੰਗਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਜੀਪੀਡੀਪੀ ਮੁਹਿੰਮ ਰਾਜ ਦੇ ਸਬੰਧਿਤ ਸ਼ਾਖਾ ਵਿਭਾਗਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈ.ਜ਼) ਦੇ ਵਿਚ ਵਿਸਥਾਰ ਦੇ ਮਾਧਿਅਮ ਨਾਲ ਗ੍ਰਾਮ ਸਭਾ ਪੱਧਰ 'ਤੇ ਯੋਜਨਾ ਬਣਾਉਣ ਦੇ ਲਈ ਇਕ ਤੀਬਰ ਅਤੇ ਢਾਂਚਾਗਤ ਅਭਿਆਸ ਹੈ। ਇਸ ਅਭਿਆਨ ਦੇ ਅੰਸ਼ ਦੇ ਰੂਪ ਵਿਚ, ਇਸ ਅਭਿਆਸ ਨੂੰ ਪੂਰਾ ਕਰਨ ਦੇ ਲਈ ਸਾਰੀਆਂ ਗ੍ਰਾਮ ਪੰਚਾਇਤਾਂ ਦੇ ਸਬੰਧ ਵਿਚ ਮਿਸ਼ਨ ਅੰਤੋਦਿਆ (ਐਮਏ) ਡਾਟਾ ਇਕੱਠਾ ਕਰਨ ਦਾ ਕੰਮ ਕੀਤਾ ਜਾਂਦਾ ਹੈ।

ਹਿਮਾਚਲ ਪ੍ਰਦੇਸ਼ ਵਿਚ, ਅਜਿਹੀ ਹੀ ਇਕ ਪਹਿਲ ਐਚਪੀ ਰਾਜ ਗ੍ਰਾਮੀਣ ਵਿਕਾਸ ਸੰਸਥਾਨ, (HIPA) ਵਲੋਂ 2012 ਵਿਚ ਕੰਡਾਘਾਟ ਵਿਕਾਸ ਖੰਡ, ਜ਼ਿਲ੍ਹਾ ਸੋਲਨ ਵਿਚ ਇਕ ਪਾਇਲਟ ਪ੍ਰੋਜੈਕਟ ਦੇ ਰੂਪ ਵਿਚ ਗ੍ਰਾਮ ਪੰਚਾਇਤ ਬਾਸ਼ ਵਿਚ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਤਿਆਰ ਕਰਨ ਵਾਸਤੇ ਕੀਤੀ ਗਈ ਸੀ। ਇਹ ਪ੍ਰਯੋਗ ਲੋੜੀਂਦੇ ਨਤੀਜਿਆਂ ਦੇ ਲਿਹਾਜ ਨਾਲੋਂ ਅਤਿਅੰਤ ਲਾਭਦਾਇਕ ਸਿੱਧ ਹੋਇਆ ਅਤੇ ਇਸ ਦਾ ਵਿਸਥਾਰ ਕੰਡਾਘਾਟ ਵਿਕਾਸ ਖੰਡ ਦੀਆਂ ਸਾਰੀਆਂ 24


*ਸੰਯੁਕਤ ਨਿਰਦੇਸ਼ਕ (ਟ੍ਰੇ. ਅਤੇ ਰੇਸ.) ਅਤੇ ਫੈਕਲਟੀ ਮੈਂਬਰ, ਐਸਆਈਆਰਡੀ, ਹਿਮਾਚਲ ਪ੍ਰਦੇਸ਼ ਲੋਕ ਪ੍ਰਸਾਸਨ ਸੰਸਥਾਨ, ਫੇਅਰਲਾਨ, ਸ਼ਿਮਲਾ।

ਗ੍ਰਾਮ ਪੰਚਾਇਤਾਂ ਵਿਚ ਕੀਤਾ ਗਿਆ। ਇਸ ਮਾਡਲ ਤੋਂ ਸਿੱਖਿਆ ਗਈਆਂ ਸਿੱਖਿਆਵਾਂ ਦਾ ਉਪਯੋਗ ਭਾਈਚਾਰੇ ਦੀ ਮਲਕੀਅਤ ਦੇ ਨਾਲ ਸਮਾਂਬੱਧ ਸਮੇਂ ਵਿਚ ਸਹਿਭਾਗੀ ਲੋਕ ਯੋਜਨਾ ਤਿਆਰ ਕਰਨ ਦੀ ਮਿਆਰੀ ਪ੍ਰਕ੍ਰਿਆ ਵਿਕਸਿਤ ਕਰਨ ਵਾਸਤੇ ਕੀਤਾ ਜਾ ਸਕਦਾ ਹੈ। ਸੱਤ ਦਿਨਾਂ ਵਿਚ ਜੀਪੀਡੀਪੀ ਦੇ

ਸੂਤਰੀਕਰਨ ਦੇ ਲਈ ਜਨਯੋਜਨਾ ਅਭਿਆਨ ਦੇ ਅਨੁਕੂਲ ਪ੍ਰਸਤਾਵਿਤ ਕਾਰਜ ਵਿੱਧੀ ਅਗਲੇ ਪੈਰਿਆਂ ਵਿਚ ਪੇਸ਼ ਕੀਤੀ ਗਈ ਹੈ।

## ਨੈਤਿਕ ਕੰਮ ਦੀ ਰੂਪਰੇਖਾ

ਇਸ ਪਰਿਯੋਜਨਾ ਨੂੰ ਮਿਸ਼ਨ ਮੋਡ ਵਿਚ ਸ਼ੁਰੂ ਕਰਨ ਦੇ ਲਈ, ਪੰਚਾਇਤ ਵਿਕਾਸ ਯੋਜਨਾ ਤਿਆਰ ਕਰਨ ਦਾ ਉਦੇਸ਼ ਪ੍ਰਾਪਤ ਕਰਨ ਦੇ ਲਈ ਇਕ ਸਮਾਂਬੱਧ ਕਾਰਜ ਨੀਤੀ ਅਪਣਾਈ ਜਾ ਸਕਦੀ ਹੈ। ਸਾਰੇ ਹਿੱਤਧਾਰਕਾਂ ਭਾਵ ਗ੍ਰਾਮ ਪੰਚਾਇਤ ਸੁਵਿਧਾ ਟੀਮ, ਗ੍ਰਾਮ ਪੰਚਾਇਤ ਮੈਂਬਰਾਂ ਵਿਚ ਪੀਆਰਆਈ ਦੇ ਚੁਣੇ ਹੋਏ ਨੁਮਾਇੰਦੇ, ਸਮਾਜ ਆਧਾਰਿਤ ਸੰਗਠਨਾਂ ਅਰਥਾਤ : ਮਹਿਲਾ ਮੰਡਲ ਅਤੇ ਯੁਵਕ ਮੰਡਲ, ਖੁਦ ਸਹਾਇਤਾ ਸਮੂਹਾਂ ਦੇ ਮੈਂਬਰ ਅਤੇ ਗ੍ਰਾਮ ਪੰਚਾਇਤ ਵਿਚ ਵੱਖ-ਵੱਖ ਵਿਭਾਗਾਂ ਦੇ ਕਾਰਕੁੰਨਾਂ ਦੀ ਤਾਕਤ ਨਿਰਮਾਣ ਦੇ ਲਈ ਇਕ ਮਾਨਕ ਕਾਰਜ ਨੀਤੀ ਦਾ ਅਨੁਸਰਨ ਕੀਤਾ ਜਾ ਸਕਦਾ ਹੈ। ਸਮੇਂ ਦੀ ਇਕ ਸੀਮਿਤ ਸੀਮਾ ਵਿਚ ਟੀਚਿਆਂ ਨੂੰ ਹਾਸਲ ਕਰਨ ਦੇ ਲਈ ਇਸ ਅਭਿਲਾਸ਼ੀ ਅਭਿਆਨ ਦੇ ਲਈ ਇਕ ਵਿਚਾਰਵਾਨ ਕੰਮ ਵਿਧੀ ਵਿਚ ਹੇਠ ਲਿਖੇ ਭਾਗ ਸ਼ਾਮਿਲ ਹੋਣਗੇ –




### ਪੜਾਅ I - ਵਾਤਾਵਰਨ ਦੀ ਸਿਰਜਣਾ ਅਤੇ ਸਥਿਤੀ ਵਿਸ਼ਲੇਸ਼ਣ ਲਈ ਸਟਾਕਹੋਲਡਰਾਂ ਦੀ ਵਰਕਸ਼ਾਪ

ਪਹਿਲੇ ਦਿਨ ਗ੍ਰਾਮ ਪੰਚਾਇਤ ਯੋਜਨਾ ਸੁਵਿਧਾ ਟੀਮ ਦੀ ਪਛਾਣ ਕਰਨ ਅਤੇ ਲਾਮਬੰਦ ਕਰਨ ਵਾਸਤੇ ਹਿੱਤਧਾਰਕਾਂ ਦੀ ਵਰਕਸ਼ਾਪ ਆਯੋਜਿਤ ਕੀਤੀ ਜਾ ਸਕਦੀ ਹੈ। ਹਿੱਤਧਾਰਕਾਂ ਦੀਆਂ ਧਾਰਨਾਵਾਂ ਦੇ ਵਿਚਾਰਾਂ ਨੂੰ ਹਾਸਲ ਕਰਨ ਵਾਸਤੇ ਉਨ੍ਹਾਂ ਦੇ ਹਿੱਤ ਸਮੂਹਾਂ ਦੇ ਰੂਪ ਵਿਚ ਸੰਗਠਿਤ ਕੀਤਾ ਜਾ ਸਕਦਾ ਹੈ। ਵਰਕਸ਼ਾਪ ਗਤੀਵਿਧੀ ਮਾਹੌਲ ਤਿਆਰ ਕਰਨ, ਸਥਿਤੀ ਦੇ ਵਿਸ਼ਲੇਸ਼ਣ, ਸਵੋਟ (SWOT) ਵਿਸ਼ਲੇਸ਼ਣ, ਹਿੱਤਧਾਰਕਾਂ ਦੇ ਹਿੱਤਾਂ ਦੇ ਮਾਨਚਿੱਤ੍ਰਣ ਅਤੇ ਬੁਨਿਆਦੀ ਤੌਰ 'ਤੇ ਯੋਜਨਾ ਤਿਆਰ ਕਰਨ ਦੇ ਲਈ ਕੰਮ ਸ਼ੁਰੂ ਕਰਨ ਵਾਸਤੇ ਇਕ ਮੌਕਾ ਹੋਵੇਗਾ।



## ਪੜਾਅ II- ਸਿਖਲਾਈ ਸੰਸਥਾਵਾਂ ਦੁਆਰਾ ਸਮਰੱਥਾ ਨਿਰਮਾਣ

ਐਸਆਈਆਰਡੀ ਰਾਹੀਂ ਬਲਾਕ ਪੱਧਰ 'ਤੇ ਇਕ ਤਿੰਨ ਦਿਨੀ ਸਿਖਲਾਈ ਕੈਪਸੂਲ ਮੋਟੇ ਤੌਰ 'ਤੇ ਸਾਧਾਰਨ ਅਤੇ ਸਰਲ ਵਿਧੀ ਵਿਚ ਤਿਆਰ ਅਤੇ ਪ੍ਰਬੰਧ ਕੀਤਾ ਜਾ ਸਕਦਾ ਹੈ। ਇਹ ਦਿਨ ਹੇਠ ਅਨੁਸਾਰ ਸਮਰਪਿਤ ਕੀਤੇ ਜਾ ਸਕਦੇ ਹਨ :

- ਸਿਖਲਾਈ ਹਾਲ ਵਿਚ ਪ੍ਰੇਰਨਾ, ਸਵੈ-ਇੱਛਕਤਾ, ਸੰਚਾਰ ਹੁਨਰ, ਲੀਡਰਸ਼ਿਪ, ਟੀਮ ਨਿਰਮਾਣ ਅਤੇ ਕਮਿਊਨਿਟੀ ਲਾਮਬੰਦੀ ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਨਰਮ ਹੁਨਰ ਸਮਰਥਾ ਨਿਰਮਾਣ।
- ਸਿਖਲਾਈ ਹਾਲ ਵਿਚ ਸੂਖਮ ਯੋਜਨਾ ਭਾਗੀਦਾਰੀ ਗ੍ਰਾਮੀਣ ਮੁੱਲਾਂਕਣ, ਆਧਾਰ ਰੇਖਾ ਸਰਵੇਖਣ/ਮਿਸ਼ਨ ਅੰਤੋਦਿਆ, ਜੀਪੀਡੀਪੀ ਦਿਸ਼ਾਨਿਰਦੇਸ਼, ਹਿੱਤਧਾਰਕਾਂ ਦੀ ਭੂਮਿਕਾ, ਵਿਕਾਸ ਵਿਭਾਗਾਂ ਦੇ ਐਸਡੀਜੀ'ਜ਼ ਅਤੇ ਧਵਜਵਾਹੀ ਪ੍ਰੋਗਰਾਮਾਂ ਦੇ ਵਿਸ਼ਿਆਂ 'ਤੇ ਯੋਜਨਾ ਪ੍ਰਕ੍ਰਿਆ ਦੀ ਜਾਣਕਾਰੀ।
- ਸਿਖਲਾਈ ਹਾਲ ਵਿਚ ਗ੍ਰਾਮ/ਵਾਰਡ ਕ੍ਰਮ ਵਿਚ ਸਮੂਹ ਬੈਠਕਾਂ, ਵਾਰਡ ਸਭਾਵਾਂ ਆਯੋਜਿਤ ਕਰਨਾ ਅਤੇ ਵਾਰਡ ਯੋਜਨਾ ਤਿਆਰ ਕਰਨਾ, ਵਾਰਡ ਯੋਜਨਾਵਾਂ ਦਾ ਫਾਰਮੇਟ ਜੀਪੀ ਯੋਜਨਾ ਵਿਚ ਏਕੀਕਰਨ, ਗ੍ਰਾਮ ਸਭਾ ਵਲੋਂ ਯੋਜਨਾ ਸਾਂਝਾ ਕਰਨਾ ਅਤੇ ਉਸ 'ਤੇ ਚਰਚਾ ਕਰਨਾ, ਵਿਕਾਸ ਯੋਜਨਾ ਦਾ ਆਖਰੀ ਸਹਿਭਗੀ ਯੋਜਨਾ ਵਿਚ ਏਕੀਕਰਨ ਦੇ ਵਿਸ਼ਿਆਂ 'ਤੇ ਯੋਜਨਾ ਪ੍ਰਕ੍ਰਿਆ ਸਬੰਧੀ ਹੁਨਰ।



ਸਿਖਲਾਈ ਪੀਰੀਅਡ ਦੀ ਸਮਾਪਤੀ ਜੀਪੀ ਯੋਜਨਾ ਸਹੂਲਤ ਟੀਮਾਂ ਦੇ ਗਠਨ ਦੇ ਨਾਲ ਹੋਣਾ ਚਾਹੀਦਾ, ਜਿਵੇਂ ਕਿ ਖੇਤਰ ਗਤੀਵਿਧੀ ਦੇ ਲਈ ਜੀਪੀ ਦੇ ਹਰੇਕ ਵਾਰਡ ਦੇ ਲਈ ਜੀਪੀਡੀਪੀ ਦਿਸ਼ਾਨਿਰਦੇਸ਼ਾਂ ਵਿਚ ਅਨੁਲਗ VII ਵਿਚ ਸਲਾਹ ਦਿੱਤੀ ਗਈ ਹੈ।

## ਪੜਾਅ III - ਵਾਰਡ ਪੱਧਰ 'ਤੇ ਖੇਤਰੀ ਦੌਰਾ/ਸਮੂਹ ਮੀਟਿੰਗਾਂ

ਦਿਨ 5 - ਵਾਰਡ ਪੱਧਰ 'ਤੇ ਖੇਤਰੀ ਦੌਰਾ/ਸਮੂਹ ਮੀਟਿੰਗਾਂ ਜੀਪੀਡੀਪੀ ਦਿਸ਼ਾ ਨਿਰਦੇਸ਼ਾਂ ਵਿਚ ਦਿੱਤੇ ਗਏ ਫਾਰਮੇਟਾਂ ਦੇ ਅਨੁਸਾਰ।

ਕਲਾਸਰੂਮ ਸਿਖਲਾਈ ਦੇ ਬਾਅਦ, ਜੀਪੀਪੀਐਫਟੀ ਮੈਂਬਰਾਂ ਅਤੇ ਸ਼ਾਖਾ ਵਿਭਾਗਾਂ ਦੇ ਹੋਰ ਸਹਿਭਾਗੀਆਂ, ਸੀਬੀਓ'ਜ਼ ਦੇ ਮੈਂਬਰਾਂ ਅਤੇ ਪੀਆਰਆਈ'ਜ਼ ਨੁਮਾਇੰਦਿਆਂ ਨੂੰ ਸਮੂਹਾਂ ਵਿਚ ਵੰਡ ਦਿੱਤਾ ਜਾਣਾ ਚਾਹੀਦਾ (ਹਰੇਕ ਵਾਰਡ ਵਿਚ ਇਕ ਸਮੂਹ)। ਹਰੇਕ ਸਮੂਹ ਵਿਚ 2-3 ਜੀਪੀਪੀਐਫਟੀ ਮੈਂਬਰ, ਸਬੰਧਿਤ ਵਾਰਡ ਮੈਂਬਰ ਅਤੇ ਮਹਿਲਾ ਮੰਡਲਾਂ ਅਤੇ ਯੁਵਾ ਸਮੂਹਾਂ ਦੇ ਮੈਂਬਰ ਅਤੇ ਸਮੂਹ ਗਤੀਵਿਧੀਆਂ ਅਤੇ ਅਨੁਕੂਲਨ ਦੇ ਅਭਿਲੇਖਨ ਵਾਸਤੇ ਸੰਭਾਵਿਤ



ਸਹਾਇਕ ਹੋ ਸਕਦੇ ਹਨ। ਸਾਰੇ ਸਮੂਹਾਂ ਨੂੰ ਵਾਰਡ ਦੇ ਨਿਵਾਸੀਆਂ ਦੇ ਨਾਲ ਇਸ ਦੀ ਚਰਚਾ ਕਰਕੇ ਹੇਠਲੇ ਸੂਚੀਬੱਧ ਫਾਰਮੈਟਾਂ ਵਿਚ ਜਾਣਕਾਰੀ ਇੱਕਠਾ ਕਰਨ ਦਾ ਨਿਰਦੇਸ਼ ਦਿੱਤਾ ਜਾਣਾ ਚਾਹੀਦਾ -

- ਮਿਸ਼ਨ ਅੰਤੋਦਯ ਡਰਾਫਟ ਅਨੁਬੰਧ VIII
- ਡਾਟਾ ਕੁਲੈਕਸ਼ਨ ਡਰਾਫਟ ਅਨੁਬੰਧ XII
- ਸਥਿਤੀ ਵਿਸ਼ਲੇਸ਼ਣ ਡਰਾਫਟ ਅਨੁਬੰਧ XIII
- ਵਿਕਾਸ ਸਥਿਤੀ ਰਿਪੋਰਟ ਡਰਾਫਟ ਅਨੁਬੰਧ XIV

ਸਮੂਹ ਮੈਂਬਰਾਂ ਨੂੰ ਆਪਣੇ ਸਬੰਧਿਤ ਵਾਰਡ ਦੇ ਪਿੰਡ ਵਾਸੀਆਂ ਦੇ ਨਾਲ ਗੱਲਬਾਤ ਕਰਨੀ ਚਾਹੀਦੀ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਦੇ ਬਾਰੇ ਵਿਚ ਚਰਚਾ ਕਰਨੀ ਚਾਹੀਦੀ। ਉਨ੍ਹਾਂ ਇਸ ਦੇ ਇਲਾਵਾ ਆਪਣੇ ਸਬੰਧਿਤ ਵਾਰਡ ਵਿਚ ਪੇਂਡੂਆਂ ਨੂੰ ਗ੍ਰਾਮ ਸਭਾ ਬੈਠਕ ਅਤੇ ਅਪ-ਗ੍ਰਾਮ ਸਭਾ/ਵਾਰਡ ਪੱਧਰ ਦੀ ਬੈਠਕ ਵਿਚ ਭਾਗੀਦਾਰੀ ਵਾਸਤੇ ਸੰਗਠਿਤ ਕਰਨਾ ਚਾਹੀਦਾ ਹੈ। ਲੋਕਾਂ ਨੂੰ ਉਨ੍ਹਾਂ ਦੀ ਉਤਸੁਕਤਾ ਪ੍ਰਗਟ ਕਰਨ ਅਤੇ ਚਰਚਾ ਵਿਚ ਸਰਗਰਮ ਭਾਗ ਲੈਣ ਵਾਸਤੇ ਮੌਕਾ ਪ੍ਰਦਾਨ ਕੀਤਾ ਜਾਣਾ ਚਾਹੀਦਾ। ਉਹ ਆਪਣਾ ਦ੍ਰਿਸ਼ਟੀਕੋਣ ਅਤੇ ਸਮੱਸਿਆਵਾਂ ਸਮੂਹ ਮੈਂਬਰਾਂ ਦੇ ਨਾਲ ਮੁਕਤ ਰੂਪ ਨਾਲ ਸਾਂਝਾ ਕਰ ਸਕਦੇ ਹਨ। ਸਮੂਹ ਮੈਂਬਰ ਵਾਰਡ ਵਿਚ ਭੌਤਿਕ ਅਤੇ ਪ੍ਰਾਕ੍ਰਿਤਕ ਸਾਧਨਾਂ ਦਾ ਮੁੱਲਾਂਕਣ, ਖੁਦ ਉਨ੍ਹਾਂ ਦੇ ਰਾਹੀਂ ਤਿਆਰ ਕੀਤੇ ਗਏ ਵੱਡੇ ਚਾਰਟ 'ਤੇ ਸੰਕਲਨ ਦੇ ਰੂਪ ਵਿਚ ਕਰ ਸਕਦੇ ਹਨ। ਲੋਕ ਆਪਸੀ ਸਹਿਮਤੀ ਨਾਲ ਅਗਲੇ ਦਿਨ ਦੇ ਲਈ ਆਪਣੇ ਖੁਦ ਦੇ ਵਾਰਡ ਵਿਚ ਅਪ-ਗ੍ਰਾਮ ਸਭਾ ਦੇ ਲਈ ਇਕ ਮੱਧਵਰਤੀ ਅਤੇ ਸਾਧਾਰਨ ਸਥਾਨ ਦਾ ਨਿਰਮਾਣ ਕਰ ਸਕਦੇ ਹਨ।

### ਪੜਾਅ IV - ਵਾਰਡ ਸਭਾ ਵਿਚ ਚਰਚਾ ਅਤੇ ਪ੍ਰਵਾਨਗੀ

ਦਿਨ 6 - ਵਾਰਡ ਸਭਾ ਵਿਚ ਚਰਚਾ ਅਤੇ ਪ੍ਰਵਾਨਗੀ

ਅਪ-ਗ੍ਰਾਮ ਸਭਾ/ਵਾਰਡ ਮੀਟਿੰਗ ਦੇ ਦਿਨ, ਸਮੂਹ ਦਾ ਇਕ ਮੈਂਬਰ ਪਿੰਡ ਵਾਸੀਆਂ ਦੀਆਂ ਜ਼ਰੂਰਤਾਂ, ਇੱਛਾਵਾਂ ਅਤੇ ਦ੍ਰਿਸ਼ਟੀਕੋਣ ਦੇ ਇਲਾਵਾਂ ਸਮੱਸਿਆਵਾਂ ਅਤੇ ਮੰਗਾਂ ਨੂੰ ਸਾਂਝਾ ਕਰ ਸਕਦਾ ਹੈ। ਉਹ, ਇਸ ਦੇ ਇਲਾਵਾ, ਵਾਰਡ ਵਿਚ ਉਪਲਬਧ ਭੌਤਿਕ ਅਤੇ ਕੁਦਰਤੀ ਸੰਸਾਧਨਾਂ ਦੀ ਮੌਜੂਦਾ ਸਥਿਤੀ ਦੇ ਬਾਰੇ ਵਿਚ ਇਕੱਠਾ ਡਾਟਾ ਸਾਂਝਾ ਕਰ ਸਕਦੇ ਹਨ। ਵਾਰਡ ਮੈਂਬਰ ਵਲੋਂ ਉਠਾਏ ਗਏ ਮੁੱਦਿਆਂ 'ਤੇ ਆਪਣੇ ਸੁਝਾਅ, ਟਿੱਪਣੀਆਂ ਅਤੇ ਸੋਧਾਂ ਪ੍ਰਗਟ ਕਰ ਸਕਦੇ ਹਨ, ਜੋ ਖੁਦ ਸਮੂਹ ਮੈਂਬਰਾਂ ਵਲੋਂ ਵਿਵੇਕਪੂਰਨ ਢੰਗ ਨਾਲ ਸਾਰਿਆਂ ਦੀ ਸਹਿਮਤੀ ਨਾਲ ਵੱਡੇ ਚਾਰਟ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ। ਮਤਭੇਦ ਦੇ ਮਾਮਲੇ ਗ੍ਰਾਮ ਸਭਾ ਵਿਚ ਫੈਸਲੇ ਵਾਸਤੇ ਪੇਸ਼ ਕੀਤੇ ਜਾ ਸਕਦੇ ਹਨ।



### ਪੜਾਅ V - ਫਾਰਮੇਟ ਜੀਪੀ ਯੋਜਨਾ 'ਤੇ ਚਰਚਾ ਅਤੇ ਪ੍ਰਵਾਨਗੀ

ਦਿਨ 7 - ਵਿਸ਼ੇਸ਼ ਗ੍ਰਾਮ ਸਭਾ ਵਿਚ ਫਾਰਮੇਟ ਜੀਪੀ ਯੋਜਨਾ 'ਤੇ ਚਰਚਾ ਅਤੇ ਪ੍ਰਵਾਨਗੀ

ਅਪ-ਗ੍ਰਾਮ ਸਭਾ ਵਿਚ ਜ਼ਰੂਰਤਾਂ, ਇੱਛਾਵਾਂ ਅਤੇ ਦ੍ਰਿਸ਼ਟੀਕੋਣ 'ਤੇ ਵਿਸਥਾਰਤ ਚਰਚਾ ਦੇ ਆਧਾਰ 'ਤੇ ਸਮੂਹ ਮੈਂਬਰ ਵਾਰਡ ਯੋਜਨਾ ਨੂੰ ਗ੍ਰਾਮ ਪੰਚਾਇਤ ਯੋਜਨਾ ਵਿਚ ਉਨ੍ਹਾਂ ਵੱਡੇ ਚਾਰਟਾਂ 'ਤੇ ਵਿਭਾਗ ਲੜੀ ਵਿਚ ਸ਼ਾਮਿਲ ਕਰ ਸਕਦੇ ਹਨ। ਸਮੂਹ ਮੈਂਬਰ ਚਾਰਟ ਪੇਪਰਾਂ 'ਤੇ ਸੂਚੀਬੱਧ ਲੋਕਾਂ ਦੇ ਸੁਝਾਅ ਅਤੇ ਸਾਰੇ ਡਾਟਾ ਦਰਜ ਕਰ ਸਕਦੇ ਹਨ। ਇਸ ਦਾ ਨਤੀਜਾ ਗ੍ਰਾਮ ਪੰਚਾਇਤ ਯੋਜਨਾ ਦੇ ਰੂਪ ਵਿਚ ਮਿਲੇਗਾ।



ਡਰਾਫਟ ਜੀਪੀ ਯੋਜਨਾ 'ਤੇ ਚਰਚਾ ਵਿਸ਼ੇਸ਼ ਗ੍ਰਾਮ ਸਭਾ ਵਿਚ ਸਾਰੇ ਵਿਕਾਸ/ਸ਼ਾਖਾ ਵਿਭਾਗਾਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿਚ ਕੀਤੀ ਜਾਵੇਗੀ, ਜੋ ਵਿਸ਼ੇਸ਼ ਗ੍ਰਾਮ ਸਭਾ ਵਿਚ ਸਰਗਰਮ ਰੂਪ ਨਾਲ ਭਾਗੀਦਾਰ ਹੋਣਗੇ ਅਤੇ ਡਰਾਫਟ ਯੋਜਨਾ ਵਿਚ ਚੁੱਕੇ ਗਏ ਮੁੱਦਿਆਂ 'ਤੇ ਜਵਾਬ ਦੇਣਗੇ। ਸਾਰੇ ਮੈਂਬਰਾਂ ਨੂੰ ਆਪਣੀ ਸੈਕਟਰ ਵਾਰ ਸੂਖਮ ਯੋਜਨਾਵਾਂ ਲੋਕਾਂ ਅਤੇ ਪ੍ਰਸ਼ਾਸਨ ਦੇ ਨਾਲ ਸਾਂਝਾ ਕਰਨੀਆਂ ਚਾਹੀਦੀਆਂ ਹਨ। ਗ੍ਰਾਮ ਸਭਾ ਦੇ ਮੈਂਬਰਾਂ ਨੂੰ ਸਰਗਰਮ ਰੂਪ ਨਾਲ ਹਿੱਸਾ ਲੈ ਕੇ ਪ੍ਰਸਤਾਵ ਅਤੇ ਸੰਕਲਪ ਪ੍ਰਵਾਨ ਕਰਨੇ ਚਾਹੀਦੇ ਹਨ।

ਇਸ ਸਮੇਂ ਜ਼ਰੂਰਤਾਂ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਸੋਧਾਂ, ਟਿੱਪਣੀਆਂ ਅਤੇ ਨਿਰੀਖਣ ਇਸ ਪੱਧਰ 'ਤੇ ਦਾਖਲ ਕੀਤੇ ਜਾ ਸਕਦੇ ਹਨ। ਇਸ ਪ੍ਰਕ੍ਰਿਆ ਦੇ ਨਤੀਜੇ ਵਜੋਂ, ਅੱਗੇ ਦੀ ਕਾਰਵਾਈ ਵਾਸਤੇ ਇਕ ਆਖਰੀ ਭਾਗੀਦਾਰ ਸੂਖਮ ਯੋਜਨਾ ਸਾਹਮਣੇ ਆਵੇਗੀ। ਗ੍ਰਾਮ ਸਭਾ ਯੋਜਨਾ ਨੂੰ ਲਾਗੂ ਕਰਨਾ ਅਤੇ ਨਿਗਰਾਨੀ ਲਈ ਦਿਸ਼ਾ ਨਿਰਦੇਸ਼ਾਂ ਦੇ ਉਪਬੰਧਾਂ ਦੇ ਅਨੁਸਾਰ ਕਰਨ ਦੇ ਲਈ ਪੰਜ ਕਾਰਜਕਾਰੀ ਸਮੂਹਾਂ ਦੇ ਗਠਨ ਨੂੰ ਪ੍ਰਵਾਨਗੀ ਦੇ ਸਕਦੀ ਹੈ।



### ਬਲਾਕ ਸਮਿਤੀ ਰਾਹੀਂ ਆਖਰੀ ਰੂਪ ਦਿੱਤਾ ਜਾਣਾ

ਗ੍ਰਾਮ ਸਭਾ ਤੋਂ ਪ੍ਰਾਪਤ ਆਖਰੀ ਯੋਜਨਾ ਬਲਾਕ ਸਮਿਤੀ ਦੇ ਲਈ ਇਕ ਇੱਛਾ ਸੂਚੀ ਹੋਵੇਗੀ, ਜਿਸ ਨੂੰ ਸਮਿਤੀ ਰਾਹੀਂ, ਉਨ੍ਹਾਂ ਦੇ ਕੋਲ ਵੱਖ-ਵੱਖ ਵਿਭਾਗਾਂ ਦੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਤੋਂ ਉਪਲਬਧ ਸੰਸਾਧਨਾਂ ਦੇ ਇਲਾਵਾ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਦੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਤੋਂ ਉਪਲਬਧ ਨਿਧੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਆਖਰੀ ਰੂਪ ਪ੍ਰਦਾਨ ਕਰਨਾ ਹੋਵੇਗਾ। ਇਸ ਵਿੱਤੀ ਯੋਜਨਾ ਨੂੰ ਆਖਰੀ ਰੂਪ ਦੇਣ ਦੇ ਬਾਅਦ, ਬਲਾਕ ਸਮਿਤੀ ਨੂੰ ਯੋਜਨਾ ਦਾ ਅਨੁਛੇਦੀਕਰਨ ਦਿਸ਼ਾਨਿਰਦੇਸ਼ਾਂ ਦੇ ਫਾਰਮੈਟ ਦੇ ਅਨੁਸਾਰ ਸ਼ੁਰੂ ਕਰਨਾ ਚਾਹੀਦਾ ਹੈ।

ਕਾਰਜਕਾਰੀ ਸਮੂਹ ਇਸ ਫਾਰਮੈਟ ਯੋਜਨਾ ਵਿਚ ਸ਼ਾਮਿਲ ਕੰਮਾਂ ਤਰਜੀਹੀਕਰਨ 'ਤੇ ਅੱਗੇ ਕੰਮ ਕਰਨਗੇ। ਕੰਮਾਂ ਦਾ ਤਰਜੀਹੀਕਰਨ ਤੈਅ ਕਰਨ ਅਤੇ ਸੰਸਾਧਨਾਂ ਦੀ ਪਛਾਣ ਕਰਨ ਦੇ ਬਾਅਦ ਵੱਧ ਤੋਂ ਵੱਧ ਕੁਸ਼ਲਤਾ ਅਤੇ ਉਪਯੋਗ ਹਾਸਲ ਕਰਨ ਦੇ ਲਈ ਇਕ ਵਿਆਖਿਆ ਤਿਆਰ ਕਰਨੀ ਹੋਵੇਗੀ। ਕਾਰਜਕਾਰੀ ਸਮੂਹ ਇਹ ਯੋਜਨਾ ਜ਼ਿਲ੍ਹਾ ਪ੍ਰੀਸ਼ਦ ਦੇ ਮਾਧਿਅਮ ਨਾਲ ਪੰਚਾਇਤ ਸਮਿਤੀ ਦੇ ਕੋਲ ਜ਼ਿਲ੍ਹਾ ਯੋਜਨਾ ਸਮਿਤੀ ਰਾਹੀਂ ਇਸ ਦੀ ਪ੍ਰਵਾਨਗੀ ਵਾਸਤੇ ਭੇਜਣਗੇ। ਬਾਅਦ ਵਿਚ, ਤਕਨੀਕੀ ਅਤੇ ਪ੍ਰਸ਼ਾਸਨਿਕ ਪ੍ਰਵਾਨਗੀ, ਵਿੱਤੀ ਮਨਜ਼ੂਰੀਆਂ ਹਰੇਕ ਉਦੇਸ਼ ਕੰਮ ਦੇ ਸਾਹਮਣੇ ਦਰਜ ਸਮੇਂ ਸੀਮਾਵਾਂ ਵਿਚ ਦਿੱਤੀਆਂ ਜਾਣਗੀਆਂ। ਇਹ ਕਾਰਜਕਾਰੀ ਸਮੂਹ ਸਬੰਧਿਤ ਵਿਭਾਗਾਂ ਵਲੋਂ ਲਾਜ਼ਮੀ ਅਤੇ ਨਿਯਮਤ ਗੁਣਵੱਤਾ ਨਿਰੀਖਣ ਵੀ ਯਕੀਨੀ ਬਣਾਉਣਗੇ। ਗ੍ਰਾਮ ਪੰਚਾਇਤ ਵਿਕਾਸ ਯੋਜਨਾ ਵਿਚ ਸ਼ਾਮਿਲ ਕੰਮਾਂ ਦਾ ਨਿਸ਼ਪਾਦਨ ਅਤੇ ਭੌਤਿਕ ਨਿਗਰਾਨੀ ਗ੍ਰਾਮ ਸਭਾ ਵਿਚ ਤਿਮਾਹੀ ਆਧਾਰ 'ਤੇ ਪੇਸ਼ ਕੀਤਾ ਜਾਵੇਗਾ, ਜਿਸ ਵਿਚ ਯੋਜਨਾ ਟੀਚਿਆਂ ਨੂੰ ਪੂਰਨਾ ਕੀਤੇ ਜਾ ਸਕਣ ਦੇ ਕਾਰਨ ਅਤੇ ਦੋਸ਼ ਸੁਧਾਰ ਦੇ ਲਈ ਸੁਝਾਏ ਗਏ ਉਪਾਅ ਵਿਚ ਦਰਜ਼ ਕੀਤੇ ਜਾਣਗੇ। ਇਸ ਦੇ ਇਲਾਵਾ, ਗ੍ਰਾਮ ਸਭਾ ਰਾਹੀਂ ਅਨੁਮੋਦਿਤ ਯੋਜਨਾ ਦੇ ਕੰਮ ਦੀ ਗਤੀ ਵਧਾਉਣ ਦੇ ਲਈ ਪ੍ਰਦਰਸ਼ਨ ਦੀ ਸਮੀਖਿਆ ਅਤੇ ਨਿਗਰਾਨੀ ਕਰ ਸਕਦੀ ਹੈ। ਯੋਜਨਾ ਦੀ ਪ੍ਰਗਤੀ ਸਮੀਖਿਆ ਗ੍ਰਾਮ ਸਭਾ ਦੇ ਲਈ ਇਕ ਨਿਯਮਿਤ ਤਿਮਾਹੀ ਵਿਸ਼ੇਸ਼ਤਾ ਹੋਣੀ ਚਾਹੀਦੀ ਹੈ।

### ਨਤੀਜਾ :

ਇਹ ਪਹਿਲ ਅਤੇ ਕੋਸ਼ਿਸ਼ ਯਕੀਨੀ ਬਣਾਏਗਾ ਕਿ ਬੁਨਿਆਦੀ ਪੱਧਰ 'ਤੇ ਯੋਜਨਾ ਬਣਾਉਣਾ ਸੰਭਵ ਹੈ ਅਤੇ ਸਥਾਨਕ ਭਾਈਚਾਰਾ ਇਕ ਗਤੀਸ਼ੀਲ ਭੂਮਿਕਾ ਨਿਭਾ ਸਕਦਾ ਹੈ। ਸਾਰੇ ਹਿੱਤਧਾਰਕਾਂ ਦੀ ਸਮਰੱਥਾ ਦਾ ਵਿਕਾਸ ਇਕ ਮਹੱਤਵਪੂਰਨ ਪਹਿਲੂ ਅਤੇ ਸਹਿਭਾਗੀ ਸਿਖਲਾਈ ਦੇ ਮਾਧਿਅਮ ਨਾਲ ਪ੍ਰਦਾਨ ਕੀਤਾ ਗਿਆ ਉਪਯੁਕਤ ਸੂਤਰ ਹੈ, ਜਿਸ ਨਾਲ ਸਮਾਜ ਅਤੇ ਪੀਆਰਆਈ'ਜ਼ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀ ਦੇ ਨਾਲ ਨਿਆਂ ਕਰ ਸਕਦੇ ਹਨ। ਇਰਾਦਾ, ਵਚਨਬੱਧਤਾ ਅਤੇ ਕੋਸ਼ਿਸ ਵਿਚ ਗੰਭੀਰਤਾ ਦੇ ਨਾਲ ਪ੍ਰਸ਼ਾਸਨ ਦੀ ਸਹਾਇਤਾ ਸਫ਼ਲਤਾ ਦੀ ਕੁੰਜੀ ਹੈ। ਸਾਰੇ ਹਿੱਤਧਾਰਕ ਆਪਣੀ ਭੂਮਿਕਾ ਪ੍ਰਭਾਵਸ਼ਾਲੀ ਢੰਗ ਨਾਲ ਇਕਸਾਰ ਤਰੀਕੇ ਨਾਲ ਨਿਭਾ ਸਕਦੇ ਹਨ, ਜੋ ਅਖੀਰ : ਲੋਕਾਂ ਦੇ ਸ਼ਕਤੀਕਰਨ ਅਤੇ ਵਿਕੇਂਦਰੀਕ੍ਰਿਤ ਯੋਜਨਾ ਦੇ ਲਈ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ।

### ਹਵਾਲਾ :


1. ਦਲੀਪ ਸਿੰਘ ਭੂਰੀਆ ਸਮਿਤੀ (1994)

2. ਬੁਨਿਆਦੀ ਪੱਧਰ 'ਤੇ ਯੋਜਨਾ, (2006) ਮਾਹਿਰ ਸਮੂਹ, ਯੋਜਨਾ ਆਯੋਗ, ਭਾਰਤ ਸਰਕਾਰ ਦੀ ਰਿਪੋਰਟ।

3. ਰਾਜੀਵ ਬੰਸਲ, (2013) ਪਾਲੀਟੀਕਲ ਇਕੋਨਾਮੀ ਜਰਨਲ ਆਫ ਇੰਡੀਆ, ਵਾਲ.23, ਸੰ.2 ਵਿਚ ਸਥਾਨਕ ਸਵੈ-ਸੇਵਕਾਂ ਦੇ ਨਾਲ ਬੁਨਿਆਦੀ ਪੱਧਰ 'ਤੇ ਯੋਜਨਾ।

4. ਰਾਜੀਵ ਬੰਸਲ, (2012) ਗ੍ਰਾਮ/ਪੰਚਾਇਤ ਵਿਕਾਸ ਯੋਜਨਾ ਦਾ ਸੂਤਰੀਕਰਨ, ਹਿਮਾਚਲ ਪ੍ਰਦੇਸ਼ ਗ੍ਰਾਮੀਣ ਵਿਕਾਸ ਸੰਸਥਾਨ, ਸ਼ਿਮਲਾ।

5. ਜੀਪੀਡੀਪੀ ਦਿਸ਼ਾ ਨਿਰਦੇਸ਼, (2018) ਪੰਚਾਇਤੀ ਰਾਜ ਮੰਤਰਾਲਾ, ਭਾਰਤ ਸਰਕਾਰ।

# ਪੱਲੇ ਪ੍ਰਗਤੀ ਪ੍ਰੋਗਰਾਮ, ਪਿੰਡਾਂ ਦੇ ਵਿਕਾਸ ਵਾਸਤੇ ਇਕ ਵਚਨਬੱਧਤਾ

"ਸਾਰੇ ਪਿੰਡਾਂ ਅਤੇ ਉਪਨਗਰਾਂ ਨੂੰ ਹਰੇ ਭਰੇ ਵਾਤਾਵਰਨ ਨਾਲ ਹਮੇਸ਼ਾ ਸਾਫ਼ ਰਹਿਣਾ ਚਾਹੀਦਾ, ਤਾਂ ਕਿ ਲੋਕ ਚੰਗੀ ਗੁਣਵੱਤਾ ਦਾ ਜੀਵਨ ਜੀਅ ਸਕਣ। ਤੇਲੰਗਾਨਾ ਵਿਚ ਸਾਰੇ ਘਰਾਂ ਵਿਚ ਟੂਟੀ ਦੇ ਰਾਹੀਂ ਸੁਰੱਖਿਅਤ ਪਾਣੀ ਦੀ ਸਪਲਾਈ ਕੀਤੀ ਜਾਣੀ ਚਾਹੀਦੀ। ਪੂਰੇ ਸੂਬੇ ਵਿਚ, 24-ਘੰਟੇ ਨਿਰਵਿਘਨ ਬਿਜਲੀ ਸਪਲਾਈ ਕੀਤੀ ਜਾਣੀ ਚਾਹੀਦੀ। ਮੇਰਾ ਦ੍ਰਿਸ਼ਟੀਕੋਣ "ਬੰਗਾਰੂ ਤੇਲੰਗਾਨਾ", ਸਾਰੇ ਉਪਲਬਧ ਸੰਸਾਧਨਾਂ ਦੇ ਉਪਯੋਗ ਰਾਹੀਂ ਸਾਰੇ ਖੇਤਰਾਂ ਵਿਚ ਵਿਕਸਿਤ ਰਾਜ ਹੈ।"

**(ਸ਼੍ਰੀ ਕਲਵਾਕੁਤੰਲਾ ਚੰਦਰਸ਼ੇਖਰ ਰਾਵ, ਮਾਣਯੋਗ ਮੁੱਖ ਮੰਤਰੀ ਤੇਲੰਗਾਨਾ ਰਾਜ)**

*ਬੀ ਸ੍ਰਿਵਿਆ ਰੈਡੀ

## 2018 ਤੋਂ ਪਹਿਲਾਂ ਸਥਿਤੀ ..

ਇਕ ਅਲੱਗ ਸੂਬੇ ਦੇ ਲਈ ਦਹਾਕਿਆਂ ਦੇ ਅੰਦੋਲਨ ਦੇ ਬਾਅਦ, ਤੇਲੰਗਾਨਾ 2 ਜੂਨ 2014 ਨੂੰ ਭਾਰਤ ਸੰਘ ਦਾ 29ਵਾਂ ਰਾਜ ਬਣਾਇਆ ਗਿਆ। ਪਰੰਤੂ ਵੰਡ ਦੇ ਬਾਦ ਵੀ ਤੇਲੰਗਾਨਾ ਦੇ ਪਿੰਡਾਂ ਵਿਚ ਸਥਿਤੀ ਭਾਰਤ ਵਿਚ ਸਾਧਾਰਨ ਪਿੰਡ ਵਰਗੀ ਹੀ ਸੀ, ਜਿਥੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਮੱਸਿਆਵਾਂ ਮੌਜੂਦ ਸਨ। ਪਾਣੀ ਦੀ ਸਪਲਾਈ, ਸਫ਼ਾਈ ਅਤੇ ਬਿਜ਼ਲੀ ਸਪਲਾਈ ਵਰਗੀਆਂ ਬੁਨਿਆਦੀ ਸੁਵਿਧਾਵਾਂ ਹਮੇਸ਼ਾ ਦਬਾਅ ਵਿਚ ਰਹਿੰਦੀਆਂ ਸਨ। ਪੂਰੇ ਪਿੰਡ ਵਿਚ ਇਕ ਜਾਂ ਦੋ ਖੂਹ ਹੋਣੇ, ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋਣ ਅਤੇ ਪਾਣੀ ਵਿਚ ਫਲੋਰਾਈਡ ਤੱਤ ਕਾਫ਼ੀ ਮਾਤਰਾ ਵਿਚ ਹੋਣ ਦੇ ਕਾਰਨ ਪੀਣ ਵਾਲਾ ਪਾਣੀ ਇਕ ਮੁੱਖ ਸਮੱਸਿਆ ਸੀ। ਜ਼ਿਆਦਾਤਰ ਪੰਚਾਇਤਾਂ, ਸੁਵਿਧਾਵਾਂ ਤੋਂ ਵਾਂਝੀਆਂ ਦੂਰ-ਦਰਾਜ ਅਤੇ ਅਲੱਗ-ਥਲੱਗ ਆਬਾਦੀ ਇਕ ਹੋਰ ਮੁੱਖ ਸਮੱਸਿਆ ਸੀ। ਹਰਿਆਲੀ ਖੇਤਰ ਦੇ ਸੁਧਾਰ 'ਤੇ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ। ਗ੍ਰਾਮ ਪੰਚਾਇਤਾਂ ਦੇ ਕੋਲ ਬੁਨਿਆਦੀ ਕੰਮਾਂ ਦੇ ਲਈ ਲੋੜੀਂਦੇ ਫੰਡ ਨਹੀਂ ਸਨ। ਪੰਚਾਇਤ ਸਕੱਤਰ ਸਾਰੀਆਂ ਗ੍ਰਾਮ ਪੰਚਾਇਤਾਂ ਵਾਸਤੇ ਉਪਲਬਧ ਨਹੀਂ ਸਨ।

## ਤੇਲੰਗਾਨਾ ਪੰਚਾਇਤ ਰਾਜ ਐਕਟ, 1994 'ਤੇ ਇਕ ਝਾਤ ..

ਮੌਜੂਦਾਂ ਤੇਲੰਗਾਨਾ ਪੰਚਾਇਤੀ ਰਾਜ ਐਕਟ, 1994 ਵਿਚ ਅਨੇਕਾਂ ਕਮੀਆਂ ਹੋਣ ਦੇ ਕਾਰਨ ਗ੍ਰਾਮ ਪੰਚਾਇਤ ਪ੍ਰਸ਼ਾਸਨ ਬੁਨਿਆਦੀ ਕੰਮ ਕਰਨ ਵਿਚ ਅਸਮਰੱਥ ਸੀ। ਤੇਲੰਗਾਨਾ ਪੰਚਾਇਤ ਰਾਜ ਐਕਟ, 1994 ਨਵੇਂ ਬਣੇ ਰਾਜ ਦੀਆਂ ਵਿਸ਼ੇਸ਼ ਲੋੜਾਂ ਦੀ ਸੰਬੋਧਿਤ ਨਹੀਂ ਕਰਦਾ ਸੀ ਅਤੇ ਇਸ ਐਕਟ ਦਾ ਉਪਬੰਧ ਵਿਕਾਸ ਏਜੰਡਾ ਦੇ ਨਾਲ ਰਾਜ ਦੀ ਵਰਤਮਾਨ ਜ਼ਰੂਰਤਾਂਵਾ ਦੀ ਪੂਰਤੀ ਵੀ ਨਹੀਂ ਕਰਦਾ ਸੀ। ਇਸ ਐਕਟ ਦੇ ਉਪਬੰਧ ਪੰਚਾਇਤ ਰਾਜ ਸੰਸਥਾਵਾਂ ਦੀ ਕਾਰਜਪ੍ਰਣਾਲੀ ਵਿਚ ਜ਼ਿੰਮੇਦਾਰੀ ਅਤੇ ਪਾਰਦਰਸ਼ਿਤਾ ਸੁਨਿਸਚਿਤ ਕਰਨ ਵਾਸਤੇ ਵੀ ਕਾਫ਼ੀ ਨਹੀਂ ਸੀ।

## ਤੇਲੰਗਾਨਾ ਪੰਚਾਇਤ ਰਾਜ (ਟੀਪੀਆਰ) ਐਕਟ, 2018 ਦਾ ਐਕਟ ..

ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੇ ਲਈ, ਤੇਲੰਗਾਨਾ ਸਰਕਾਰ ਨੇ ਪੰਚਾਇਤ ਰਾਜ ਸੰਸਥਾਵਾਂ ਦੇ ਸ਼ਾਸਨ ਦੇ ਸੁਧਾਰ ਅਤੇ ਪਿੰਡਾਂ ਦੀ ਟਿਕਾਊ ਕਾਇਆਪਲਟ ਦੇ ਖਾਸ ਟੀਚਿਆਂ ਅਤੇ ਉਦੇਸ਼ਾਂ ਦੇ ਨਾਲ 2018 ਵਿਚ ਨਵਾਂ ਪੰਚਾਇਤੀ ਰਾਜ ਐਕਟ ਲਿਆਉਣ ਦਾ ਫ਼ੈਸਲਾ ਕੀਤਾ ਹੈ। ਮੌਜੂਦਾ ਟੀਪੀਆਰ ਐਕਟ, 2018 ਵਿਚ ਪੀਆਰਆਈ'ਜ਼ ਅਤੇ ਗ੍ਰਾਮ ਪੰਚਾਇਤਾਂ ਦੇ ਸਾਹਮਣੇ ਆਈ ਹਰ ਰੁਕਾਵਟ ਨੂੰ ਸੰਬੋਧਿਤ ਕੀਤਾ ਗਿਆ ਹੈ। ਕੰਮ ਇਥੇ ਖਤਮ ਨਹੀਂ ਹੁੰਦਾ ਅਤੇ ਨਵੇਂ ਟੀਪੀਆਰ ਐਕਟ, 2018 ਦੇ ਐਕਟ ਦੇ ਬਾਅਦ, ਸਰਕਾਰ ਨੇ ਸੁਨਿਸਚਿਤ ਕੀਤਾ ਹੈ ਕਿ ਐਕਟ ਵਿਚ ਸੁਧਾਰਾਂ ਨੂੰ ਪੱਲੇ ਪ੍ਰਗਤੀ ਨਾਮਕ ਇਕ ਗ੍ਰਾਮ ਵਿਕਾਸ ਪ੍ਰੋਗਰਾਮ ਦੇ ਮਾਧਿਅਮ ਨਾਲ ਲਾਗੂ ਕੀਤਾ ਜਾਂਦਾ ਹੈ। ਨਵੇਂ ਤੇਲੰਗਾਨਾ ਪੀਆਰ ਐਕਟ, 2018 ਵਿਚ ਵਿਵਸਥਾ, ਜੋ ਤੇਲੰਗਾਨਾ ਰਾਜ ਦੇ ਪਿੰਡਾਂ ਵਿਚ ਵਿਕਾਸ ਦਾ ਇਕ ਨਵਾਂ ਯੁੱਗ ਸ਼ੁਰੂ ਕਰਦੇ ਹਨ ਹੇਠ ਅਨੁਸਾਰ ਹੈ:

- ਸਰਪੰਚ/ਜੀਪੀ ਨੂੰ ਇਕ ਸੁਰੱਖਿਅਤ ਵੰਡ ਏਜੰਸੀ ਤੋਂ ਸੇਵਾ ਪ੍ਰਦਾਨ ਕੇਂਦਰ ਦੇ ਰੂਪ ਵਿਚ ਬਦਲਣਾ।
- ਐਕਟ ਵਿਚ ਗ੍ਰਾਮ ਪੰਚਾਇਤ ਦੀ ਮੁਢਲੀ ਭੂਮਿਕਾ ਪਰਿਭਾਸ਼ਿਤ ਕੀਤੀ ਗਈ ਹੈ, ਜਿਸ ਵਿਚ ਇਸ ਨੂੰ ਸਫ਼ਾਈ, ਬੂਟੇ ਲਗਾਉਣੇ, ਸਟਰੀਟ ਲਾਈਟਾਂ ਦੀ ਸਾਂਭ ਸੰਭਾਲ ਅਤੇ ਟੈਕਸ ਇਕੱਠਾ ਕਰਨ ਵਾਸਤੇ ਜਵਾਬਦੇਹ ਬਣਾਇਆ ਗਿਆ ਹੈ, ਜੋ ਬੁਨਿਆਦੀ ਕੰਮ ਹਨ। ਆਦਰਸ਼ ਪਿੰਡ ਦੇ ਲਈ ਸਪੱਸ਼ਟ ਰੂਪ ਨਾਲ ਸਪੱਸ਼ਟ ਦ੍ਰਿਸ਼ਟੀਕੋਣ।
- ਐਕਟ ਵਿਚ ਗ੍ਰਾਮ ਪੰਚਾਇਤ, ਸਰਪੰਚਾਂ, ਪੰਚਾਇਤ ਸਕੱਤਰਾਂ

*ਰਾਜ ਐਸਐਲਡਬਲਯੂਐਮ ਮਾਹਿਰ, ਪੀਆਰ ਅਤੇ ਆਰਡੀ ਵਿਭਾਗ, ਤੇਲੰਗਾਨਾ

ਅਤੇ ਹੋਰ ਨਿਗਰਾਨ ਅਧਿਕਾਰੀਆਂ ਦੀ ਜਵਾਬਦੇਹੀ, ਕਰਤੱਵ ਅਤੇ ਜ਼ਿੰਮੇਵਾਰੀਆਂ ਸੁਨਿਸਚਿਤ ਕਰਨ ਵਾਸਤੇ ਵਿਵਸਥਾ, ਸੂਖਮ ਬਿਆਰੇ ਵਿਚ ਦਿੱਤੀ ਗਈ ਹੈ। ਐਕਟ ਵਿਚ ਪ੍ਰਮਾਣਿਤ-ਯੋਗ ਕਾਰਗੁਜ਼ਾਰੀ ਮਾਪਦੰਡ ਪੇਸ਼ ਕੀਤੇ ਗਏ ਹਨ।

- ਸਭ ਤੋਂ ਪਹਿਲੀ ਵਾਰ, ਐਕਟ ਵਿਚ ਸਰਪੰਚਾਂ ਅਤੇ ਪੰਚਾਇਤ ਸਕੱਤਰਾਂ ਦੇ ਵਿਚਾਰਿਤ ਬਰਖਾਸਤ ਕਰਨ ਦੀ ਵਿਵਸਥਾ ਦਿੱਤੀ ਗਈ ਹੈ; ਜੇਕਰ ਉਹ ਪਿੰਡ ਸਾਰਿਆਂ ਦਾ ਆਯੋਜਨ ਸਮੇਂ ਅਨੁਸਾਰ ਕਰਾਉਣ ਵਿਚ ਅਸਫ਼ਲ ਰਹਿੰਦੇ ਹਨ ਜਾਂ ਆਡਿਟ ਸਮੇਂ 'ਤੇ ਪੂਰਾ ਕਰਵਾਉਣ ਵਿਚ ਅਸਫ਼ਲ ਰਹਿੰਦੇ ਹਨ।
- ਜੇਕਰ, ਸਰਪੰਚ ਐਕਟ ਦੇ ਅਨੁਸਾਰ ਆਪਣੇ ਕਰਤੱਵਾਂ ਦਾ ਪਾਲਣ ਕਰਨ ਵਿਚ ਅਸਫ਼ਲ ਰਹਿੰਦੇ ਹਨ, ਸਰਪੰਚਾਂ ਨੂੰ ਹਟਾਉਣ ਸਮੇਂ ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀਆਂ ਸ਼ਕਤੀਆਂ ਜ਼ਿਲ੍ਹਾ ਕੁਲੈਕਟਰਾਂ ਨੂੰ ਦਿੱਤੀਆਂ ਗਈਆਂ ਹਨ।
- ਸਰਪੰਚਾਂ ਦੇ ਵਿਰੁੱਧ ਅਨੁਸ਼ਾਸਨੀ ਮਾਮਲਿਆਂ ਵਿਚ ਸਿਆਸੀ ਦਖਲਅੰਦਾਜ਼ੀ ਦੇ ਖਾਤਮੇ ਵਾਸਤੇ ਅਤੇ ਵਿਵਸਥਾ ਵਿਚ ਪਾਰਦਰਸ਼ਿਤਾ ਅਤੇ ਜਵਾਬਦੇਹੀ ਸੁਨਿਸਚਿਤ ਕਰਨ ਵਾਸਤੇ ਸਰਕਾਰ ਨੂੰ ਅਪੀਲ ਕਰਨ ਦੀ ਸ਼ਕਤੀ ਨੂੰ ਗ੍ਰਾਮ ਪੰਚਾਇਤ ਟ੍ਰਿਬਿਊਨਲ ਦੇ ਗਠਨ ਰਾਹੀਂ ਪ੍ਰਤੀਸਥਾਪਿਤ ਕੀਤਾ ਗਿਆ ਹੈ।
- ਗ੍ਰਾਮ ਪੰਚਾਇਤਾਂ ਦੇ ਆਕਾਰ ਅਤੇ ਸਰੋਤਾਂ ਦੀ ਪ੍ਰਭਾਵਸ਼ਾਲੀ ਯੋਜਨਾਬੰਦੀ 'ਤੇ ਵਿਚਾਰ ਕਰਦੇ ਹੋਏ ਸਰਕਾਰ ਨੇ ਮੁੱਖ ਤੌਰ 'ਤੇ ਪਿੰਡ ਤੋਂ ਦੂਰ ਸਥਿਤ ਆਬਾਦੀਆਂ ਅਤੇ ਆਦਿਵਾਸੀਆਂ ਨੂੰ ਨਵੀਆਂ ਗ੍ਰਾਮ ਪੰਚਾਇਤਾਂ ਘੋਸ਼ਿਤ ਕਰਦੇ ਹੋਏ ਗ੍ਰਾਮ ਪੰਚਾਇਤਾਂ ਦੀ ਸੰਖਿਆ 8684 ਗ੍ਰਾਮ ਪੰਚਾਇਤਾਂ ਤੋਂ ਵਧਾ ਕੇ 12751 ਗ੍ਰਾਮ ਪੰਚਾਇਤਾਂ ਕਰ ਦਿੱਤੀਆਂ ਹਨ, ਤਾਂ ਕਿ ਉਨ੍ਹਾਂ ਅਨੁਸੂਚਿਤ ਆਬਾਦੀਆਂ ਵਿਚ ਲੋਕਾਂ ਨੂੰ ਮਜ਼ਬੂਤ ਬਣਾ ਕੇ ਉਨ੍ਹਾਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਜਾ ਸਕੇ।
- ਵਿਵਸਥਾ ਵਿਚ ਵਿੱਤੀ ਅਨੁਸ਼ਾਸਨ ਦੇ ਗਠਨ ਵਾਸਤੇ ਅਤੇ ਮਹੀਨਾਵਾਰ ਖਰਚਿਆਂ ਜਿਵੇਂ ਕਿ ਤਨਖਾਹ, ਕਰਜ਼, ਬਿਜਲੀ ਖਰਚ ਆਦਿ, ਦਾ ਤੁਰੰਤ ਭੁਗਤਾਨ ਸੁਨਿਸਚਿਤ ਕਰਨ ਵਾਸਤੇ ਤੁਰੰਤ ਅਦਾਇਗੀ ਦੀ ਵਿਵਸਥਾ ਐਕਟ ਵਿਚ ਹੀ ਕਰ ਦਿੱਤੀ ਗਈ ਸੀ।

**ਟੀਪੀਆਰ, 2018 ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੱਲੇ ਪ੍ਰਗਤੀ ਪ੍ਰੋਗਰਾਮ ਦੀ ਸ਼ੁਰੂਆਤ . . .**

ਬਹੁ-ਸ਼ਾਖਾ ਰਣਨੀਤੀ ਵਾਲੇ ਪੱਲੇ ਪ੍ਰਗਤੀ ਪ੍ਰੋਗਰਾਮ ਦੀ ਸ਼ੁਰੂਆਤ ਮਾਣਯੋਗ ਮੁੱਖ ਮੰਤਰੀ ਵਲੋਂ 06 ਸਤੰਬਰ, 2019 ਨੂੰ ਜੀਵਨ ਦੀ ਗੁਣਵੱਤਾ ਵਿਚ ਬੁਨਿਆਦੀ ਤਬਦੀਲੀ ਲਿਆਉਣ ਵਾਸਤੇ ਕੀਤੀ ਗਈ ਸੀ। ਪੱਲੇ ਪ੍ਰਗਤੀ ਪ੍ਰੋਗਰਾਮ ਦੇ ਅਧੀਨ, ਬੁਨਿਆਦੀ ਕੰਮਾਂ ਦੇ ਨਾਲ ਸਬੰਧਿਤ ਸਮਾਂ-ਬੱਧ ਟੀਚਾ ਅਭਿਆਨ ਨਿਰਧਾਰਤ ਅਤੇ ਪੂਰੇ ਕੀਤੇ ਜਾਂਦੇ ਹਨ। ਪ੍ਰੋਗਰਾਮ ਦੇ ਦੌਰਾਨ ਸਪੱਸ਼ਟ ਗ੍ਰਾਮ ਵਿਕਾਸ ਯੋਜਨਾਵਾਂ ਤਿਆਰ ਅਤੇ ਲਾਗੂ ਕੀਤੀਆਂ ਗਈਆਂ ਹਨ। ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਵਾਸਤੇ ਫੰਡਾਂ, ਕਾਰਕੁੰਨਾਂ ਅਤੇ ਕੰਮ ਦਾ ਵਿਕੇਂਦਰੀਕ੍ਰਿਤ, ਲਾਮਬੰਦ ਅਤੇ ਨਿਯੋਜਿਤ ਕੀਤੇ ਗਏ ਹਨ। ਲੋੜੀਂਦੀ ਸਹਾਇਤਾ ਅਤੇ ਬੁਨਿਆਦੀ ਢਾਂਚੇ ਗਠਿਤ ਕੀਤੇ ਗਏ ਹਨ। ਠੋਸ ਅਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਪ੍ਰਕ੍ਰਿਆ ਮਜ਼ਬੂਤ ਬਣਾਈ ਗਈ ਹੈ। ਪੱਲੇ ਪ੍ਰਗਤੀ ਪ੍ਰੋਗਰਾਮ ਇਕ ਰੋਜ਼ਾਨਾ ਪ੍ਰਕ੍ਰਿਆ ਹੈ ਅਤੇ ਇਸ ਵਿਚ ਟੀਚਾ ਮੁਖੀ ਅਭਿਆਨ ਹਰ ਤਿਮਾਹੀ ਵਿਚ ਜਾਂ ਜ਼ਰੂਰ ਅਨੁਸਾਰ ਚਲਾਏ ਗਏ। ਅੱਜ ਤੱਕ, ਅਜਿਹੇ 4 ਪੱਲੇ ਪ੍ਰਗਤੀ ਅਭਿਆਨ ਚਲਾਏ ਜਾ ਚੁੱਕੇ ਹਨ। ਪੀਆਰ ਐਕਟ ਦੇ ਅਧੀਨ ਨਿਰਧਾਰਤ ਜੀਪੀ ਦੇ ਬੁਨਿਆਦੀ ਕੰਮ ਇਸ ਪ੍ਰੋਗਰਾਮ ਦੇ ਤਹਿਤ ਲਾਗੂ ਕੀਤੇ ਜਾ ਰਹੇ ਹਨ।



**ਪੱਲੇ ਪ੍ਰਗਤੀ ਪ੍ਰੋਗਰਾਮ ਦੇ ਅਧੀਨ ਵਿਕਾਸ . . .**

**ਸੰਸਥਾਗਤ ਗਠਨ**

ਸਥਾਨਕ ਸੰਸਥਾਵਾਂ ਦੇ ਪ੍ਰਭਾਵੀ ਨਿਗਰਾਨੀ ਅਤੇ ਨਿਰੀਖਣ ਦੇ ਲਈ, ਸਾਰੇ ਜ਼ਿਲ੍ਹਿਆਂ ਵਿਚ ਵਧੀਕ ਕੁਲੈਕਟਰ (ਲੋਕਲ ਬਾਡੀ) ਦੇ ਪੱਦ ਸਿਰਜਨ ਟੀਪੀਆਰ ਐਕਟ, 2018 ਵਿਚ ਨਿਰਧਾਰਤ ਗਤੀਵਿਧੀਆਂ ਦੀ ਡੂੰਘੀ ਜਾਂਚ ਵਾਸਤੇ ਕੀਤਾ ਗਿਆ। ਨੌਜਵਾਨ ਆਈਏਐਸ ਅਧਿਕਾਰੀਆਂ ਨੂੰ ਵਧੀਕ ਕੁਲੈਕਟਰ (ਲੋਕਲ ਬਾਡੀ) ਦੇ ਰੂਪ ਵਿਚ ਤਾਇਨਾਤ ਕੀਤਾ ਜਾਂਦਾ ਹੈ।

ਗ੍ਰਾਮ ਪੰਚਾਇਤਾਂ ਦੇ ਪ੍ਰਸ਼ਾਸਨ ਨੂੰ ਮਜ਼ਬੂਤ ਬਣਾਉਣ ਦੇ ਲਈ, 9355


ਨਵੇਂ ਪੰਚਾਇਤ ਸਕੱਤਰਾਂ ਦੀ ਭਰਤੀ ਰਾਹੀਂ ਹਰੇਕ ਗ੍ਰਾਮ ਪੰਚਾਇਤ ਵਿਚ ਇਕ ਖਾਸ ਪੰਚਾਇਤ ਸਕੱਤਰ ਨਿਯੁਕਤ ਕੀਤਾ ਗਿਆ ਹੈ। ਗ੍ਰਾਮ ਪੰਚਾਇਤ ਵਿਚ ਸ਼ੁਰੂ ਕੀਤੀਆਂ ਗਈਆਂ ਗਤੀਵਿਧੀਆਂ ਦੇ ਨਿਰੀਖਣ ਵਾਸਤੇ ਵਿਭਿੰਨ ਪੱਧਰਾਂ 'ਤੇ ਖੇਤਰੀ ਅਧਿਕਾਰੀ ਨਿਯੁਕਤ ਕੀਤੇ ਗਏ ਹਨ। ਜ਼ਿਲ੍ਹਾਂ ਕੁਲੈਕਟਰਾਂ ਨੂੰ ਖਾਲੀ ਅਸਾਮੀਆਂ ਪੈਦਾ ਹੁੰਦੇ ਹੀ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਭਰਨ ਵਾਸਤੇ ਵੀ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ।

### ਮਾਲੀ ਸਹਾਇਤਾ

ਜੀਪੀ ਦੇ ਕੁਸ਼ਲ ਕੰਮਾਂ ਦੇ ਲਈ ਫੰਡਾਂ ਦੀ ਘਾਟ ਦੇ ਮੁੱਦੇ ਦੇ ਹੱਲ ਵਾਸਤੇ, ਰਾਜ ਸਰਕਾਰ ਨੇ ਸਥਾਨਕ ਸੰਸਥਾਵਾਂ ਨੂੰ ਹਰ ਮਹੀਨੇ ਫੰਡ ਜਾਰੀ ਕਰਨ ਦਾ ਫੈਸਲਾ ਕੀਤਾ ਹੈ, ਹਾਲਾਂਕਿ ਐਫਐਫਸੀ ਗ੍ਰਾਂਟਾਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਜਾਂਦੀਆਂ ਹਨ। ਹਰ ਮਹੀਨੇ ਪੰਦਰਵੇਂ ਵਿੱਤ ਆਯੋਗ ਦੀ ਗ੍ਰਾਂਟ ਬਰਾਬਰ ਰਕਮ ਰਾਜ ਬਜਟ ਨਾਲ ਜੋੜੀ ਜਾ ਰਹੀ ਹੈ ਅਤੇ ਪੇਂਡੂ ਸਥਾਨਕ ਸੰਸਥਾਵਾਂ ਨੂੰ ਕੁੱਲ 227.50 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ।

### ਇਕ ਕੁਸ਼ਲ ਠੋਸ ਅਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀ ਦੀ ਸਥਾਪਨਾ

ਨਵੇਂ ਐਕਟ ਵਿਚ, ਪਿੰਡਾਂ ਨੂੰ ਸਾਫ਼ ਬਣਾਏ ਰੱਖਣ ਅਤੇ ਵਾਤਾਵਰਨ ਨੂੰ ਸਾਫ਼ ਬਣਾਏ ਰੱਖਣ ਦੇ ਲਈ ਉਚਿਤ ਸਫ਼ਾਈ ਯਕੀਨੀ ਕਰਨਾ ਗ੍ਰਾਮ ਪੰਚਾਇਤ ਦਾ ਲਾਜ਼ਮੀ ਕਰਤੱਵ ਬਣਾਇਆ ਗਿਆ ਹੈ, ਤਾਂ ਕਿ ਲੋਕ ਸਵਸਥ ਅਤੇ ਉਪਯੋਗੀ ਜੀਵਨ ਜੀਅ ਸਕਣ। ਪਿੰਡਾਂ ਦੀ ਸਫ਼ਾਈ ਵਿਚ ਕੁੱਲ ਮਿਲਾ ਕੇ ਸੁਧਾਰ ਹੋਇਆ ਹੈ ਅਤੇ ਇਸ ਦੇ ਨਤੀਜੇ ਵਜੋਂ ਮੌਸਮੀ ਬਿਮਾਰੀਆਂ ਜਿਵੇਂ ਕਿ ਡੇਂਗੂ, ਟਾਈਫਾਈਡ, ਮਲੇਰੀਆ ਆਦਿ ਰਾਹੀਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸੰਖਿਆ ਜ਼ਿਕਰਯੋਗ ਰੂਪ ਨਾਲ ਘੱਟ ਹੋਈ ਹੈ। ਬਿਮਾਰੀਆਂ ਦੇ ਕਾਲਕ੍ਰਮ ਵਿਚ ਕਮੀ ਦਾ ਚਿਤ੍ਰਣ ਹੇਠਾਂ ਕੀਤਾ ਗਿਆ ਹੈ।




ਠੋਸ ਰਹਿੰਦ-ਖੂੰਹਦ ਪ੍ਰਬੰਧਨ ਵਾਸਤੇ ਢੁਕਵੀਂ ਸਹਾਇਤਾ ਅਤੇ ਬੁਨਿਆਦੀ ਢਾਂਚਾ ਉਪਲਬਧ ਕਰਵਾਉਣ ਵਾਸਤੇ, ਸਰੋਤ 'ਤੇ ਅਲੱਗ-ਥਲੱਗ ਕਰਨ ਨੂੰ ਉਤਸ਼ਾਹਿਤ ਕਰਨ ਵਾਸਤੇ ਹਰ ਪਰਿਵਾਰ ਨੂੰ ਦੋ ਕੂੜੇਦਾਨ ਵੰਡੇ ਗਏ ਹਨ। ਹਰੇਕ ਜੀਪੀ ਵਿਚ, ਕੂੜੇ ਨੂੰ ਅਲੱਗ ਕਰਨ ਅਤੇ ਕੰਪੋਸਟਿੰਗ ਵਾਸਤੇ, ਇਕ ਗ੍ਰਾਮ-ਪੱਧਰ ਐਸ ਡਬਲਯੂ ਐਮ ਸੁਵਿਧਾ ਸਥਾਪਤ ਕੀਤੀ ਗਈ ਹੈ, ਕਿਉਂਕਿ ਗ੍ਰਾਮ ਪੰਚਾਇਤਾਂ ਨੂੰ ਘਰਾਂ ਤੋਂ ਕੂੜਾ ਇਕੱਠਾ ਕਰਨ ਵਿਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਇਸ ਲਈ ਸਰਕਾਰ ਨੇ ਸਾਰੀਆਂ 12751 ਜੀਪੀ'ਜ਼ ਨੂੰ ਇਕ ਟ੍ਰੈਕਟਰ ਅਤੇ ਇਕ ਟਰਾਲੀ ਉਪਲਬਧ ਕਰਵਾਈ ਹੈ ; ਟਰਾਲੀ ਦਾ ਉਪਯੋਗ ਕੂੜੇ ਦੇ ਇਕੱਠਾ ਕਰਨ ਅਤੇ ਹਰੇਕ ਜੀਪੀ ਵਿਚ ਸਥਾਪਿਤ ਕੂੜਾ ਸਹਿ ਕੰਪੋਸਟ ਸ਼ੈਡ ਤੱਕ ਢੋਹਣ ਵਾਸਤੇ ਕੀਤਾ ਜਾਂਦਾ ਹੈ।



ਠੋਸ ਰਹਿੰਦ-ਖੂੰਹਦ ਨੂੰ ਟਰੈਕਟਰਾਂ ਅਤੇ ਟਰਾਲੀਆਂ ਰਾਹੀਂ ਇਕੱਠਾ ਕੀਤਾ ਗਿਆ।

ਗਿੱਲੀ ਰਹਿੰਦ-ਖੂੰਹਦ ਨੂੰ ਪ੍ਰੋਸੈਸ ਕਰਕੇ ਵਰਮੀ ਕੰਪੋਸਟ ਬਣਾਇਆ ਜਾ ਰਿਹਾ ਹੈ ਅਤੇ ਉਸ ਦਾ ਉਪਯੋਗ ਪਿੰਡ ਵਿਚ ਬੂਟੇ ਲਗਾਉਣ ਵਾਸਤੇ ਕੀਤਾ ਜਾ ਰਿਹਾ ਹੈ ਅਤੇ ਇਹ ਕਿਸਾਨਾਂ ਨੂੰ ਵੀ ਵੇਚਿਆ ਜਾ ਰਿਹਾ ਹੈ। ਸੁੱਕਾ ਕੂੜਾ ਫਾਰਵਰਡਿੰਗ ਲਿਕੇਜਿਜ ਜਰੀਏ ਸਥਾਨਕ ਕਬਾੜੀਆਂ ਨੂੰ ਵੇਚਿਆ ਜਾ ਰਿਹਾ ਹੈ।



ਹਰੇਕ ਜੀਪੀ ਵਿਚ ਬਣਿਆ ਕੂੜੇ ਤੋਂ ਖਾਦ ਬਣਾਉਣ ਵਾਲਾ ਸ਼ੈੱਡ

ਖੁੱਲ੍ਹੇ ਵਿਚ ਸ਼ੌਚ ਨੂੰ ਖਤਮ ਕਰਨ ਲਈ ਸਫ਼ਾਈ ਮੁਹਿੰਮ ਦੇ ਅੰਸ਼ ਦੇ ਰੂਪ ਵਿਚ, ਹਰ ਘਰ ਵਿਚ ਇਕ ਵਿਅਕਤੀਗਤ ਘਰੇਲੂ ਪਖਾਨਾ ਸੁਨਿਸਚਿਤ ਕੀਤਾ ਗਿਆ ਹੈ। ਹੁਣ ਤੱਕ 42 ਲੱਖ ਆਈਐਚਐਚਐਲ ਬਣਾਏ ਜਾ ਚੁੱਕੇ ਹਨ (ਐਸਬੀਐਮ-ਜੀ ਦੇ ਅਧੀਨ 19 ਲੱਖ ਆਈਐਚਐਚਐਲ) ਅਤੇ ਜਿਥੇ ਕਿਤੇ ਨਵੀਂ ਜ਼ਰੂਰਤ ਸਾਹਮਣੇ ਆਉਂਦੀ ਹੈ ਨਵੇਂ ਆਈਐਚਐਚਐਲ ਮਨਜੂਰ ਕੀਤੇ ਜਾ ਰਹੇ ਹਨ।

ਪ੍ਰਮੁੱਖ ਰੂਪ ਨਾਲ ਘਰ ਦੇ ਸਾਹਮਣੇ ਜਾਂ ਗਲੀਆਂ ਵਿਚ ਪਾਣੀ ਇਕੱਠਾ ਹੋਣ ਤੋਂ ਰੋਕਣ ਵਾਸਤੇ, ਤਰਲ ਰਹਿੰਦ-ਖੂੰਹਦ ਪ੍ਰਬੰਧ ਅਧੀਨ, ਵਿਅਕਤੀਗਤ ਮੈਜਿਕ ਸੋਕ ਪਿਟਸ ਅਤੇ ਕਮਿਊਨਿਟੀ ਸੋਕ ਪਿਟਸ ਦਾ ਨਿਰਮਾਣ ਕੀਤਾ ਗਿਆ ਹੈ। ਹੁਣ ਤੱਕ 11.5 ਲੱਖ ਵਿਅਕਤੀਗਤ ਮੈਜਿਕ ਸੋਕ ਪਿਟਸ ਅਤੇ 31,606 ਕਮਿਊਨਿਟੀ ਸੋਕ ਪਿਟਸ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ।



ਰਿਸਾਈਕਲ ਕਰਨ ਯੋਗ ਰਹਿੰਦ-ਖੂੰਹਦ ਦੀ ਸਥਾਨਕ ਕਬਾੜੀਏ ਨੂੰ ਵਿਕਰੀ

### ਹਰਿਆਲੀ ਵਿਚ ਸੁਧਾਰ

ਅੱਜ ਦੇ ਪ੍ਰਦੂਸ਼ਣ ਅਤੇ ਪਿੰਡਾਂ ਵਿਚ ਹਰਿਆਲੀ ਦੀ ਘਾਟ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਨੇ ਵੱਡੀ ਮਾਤਰਾ ਵਿਚ ਦਰੱਖਤ ਲਗਾ ਕੇ ਵਾਤਾਵਰਨ ਸੰਤੁਲਨ ਦੀ ਮੁੜ ਪ੍ਰਾਪਤੀ ਅਤੇ ਹਰਿਆਲੀ ਦੇ ਸੁਧਾਰ ਵਾਸਤੇ ਇਕ ਮਹੱਤਵਪੂਰਨ ਪ੍ਰੋਗਰਾਮ ਤੇਲੰਗਾਨਾਕੁਹਰਿਤਹਰਮ ਸ਼ੁਰੂ ਕੀਤਾ ਹੈ। ਟੀਪੀਆਰ ਐਕਟ, 2018 ਵਿਚ ਇਸ ਪ੍ਰੋਗਰਾਮ ਵਿਚ ਭਾਈਚਾਰਿਆਂ ਦੀ ਸਰਗਰਮ ਹਿੱਸੇਦਾਰੀ ਸੁਨਿਸਚਿਤ ਕੀਤੀ ਗਈ ਹੈ। ਇਸ ਪ੍ਰੋਗਰਾਮ ਦੇ ਸ਼ੁਰੂ ਹੋਣ ਦੇ ਬਾਅਦ ਭਾਰਤੀ ਵਣ ਸਰਵੇਖਣ, ਭਾਰਤ ਸਰਕਾਰ ਦੀ ਰਿਪੋਰਟ ਦੇ ਅਨੁਸਾਰ ਹਰਿਆਵਲ ਵਿਚ 3.57 ਪ੍ਰਤੀਸ਼ਤ ਦਾ ਵਿਲੱਖਣ ਵਾਧਾ ਹੋ ਚੁੱਕਾ ਹੈ।

ਇਸੇ ਤਹਿਤ, ਗ੍ਰਾਮ ਪੰਚਾਇਤ ਵਿਚ ਸੜਕਾਂ ਕੰਢੇ, ਖੁੱਲ੍ਹੇ ਸਥਾਨਾਂ ’ਤੇ, ਸੰਸਥਾਨਿਕ ਭਵਨਾਂ ਦੇ ਆਸ-ਪਾਸ, ਸ਼ਮਸ਼ਾਨ- ਘਾਟ ਅਤੇ ਕੰਪੋਸਟ ਸ਼ੈੱਡ ਆਦਿ ਦੇ ਲਈ ਜੈਵਿਕ-ਬਾੜ ਦੇ ਤੌਰ ’ਤੇ ਦਰੱਖਤ ਲਗਾਏ ਗਏ ਹਨ। ਇਸ ਸਮੇਂ ਟੀਪੀਆਰ ਵਿਚ ਦਰਜ ਅਨੁਸਾਰ ਰਾਜ ਵਿਚ 95 ਪ੍ਰਤੀਸ਼ਤ ਪੌਦਿਆਂ ਦੀ ਉਤਰਜੀਵਿਤਤਾ ਸੁਨਿਸਚਿਤ ਕੀਤੀ ਗਈ ਹੈ, ਤਾਂ ਕਿ ਗ੍ਰਾਮ ਪੰਚਾਇਤ ਵਿਚ ਘੱਟ ਤੋਂ ਘੱਟ 85 ਪ੍ਰਤੀਸ਼ਤ ਉੱਤਰਜੀਵਿਤਤਾ ਹਾਸਲ ਕੀਤੀ ਜਾ ਸਕੇ।

ਇਹ ਸੁਨਿਸਚਿਤ ਕਰਨ ਦੇ ਲਈ ਕਿ ਪਿੰਡਾਂ ਵਿਚ ਵਿਕਾਸ ਗਤੀਵਿਧੀਆਂ ਨਾਲ ਮੌਜੂਦਾ ਵਾਤਾਵਰਨ ਪ੍ਰਣਾਲੀ ਵਿਚ ਰੁਕਾਵਟ ਪੈਦਾ ਨਾ ਹੋਵੇ ਅਤੇ ਜੰਗਲੀ ਜੀਵ ਪ੍ਰੇਸ਼ਾਨ ਨਾ ਹੋਣ, ਪੱਲੇਪ੍ਰਕ੍ਰਿਤਿਵਨਮ (ਪੇਂਡੂ ਕੁਦਰਤ ਪਾਰਕ), ਪਿੰਡ ਦੇ ਅੰਦਰ ਮਿਆਵਾਕੀ ਮਾਡਲ ਦੀ ਤਰਜ਼ ’ਤੇ ਨੇੜਲੇ ਅੰਤਰਾਲ ਤੇ ਇਕ ਤੀਬਰ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਪੇਂਡੂ ਪਾਰਕ ਸੰਘਣੇ ਪੌਦੇ ਲਗਾਉਣ ਦੇ ਨਾਲ ਪੇਂਡੂ ਫੇਫੜਿਆਂ ਦੇ ਰੂਪ ਵਿਚ ਕੰਮ ਕਰਨਗੇ ਅਤੇ ਪਿੰਡ ਪੰਚਾਇਤਾਂ ਦੀ ਸੁੰਦਰਤਾ ਵਧਾਉਣਗੇ। ਸਾਰੀਆਂ ਗ੍ਰਾਮ ਪੰਚਾਇਤਾਂ ਅਤੇ ਬਸਤੀਆਂ ਵਿਚ ਕੁੱਲ 19431 ਪੱਲੇਪ੍ਰਕ੍ਰਿਤਵਨਮ ਸਥਾਪਿਤ ਕੀਤੇ ਜਾ ਚੁੱਕੇ ਹਨ।



ਪੱਲੇ ਪ੍ਰਕ੍ਰਿਤੀ ਵਨਮ (ਗ੍ਰਾਮ ਪ੍ਰਕ੍ਰਿਤੀ ਪਾਰਕ)

ਪਹਿਲੇ-ਪਹਿਲ ਨਰਸਰੀਆਂ ਜਾਂ ਤਾਂ ਜੰਗਲਾਤ ਵਿਭਾਗ ਜਾਂ ਬਾਗਬਾਨੀ ਵਿਭਾਗ ਦੇ ਅਧੀਨ ਸਥਾਪਿਤ ਕੀਤੀਆਂ ਜਾਂਦੀਆਂ ਸਨ, ਪਰੰਤੂ ਰਾਜ ਸਰਕਾਰ ਨੇ ਹਰੇਕ ਪਿੰਡ ਪੰਚਾਇਤ ਵਿਚ ਇਕ ਨਰਸਰੀ ਸਥਾਪਿਤ ਕੀਤੀ ਹੈ, ਜਿਵੇਂ ਕਿ ਟੀਪੀਆਰ ਐਕਟ ਵਿਚ ਲਾਜ਼ਮੀ ਤੌਰ 'ਤੇ ਦਰਜ ਕੀਤਾ ਗਿਅ ਹੈ। ਇਥੇ ਬੂਟੇ ਪੇਂਡੂਆਂ ਦੀ ਪਸੰਦ ਦੇ ਅਨੁਸਾਰ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਬੂਟਿਆਂ ਦੀ ਸਾਂਭ-ਸੰਭਾਲ ਲਈ ਜ਼ਰੂਰੀ ਮਨੁੱਖੀ ਵਸੀਲੇ ਗ੍ਰਾਮ ਪੰਚਾਇਤਾਂ ਨੂੰ ਉਪਲਬਧ ਕਰਵਾਏ ਜਾ ਚੁੱਕੇ ਹਨ।

ਹਰੇਕ ਸ਼ੁੱਕਰਵਾਰ ਬੂਟਿਆਂ ਨੂੰ ਪਾਣੀ ਲਗਾਉਣ ਦਾ ਦਿਨ ਨਿਰਧਾਰਤ ਕੀਤਾ ਗਿਆ ਹੈ, ਜਿਥੇ ਗ੍ਰਾਮ ਪੰਚਾਇਤ ਦੇ ਕਾਰਕੁੰਨ ਸਾਰੇ ਬੂਟਿਆਂ ਨੂੰ ਪਾਣੀ ਲਗਾਉਣਾ ਸੁਨਿਸਚਿਤ ਕਰਦੇ ਹਨ। ਸਰਕਾਰ ਨੇ ਬੂਟਿਆਂ ਦੀ 100 ਪ੍ਰਤੀਸ਼ਤ ਉੱਤਰਜੀਵਿਤਤਾ ਸੁਨਿਸਚਿਤ ਕਰਨ ਲਈ ਬੂਟਿਆਂ ਨੂੰ ਨਿਯਮਿਤ ਰੂਪ ਨਾਲ ਪਾਣੀ ਲਗਾਉਣ ਵਾਸਤੇ ਸਾਰੇ 12751 ਜੀਪੀ'ਜ਼ ਨੂੰ ਟੈਂਕਰ ਉਪਲਬਧ ਕਰਵਾਏ ਹਨ।



ਗ੍ਰਾਮ ਪੰਚਾਇਤ ਦੇ ਟੈਂਕਰ ਦੀ ਮਦਦ ਨਾਲ ਬੂਟਿਆਂ ਨੂੰ ਪਾਣੀ ਲਾਉਂਦੇ ਹੋਏ।

ਸਭ ਤੋਂ ਪਹਿਲੀ ਵਾਰ, ਐਕਟ ਵਿਚ ਨਾਗਰਿਕਾਂ ਦੇ ਲਈ ਆਪਣੇ ਘਰਾਂ ਵਿਚ ਘੱਟ ਤੋਂ ਘੱਟ 6 ਬੂਟੇ ਲਗਾਉਣਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਜ਼ਰੂਰੀ ਬਣਾਇਆ ਗਿਆ ਹੈ। ਨਵੇਂ ਐਕਟ ਦੇ ਅਨੁਸਾਰ ਇਨਾਂ ਕਰਤੱਵਾਂ ਦੇ ਪਾਲਣ ਵਿਚ ਅਸਫ਼ਲ ਰਹਿਣ 'ਤੇ ਮਕਾਨ ਮਾਲਕ 'ਤੇ ਹਾਊਸ ਟੈਕਸ ਦੇ ਬਰਾਬਰ ਰਾਸ਼ੀ ਦਾ ਅਰਥਦੰਡ ਲਗਾਇਆ ਜਾ ਸਕਦਾ ਹੈ।



ਹਰ ਸਾਲ ਘਰਾ ਵਿਚ ਲਗਾਏ ਜਾਣ ਵਾਲੇ ਖੇਤਰੀ ਬੂਟੇ ਦਿੱਤੇ ਗਏ

ਸਮੁੱਚੀ ਗਰੀਨ ਬੈਲਟ ਸੁਧਾਰ ਗਤੀਵਿਧੀਆਂ ਦੇ ਲਈ ਗ੍ਰਾਮ ਪੰਚਾਇਤ ਫੰਡ ਦੀ 10 ਪ੍ਰਤੀਸ਼ਤ ਰਾਸ਼ੀ ਹਰਿਆਵਲ ਰਾਸ਼ੀ ਦੇ ਰੂਪ ਵਜੋਂ ਨਿਰਧਾਰਿਤ ਕੀਤੀ ਗਈ ਹੈ, ਜੋ ਲਾਜ਼ਮੀ ਤੌਰ 'ਤੇ ਪਿੰਡ ਵਿਚ ਅਤੇ ਇਸ ਦੇ ਆਸ-ਪਾਸ ਹਰਿਆਵਲ ਵਿਕਸਿਤ ਕਰਨ ਅਤੇ ਸੰਭਾਲ ਬਣਾਏ ਰੱਖਣ ਵਾਸਤੇ ਖਰਚ ਕੀਤੀ ਜਾਣੀ ਹੈ।

### ਉਰਜਾ ਬਚਤ ਵਾਸਤੇ ਤੀਸਰੀ ਤਾਰ ਦੀ ਵਿਵਸਥਾ

ਪਹਿਲਾਂ ਸਟਰੀਟ ਲਾਈਟਾਂ ਚਾਲੂ ਅਤੇ ਬੰਦ ਕਰਨ ਵਾਸਤੇ ਕੋਈ ਵੱਖਰਾ ਪ੍ਰਬੰਧ ਨਹੀਂ ਹੁੰਦਾ ਸੀ ਅਤੇ ਉਸ ਦੇ ਕਾਰਨ ਬਿਜਲੀ ਦੀ ਖਪਤ ਜ਼ਿਆਦਾ ਮਾਤਰਾ ਵਿਚ ਹੁੰਦੀ ਸੀ। ਬਿਜਲੀ ਦੀ ਇਸ ਬੇਲੋੜੀ ਖਤਮ ਤੋਂ ਬਚਣ ਵਾਸਤੇ, ਸਾਰੀਆਂ ਗ੍ਰਾਮ ਪੰਚਾਇਤਾਂ ਵਿਚ ਬਿਜਲੀ ਦੀ ਤੀਸਰੀ ਤਾਰ ਪੁਆਈ ਗਈ ਹੈ ਤਾਂ ਕਿ ਸਟਰੀਰ ਲਾਈਟਾਂ ਆਸਾਨੀ ਨਾਲ ਬੰਦ ਅਤੇ ਚਾਲੂ ਕੀਤੀਆਂ ਜਾ ਸਕਣ। ਸਾਰੀਆਂ ਖਰਾਬ ਸਟਰੀਟ ਲਾਈਟਾਂ ਅਤੇ ਥੱਲੇ ਲਟਕਦੀਆਂ ਤਾਰਾਂ ਸਹੀ ਕਰ ਦਿੱਤੀਆਂ ਗਈਆਂ ਹਨ, ਜਿਸ ਨਾਲ ਸੁਰੱਖਿਆ ਸੁਨਿਸਚਿਤ ਹੋਈ ਹੈ ਅਤੇ ਪਿੰਡ ਦੀ ਸੁੰਦਰਤਾ ਵਿਚ ਵਾਧਾ ਹੋਇਆ ਹੈ।

### ਵੈਕੁੰਠਧਾਮਾਂ (ਸ਼ਮਸ਼ਾਨਘਾਟਾਂ) ਦਾ ਨਿਰਮਾਣ

ਸਾਰੇ ਭਾਈਚਾਰਿਆਂ ਦੀ ਪਹੁੰਚ ਸ਼ਮਸ਼ਾਨਘਾਟਾਂ ਤੱਕ ਨਾ ਹੋਣ ਦੇ ਕਾਰਨ ਹਰ ਗ੍ਰਾਮ ਪੰਚਾਇਤ ਵਿਚ ਵੈਕੁੰਠਧਾਮਾਂ ਦਾ ਨਿਰਮਾਣ ਕਰਵਾਇਆ ਗਿਆ ਹੈ, ਤਾਂ ਕਿ ਜਾਤੀ, ਨਸਲ ਅਤੇ ਧਰਮ ਆਦਿ ਦੇ ਭੇਦਭਾਵ ਦੇ ਬਿਨਾਂ, ਅੰਤਿਮ ਵਿਦਾਈ ਦੇ ਲਈ ਆਉਣ ਵਾਲੇ ਪਰਿਵਾਰਿਕ ਲੋਕਾਂ ਲਈ, ਜਾਤ, ਨਸਲ ਅਤੇ ਧਰਮ ਆਦਿ ਦੇ ਭੇਦਭਾਵ ਦੇ ਬਿਨਾਂ, ਪਲੇਟਫਾਰਮ, ਵਾਸ਼ਰੂਮ ਅਤੇ ਹੋਰ ਸੁਵਿਧਾਵਾਂ ਆਸਾਨ ਹੋਣ।

### ਕੰਮਕਾਜੀ ਘਰੇਲੂ ਟੂਟੀ ਕੁਨੈਕਸ਼ਨ (ਐਫਐਚਟੀਸੀ) ਯਕੀਨੀ ਬਣਾਇਆ

ਮਿਸ਼ਨ ਭਾਗੀਰਥੀ ਪ੍ਰੋਗਰਾਮ ਤਹਿਤ, ਹਰੇਕ ਘਰ ਵਿਚ ਐਫਐਚਟੀਸੀ ਦੇ ਮਾਧਿਅਮ ਨਾਲ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਗਿਆ ਹੈ। ਫਲੋਰਾਈਡ ਨਾਲ ਸਬੰਧਿਤ ਅਤੇ ਹੋਰ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਪਹਿਲਾਂ ਤੋਂ ਹੀ ਖਤਮ ਹੋ ਚੁੱਕੀਆਂ ਹਨ।



ਹਰੇਕ ਐਚਐਚ ਦੇ ਲਈ ਕੰਮਕਾਜੀ ਘਰੇਲੂ ਟੂਟੀ ਕੁਨੈਕਸ਼ਨ

### ਨਿਗਰਾਨੀ ਅਤੇ ਮੁੱਲਾਂਕਣ ਦੇ ਮਧਿਅਮ ਨਾਲ ਅਸਰਦਾਰ ਨਿਯਮ . . .

ਲੋਕਾਂ ਦੀ ਸ਼ਮੂਲੀਅਤ ਵਧਾਉਣ ਦੇ ਲਈ, 4 ਸਥਾਈ ਕਮੇਟੀਆਂ ਨਾਮ :- ਸਫ਼ਾਈ, ਸਟਰੀਟ ਲਾਈਟਾਂ, ਬੂਟੇ ਲਗਾਉਣੇ ਅਤੇ ਨਿਰਮਾਣ ਸਮਿਤੀ ਦਾ ਗਠਨ ਕੀਤਾ ਗਿਆ ਅਤੇ ਇਨ੍ਹਾਂ ਸਥਾਈ ਸਮਿਤੀਆਂ ਵਿਚ ਮਹਿਲਾਵਾਂ ਵਾਸਤੇ 50 ਪ੍ਰਤੀਸ਼ਤ ਰਾਖਵਾਂਕਰਨ ਰੱਖਿਆ ਗਿਆ। ਇਨ੍ਹਾਂ ਸਥਾਈ ਸਮਿਤੀਆਂ ਵਿਚ ਕੁਲ 4,04,569 ਔਰਤਾਂ ਨਿਯੁਕਤ ਕੀਤੀਆਂ ਗਈਆਂ।

ਗ੍ਰਾਮ ਪੰਚਾਇਤਾਂ ਦੀਆਂ ਗਤੀਵਿਧੀਆਂ ਨੂੰ ਨਿਯਮਿਤ ਤੌਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ, ਜੀਪੀ, ਮੰਡਲ ਅਤੇ ਜ਼ਿਲ੍ਹਾ ਪੱਧਰ ਦੇ ਸਟਾਫ ਨੂੰ ਮੋਬਾਈਲ ਐਪਸ ਦਿੱਤੇ ਗਏ ਅਤੇ ਮਾਸਿਕ ਸਫ਼ਾਈ ਅੰਕੜੇ ਤਿਆਰ ਕੀਤੇ ਜਾਂਦੇ ਹਨ ਅਤੇ ਕਮੀਆਂ ਨੂੰ ਦੂਰ ਕਰਨ ਵਾਸਤੇ ਕਰਮਚਾਰੀਆਂ ਨੂੰ ਭੇਜੇ ਜਾਂਦੇ ਹਨ।

ਬਿਹਤਰ ਵਿਕਾਸ ਨਤੀਜੇ ਪ੍ਰਦਾਨ ਕਰਨ ਦੇ ਲਈ ਅਤੇ ਪੰਚਾਇਤ ਰਾਜ ਵਿਭਾਗ ਦੀ ਕਾਰਗੁਜ਼ਾਰੀ ਵਿਚ ਸੁਧਾਰ ਵਾਸਤੇ, ਤੇਲੰਗਾਨਾ ਸਰਕਾਰ ਨੇ ਭਾਰਤੀ ਸੂਬਿਆਂ ਦੇ ਪ੍ਰਭਾਵੀ ਸ਼ਾਸਨ ਵਾਸਤੇ ਕੇਂਦਰ (ਸੀਈਜੀਆਈਐਸ) ਦੇ ਨਾਲ ਭਾਗੀਦਾਰੀ ਕੀਤੀ ਹੈ ਅਤੇ ਪ੍ਰੋਗਰਾਮ ਦੇ ਤਹਿਤ ਇਕ ਪ੍ਰਭਾਵੀ ਐਪ-ਆਧਾਰਿਤ ਨਿਗਰਾਨੀ ਅਤੇ ਮੁੱਲਾਂਕਣ ਪ੍ਰਣਾਲੀ ਸਥਾਪਿਤ ਕੀਤੀ ਹੈ। ਜੀਪੀ/ਪਿੰਡ ਦੀ ਸਮੁੱਚੀ ਸਾਫ-ਸਫਾਈ ਅਤੇ ਕਾਰਗੁਜ਼ਾਰੀ ਦਾ ਮੁੱਲਾਂਕਣ ਨਾਗਰਿਕਾਂ ਦੇ ਨਾਲ ਗੱਲਬਾਤ ਅਤੇ ਐਪ ਵਿਚ ਦਿੱਤੇ ਗਏ ਸਵਾਲਾਂ ਅਤੇ ਖਿੱਚੀਆਂ ਗਈਆਂ ਫੋਟੋਆਂ ਦੇ ਬਾਰੇ ਵਿਚ ਉਨ੍ਹਾਂ ਦੀਆਂ ਟਿੱਪਣੀਆਂ ਦੇ ਬਾਅਦ ਰਾਜ ਪੱਧਰ ਦੇ ਸੈਲਾਨੀਆਂ ਰਾਹੀਂ ਕੀਤੇ ਗਏ ਮੁੱਲਾਂਕਣ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

### ਸਕਾਰਾਤਮਕ ਪ੍ਰਭਾਵ ਅਤੇ ਟਿਕਾਊਤਾ . .

ਸਾਰੇ ਸਬੰਧਿਤ ਵਿਭਾਗਾਂ ਦੇ ਮੇਲ-ਜੋਲ ਵਿਚ ਪੱਲੇ ਪ੍ਰਗਤੀ ਪ੍ਰੋਗਰਾਮ ਦੇ ਲਾਗੂ ਕਰਨ ਨਾਲ ਪੇਂਡੂ ਸਥਾਨਕ ਸੰਸਥਾਵਾਂ ਦੇ ਪ੍ਰਸ਼ਾਸਨ ਅਤੇ ਕੰਮਕਾਜ ਵਿਚ ਸਿੱਧੀ ਤਬਦੀਲੀ ਆਈ ਹੈ।

ਇਸ ਨਾਲ ਪਿੰਡ ਵਾਸੀਆਂ ਵਿਚ ਸਵੈ ਮਿੱਤਰ ਦੀ ਭਾਵਨਾ ਵਧੀ ਹੈ। ਇਸ ਨਾਲ ਰੋਜ਼ਗਾਰ ਦੇ ਮੌਕੇ, ਆਮਦਨੀ ਪੈਦਾ ਕਰਨ ਵਿਚ ਸਹਾਇਤਾ ਮਿਲੀ ਹੈ ਅਤੇ ਸਵੱਛਤਾ ਦੀਆਂ ਆਦਤਾਂ ਅਤੇ ਹਰਿਆਵਲ



ਵੈਕੁੰਠਧਾਮ ਬਣਾਇਆ (ਹਰੇਕ ਗ੍ਰਾਮ ਪੰਚਾਇਤ ਵਿਚ ਸ਼ਮਸ਼ਾਮਘਾਟ ਵਾਸ਼ਰੂਮ ਦੇ ਨਾਲ)

ਲਿਆਉਣ ਵਿਚ ਪਿੰਡ ਵਾਸੀਆਂ ਦੀ ਸਿਹਤ ਅਤੇ ਖੁਸ਼ਹਾਲੀ ਵਿਚ ਮੁਕਾਬਲਤਨ ਸੁਧਾਰ ਹੋਇਆ ਹੈ। ਪੱਲੇ ਪ੍ਰਗਤੀ (ਪਿੰਡ ਵਿਕਾਸ) ਦੀ ਤਰਜ਼ 'ਤੇ, ਉਪ ਨਗਰਾਂ ਅਤੇ ਨਗਰਾਂ ਦੇ ਵਿਕਾਸ ਦੇ ਲਈ ਫਰਵਰੀ 2020 ਵਿਚ ਤੇਲੰਗਾਨਾ ਵਿਚ 142 ਸ਼ਹਿਰੀ ਸਥਾਨਕ ਸੰਸਥਾਵਾਂ ਵਿਚ ਵੀ ਪੱਤਣਪ੍ਰਗਤੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਪੱਲੇ ਪ੍ਰਗਤੀ ਦੀ ਉਪਲਬਧੀ ਅੰਕੜਿਆਂ ਨਾਲ ਨਹੀਂ ਕੀਤਾ ਜਾ ਸਕਦਾ ਹੈ। ਜੇਕਰ ਇਹ ਪ੍ਰੋਗਰਾਮ ਸਾਰੇ ਰਾਜਾਂ ਵਿਚ ਲਾਗੂ ਕੀਤਾ ਜਾਵੇ, ਤਾਂ ਇਸ ਨਾਲ ਮੌਜੂਦਾ ਵਿਕਾਸ ਮਾਰਗ ਦੀ ਤੁਲਨਾ ਵਿਚ ਜ਼ਿਆਦਾ ਸਾਲਾਨਾ ਆਰਥਿਕ ਲਾਭ ਪ੍ਰਾਪਤ ਹੋਣ ਦੇ ਇਲਾਵਾ ਸਮਾਜਿਕ ਅਤੇ ਵਾਤਾਵਰਨ ਸਬੰਧੀ ਨਕਾਰਾਤਮਕਤਾ ਘੱਟ ਹੋਵੇਗੀ।

# ਉੱਤਰੀ 24 ਪਰਗਨਾ ਜ਼ਿਲ੍ਹਾ, ਪੱਛਮੀ ਬੰਗਾਲ ਵਿਚ ਛੂਤ ਦੀਆਂ ਬਿਮਾਰੀਆਂ ਦੇ ਨਿਯੰਤ੍ਰਣ ਵਿਚ ਭਾਈਚਾਰਕ ਭਾਗੀਦਾਰੀ

*ਗਾਇਤਰੀ ਬਸੂ1 ਅਤੇ ਸ਼ਾਹਨਾਜ਼ ਆਲਮ2

**ਸੰਖੇਪ**

ਕਿਸੇ ਪ੍ਰੋਗਰਾਮ ਦੀ ਸਫ਼ਲਤਾ ਦੇ ਲਈ, ਇਹ ਬਹੁਤ ਮਹੱਤਵਪੂਰਨ ਹੈ ਕਿ ਸਥਾਨਕ ਲੋਕਾਂ ਨੂੰ ਇਸ ਦੀ ਯੋਜਨਾਬੰਦੀ ਲਾਗੂ ਕਰਨ ਅਤੇ ਮੁੱਲਾਂਕਣ ਤੱਕ ਦੀ ਪ੍ਰਕ੍ਰਿਆ ਵਿਚ ਮਨ ਨਾਲ ਜੋੜਿਆ ਜਾਣਾ ਚਾਹੀਦਾ। ਅਜਿਹੀ ਹੀ ਇਕ ਮਜ਼ਬੂਤ ਸੋਚ 2017 ਵਿਚ ਸ਼ੁਰੂ ਕਰਕੇ ਅੱਗੇ ਵਧਾਈ ਗਈ ਸੀ, ਜਿਥੇ ਪੱਛਮੀ ਬੰਗਾਲ ਦੇ ਸਭ ਤੋਂ ਸੰਘਣੀ ਆਬਾਦੀ ਵਾਲੇ ਜ਼ਿਲ੍ਹੇ ਵਿਚ ਜਾਨਲੇਵਾ ਡੇਂਗੂ ਰਕਤਸ੍ਰਾਵ ਬੁਖਾਰ ਦੇ ਸਫ਼ਲ ਨਿਯੰਤ੍ਰਣ ਵਿਚ ਭਾਈਚਾਰਕ ਲਾਮਬੰਦੀ ਹਾਸਲ ਕੀਤੀ ਗਈ ਸੀ। ਇਸ ਲੇਖ ਵਿਚ ਉਸ ਪ੍ਰਕ੍ਰਿਆ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ, ਜਿਸ ਦੇ ਰਾਹੀਂ ਪੀਆਰਆਈ ਪ੍ਰਣਾਲੀ ਦੇ ਸਰਲੀਕਰਨ ਰਾਹੀਂ ਉੱਤਰੀ 24 ਪਰਗਨਾ ਵਿਚ ਇਹ ਸਫ਼ਲਤਾ ਹਾਸਲ ਕੀਤੀ ਗਈ ਸੀ, ਜੋ ਇਸ ਤਰ੍ਹਾਂ ਦੇ ਇਲਾਕੇ ਅਤੇ ਹਾਲਾਤ ਵਿਚ ਸੰਭਵ ਬੇਦਖਲੀ ਦਾ ਰਾਹ ਪੱਧਰਾ ਕਰਦੀ ਹੈ।

| | |
|---|---|
| ਗ੍ਰਾਮ ਪੰਚਾਇਤ ਦਾ ਨਾਅ ਉੱਤਰੀ | 24 ਪਰਗਨਾ ਦੇ ਅਧੀਨ ਸਾਰੀਆਂ ਪੰਚਾਇਤਾਂ |
| ਸੂਬਾ/ਸੰ.ਕਸੇ. | ਪੱਛਮੀ ਬੰਗਾਲ |
| ਵਿਸ਼ਾ | ਡੀਐਚਐਫ ਦੇ ਨਿਯੰਤ੍ਰਣ ਵਾਸਤੇ ਭਾਈਚਾਰਕ ਲਾਮਬੰਦੀ |

## ਜਾਣ-ਪਛਾਣ

ਸਿਹਤ ਪੇਸ਼ੇਵਰ ਹੁਣ ਜ਼ਿਆਦਾ ਜਾਗਰੂਕ ਹੈ ਕਿ ਸਿਹਤ ਉਤਸਾਹੀ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਭਾਈਚਾਰਕ ਭਾਗੀਦਾਰੀ ਮਹੱਤਵਪੂਰਨ ਹੁੰਦੀ ਹੈ। ਇਹ ਵੀ ਸਵੀਕਾਰ ਕੀਤਾ ਜਾਂਦਾ ਹੈ ਕਿ ਘੱਟ ਲਾਗਤ ਦੇ ਨਾਲ ਟਿਕਾਊ ਸਿਹਤ ਉਦੇਸ਼ਾਂ ਨੂੰ ਹਾਸਲ ਕਰਨ ਦੇ ਲਈ, “ਉੱਚ-ਤਲ” ਅਤੇ ਸਿਹਤ ਦੇਖਭਾਲ ਪ੍ਰਦਾਨਗੀ ਦੀ ਨੌਕਰਸ਼ਾਹੀਗ੍ਰਸਤ ਪ੍ਰਣਾਲੀ ਦੇ ਮੁਕਾਬਲੇ ਭਾਈਚਾਰਕ ਭਾਗੀਦਾਰੀ ਇਕ ਉੱਤਮ ਤਰੀਕਾ ਹੈ। ਡਬਲਯੂ ਐਚ ਓ ਅਤੇ ਯੂਨੀਸੇਫ ਨੇ ਸਿਹਤ ਪ੍ਰੋਗਰਾਮਾਂ ਵਿਚ ਭਾਈਚਾਰਕ ਭਾਗੀਦਾਰੀ ਨੂੰ ਸਰਗਰਮ ਉਤਸ਼ਾਹ ਦਿੱਤਾ ਹੈ, ਵਿਸ਼ੇਸ਼ ਕਰਕੇ ਪੱਛੜੇ ਦੇਸ਼ਾਂ ਵਿਚ, ਜਿਥੇ ਆਬਾਦੀ ਸਭ ਤੋਂ ਗਰੀਬ ਅਤੇ ਬਹੁਤ ਸ਼ਕਤੀਹੀਨ ਹੈ। ਸਿਹਤ ਵਿਚ ਪ੍ਰਭਾਵਸਾਲੀ ਭਾਈਚਾਰਕ ਸ਼ਮੂਲੀਅਤ ਦੇ ਨਾਲ ਨਾ ਕੇਵਲ ਸਿਹਤ ਸੇਵਾ ਪ੍ਰਦਾਤਾਵਾਂ ਦੇ ਨਾਲ ਭਾਈਚਾਰਕ ਦੇ ਲੋਕ ਸਹਿਯੋਗ ਕਰਦੇ ਅਤੇ ਅਨੁਦੇਸ਼ਾਂ ਦਾ ਪਾਲਣ ਕਰਦੇ ਹਨ, ਬਲਕਿ ਇਸ ਨਾਲ ਪੇਸ਼ਾਵਰਾਂ ਅਤੇ ਉਨ੍ਹਾਂ ਦੇ ਗਾਹਕਾਂ ਵਿਚ ਅਧਿਕਾਰ ਅਤੇ ਜਵਾਬਦੇਹੀ ਦੀ ਭਾਵਨਾ ਵੀ ਪੈਦਾ ਹੁੰਦੀ ਹੈ।

ਡੇਂਗੂ ਵਾਇਰਸ ਦੀ ਲਾਗ ਉਦੋਂ ਪੈਦਾ ਹੁੰਦੀ ਹੈ ਜਦੋਂ ਸੰਕ੍ਰਮਿਤ ਮਾਦਾ ਏਡਿਸ ਏਜਿਪਟੀ ਮੱਛਰ (ਏਡਿਸ ਐਲਬੋਪਿਕਟਸ, ਸੈਕੰਡਰੀ ਵਿਕਟਰ), ਵਾਇਰਸ ਨੂੰ ਮਨੁੱਖੀ ਖੂਨ ਵਿਚ ਪਹੁੰਚਾਉਂਦਾ ਹੈ। ਡੇਂਗੂ ਵਾਇਰਸ ਦੇ ਵਿਰੁੱਧ ਵਿਕਟਰ ਨਿਯੰਤ੍ਰਣ ਉਪਾਵਾਂ ਵਾਸਤੇ ਪ੍ਰੋਗਰਾਮ ਇਕ ਪਹਿਲ ਹੈ, ਕਿਉਂਕਿ ਇਸ ਦੀ ਰੋਕਥਾਮ ਦੇ ਲਈ ਕੋਈ ਪ੍ਰਭਾਵਸ਼ਾਲੀ ਟੀਕਾ ਉਪਲਬਧ ਨਹੀਂ ਹੈ। ਇਸ ਦਾ ਟੀਚਾ ਘੱਟੋ-ਘੱਟ ਵੈਕਟਰ ਆਬਾਦੀ ਘਣਤ ਹੈ। ਇਸ ਲਈ ਜੈਵਿਕ, ਭੌਤਿਕ-ਯਾਂਤ੍ਰਿਕ, ਅਤੇ ਰਸਾਇਣਿਕ ਵੈਕਟਰ ਨਿਯੰਤ੍ਰਣ ਰਣਨੀਤੀਆਂ ਅਤੇ ਭਾਈਚਾਰਕ ਭਾਗੀਦਾਰੀ, ਸਾਰੇ ਵਿਕਲਪ ਹਨ। ਰਿਹਾਇਸ਼ੀ ਹਵਾਲੇ ਵਿਚ ਏਡਿਸ ਸੂਚਕਾਂਕ, ਨਾਮਤ: ਗ੍ਰਹਿ ਸੂਚਕਾਂਕ <5% ਅਤੇ ਬਿਮਾਰੀ ਫੈਲਾਉਣ ਵਿਚ ਕਮੀ ਅਤੇ ਮੌਤ ਦਰ ਵਿਚ ਕਮੀ ਇਸ ਪ੍ਰੋਗਰਾਮ ਦੀ ਸਫ਼ਲਤਾ ਦੇ ਮੁੱਖ ਸੰਕੇਤ ਹਨ।

## ਚਰਚਾ/ਵਿਸ਼ਲੇਸ਼ਣ

ਸਮਾਜਿਕ ਲਾਮਬੰਦੀ, ਡੇਂਗੂ ਜਾਗਰੂਕਤਾ, ਸਪਲਾਈ ਸੰਸਾਧਨਾਂ ਅਤੇ ਸੇਵਾਵਾਂ ਵਿਚ ਸੁਧਾਰ ਦੇ ਲਈ ਪਰਿਵਾਰਾਂ ਤੋਂ ਰਾਜਸੀ ਨੇਤਾਵਾਂ ਤੱਕ, ਭਾਈਚਾਰੇ ਦੇ ਵੱਖ-ਵੱਖ ਵਰਗਾਂ ਨੂੰ ਆਪਸ ਵਿਚ ਜੋੜਦੀ ਹੈ ਅਤੇ ਸੁਨਿਸਚਿਤ ਕਰਦੀ ਹੈ ਕਿ ਸਾਰੇ ਹਿੱਤਧਾਰਕਾਂ ਦੀ ਭਾਈਚਾਰਕ

---

1 ਸੀਨੀਅਰ ਫੈਕਲਟੀ ਮੈਂਬਰ, ਬੀ.ਆਰ.ਅੰਬੇਡਕਰ ਪੰਚਾਇਤ ਅਤੇ ਪੇਂਡੂ ਵਿਕਾਸ ਸੰਸਥਾਨ, ਪੰਚਾਇਤ ਅਤੇ ਪੇਂਡੂ ਵਿਕਾਸ ਵਿਭਾਗ, ਪੱਛਮੀ ਬੰਗਾਲ ਸਰਕਾਰ, ਕਲਿਆਣੀ, ਨਾਦੀਆ, ਪੱਛਮੀ ਬੰਗਾਲ ਅਤੇ

2 ਪੀਐਚ.ਡੀ. ਅਨੁਸੰਧਾਨ ਫੈਲੋ, ਖੇਤੀਬਾੜੀ ਵਿਸਥਾਰ ਵਿਭਾਗ, ਬਿਧਾਨ ਚੰਦਰ ਖੇਤੀਬਾੜੀ ਯੂਨੀਵਰਸਿਟੀ, ਮੋਹਨਪੁਰ, ਨਾਦੀਆ, ਪੱਛਮੀ ਬੰਗਾਲ।

ਭਾਗੀਦਾਰੀ ਲਾਮਬੰਦੀ ਇਕ ਪੂਰਤ ਸ਼ਰਤ ਹੈ। ਮੌਜੂਦਾ ਪ੍ਰੋਗਰਾਮ ਦਾ ਉਦੇਸ਼ ਸੰਚਾਰਿਤ ਸਵੱਸਥ-ਵਿਵਹਾਰ-ਉਤਸ਼ਾਹ ਪਹਿਲਕਦਮੀਆਂ ਦੀ ਧਾਰਨਾ ਲਾਗੂ ਕਰਨਾ ਅਤੇ ਨਿਗਰਾਨੀ ਵਿਚ ਸਹਾਇਤਾ ਦੁਆਰਾ ਸਮਾਜਿਕ ਵਿਵਹਾਰ ਨੂੰ ਪ੍ਰਭਾਵਿਤ ਕਰਨਾ ਹੈ। ਸੰਚਾਰਿਤ ਸਵੱਸਥ-ਵਿਵਹਾਰ-ਉਤਸ਼ਾਹਨ ਯਤਨਾਂ ਦੀ ਸਿਰਜਨਾ, ਲਾਗੂ ਕਰਨਾ ਅਤੇ ਨਿਗਰਾਨੀ ਦੀ ਸਹੂਲਤ ਦੁਆਰਾ ਪ੍ਰੋਗਰਾਮ ਨੇ ਸਮਾਜਿਕ ਵਿਵਹਾਰ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਵੈਕਟਰ ਪ੍ਰਬੰਧਨ ਕੰਮ ਨੀਤੀ ਦਾ ਇਕ ਸਭ ਤੋਂ ਵੱਧ ਮਹੱਤਵਪੂਰਨ ਭਾਗ ਭਾਈਚਾਰਕ ਸਸ਼ਕਤੀਕਰਨ ਹੈ, ਜੋ ਡੇਂਗੂ ਬੁਖਾਰ ਤੋਂ ਸਭ ਤੋਂ ਪੀੜਤ ਸਥਾਨਕ ਆਬਾਦੀ ਨੂੰ ਆਪਣੇ ਖੇਤਰ ਤੋਂ ਰੋਗਾਂ ਦੇ ਖਾਤਮੇ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਲੋਕ ਭਾਗੀਦਾਰੀ ਦੀ ਜ਼ਰੂਰਤ ਸਥਾਨਕ ਵੈਕਟਰ ਨਿਯੰਤ੍ਰਣ ਕੰਮ ਨੀਤੀ ਦੇ ਅਨੇਕ ਭਾਗਾਂ ਵਿਚ ਹੁੰਦੀ ਹੈ, ਜਿਨ੍ਹਾਂ ਵਿਚ ਭਾਈਚਾਰਕ ਮੁੱਦਿਆਂ, ਗਤੀਵਿਧੀਆਂ ਅਤੇ ਰਣਨੀਤੀ ਦੀ ਸਮੀਖਿਆ ਅਤੇ ਨਿਗਰਾਨੀ ਸ਼ਾਮਿਲ ਹੈ।

ਮੱਛਰ - ਕੰਟਰੋਲ ਯਤਨਾਂ ਵਾਸਤੇ ਲੰਬੇ ਸਮੇਂ ਦੇ ਪ੍ਰੋਗਰਾਮਾਂ ਅਤੇ ਵਿਅਕਤੀਗਤ ਵਿਵਹਾਰ ਵਿਚ ਤਬਦੀਲੀ ਦੀ ਜ਼ਰੂਰਤ ਹੈ। ਇਸ ਦਾ ਮਤਲਬ ਹੈ ਕਿ ਹਰ ਘਰ ਨੂੰ ਆਪਣੇ ਅਹਾਤੇ ਅਤੇ ਨੇੜਲੇ ਖੇਤਰਾਂ ਵਿਚ ਮੱਛਰ ਕੰਟਰੋਲ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ। ਹਾਲਾਂਕਿ, ਅਜਿਹੇ ਉਪਾਅ ਡੇਂਗੂ ਦਾ ਖਤਰਾ ਬਣੇ ਰਹਿਣ ਅਤੇ ਲੰਬੇ ਸਮੇਂ ਦੀ ਸਥਿਰਤਾ ਸੁਨਿਸਚਿਤ ਕਰਨ ਵਾਸਤੇ ਸੰਸਕ੍ਰਿਤੀ ਦਾ ਹਿੱਸਾ ਬਣਨ ਤੱਕ ਜਾਰੀ ਰਹਿਣੇ ਚਾਹੀਦੇ ਹਨ। ਪ੍ਰਭਾਵਸ਼ਾਲੀ ਭਾਈਚਾਰੇ ਨਿਸ਼ਪਾਦਨ ਵਾਸਤੇ ਟੋਹੀ ਨਿਗਰਾਨੀ, ਸਥਾਨਕ ਪੱਧਰ 'ਤੇ ਪ੍ਰਯੋਗਸ਼ਾਲਾ ਨਿਦਾਨ, ਮਾਮਲਾ ਨਿਯੰਤ੍ਰਣ ਅਤੇ ਵੈਕਟਰ ਨਿਯੰਤ੍ਰਣ ਵਿਚ ਵਿਅਕਤੀਗਤ ਸਮਰੱਥਾ ਨਿਰਮਾਣ ਅਤੇ ਸਿਖਲਾਈ ਦੀ ਜ਼ਰੂਰਤ ਹੈ। ਸਥਾਨਕ ਆਬਾਦੀ ਨੂੰ ਭਾਈਚਾਰਕ ਲਾਮਬੰਦੀ ਢਾਂਚੇ ਦਾ ਹਿੱਸਾ ਬਣਾਉਣ ਵਾਸਤੇ ਸਥਾਨਕ ਰਾਜਸੀ, ਧਾਰਮਿਕ ਅਤੇ ਭਾਈਚਾਰਕ ਆਗੂਆਂ ਦੀ ਅਗਵਾਈ ਸਹਾਇਤਾ ਮਹੱਤਵਪੂਰਨ ਹੈ। ਭਾਈਚਾਰਕ ਲਾਮਬੰਦੀ ਦੇ ਲਈ ਬਹੁ-ਅਨੁਸ਼ਾਸਨੀ ਰਣਨੀਤੀ ਜ਼ਰੂਰੀ ਹੈ, ਜਿਵੇਂ ਕਿ ਵੈਕਟਰ ਨਿਯੰਤ੍ਰਣ ਕਰਮਚਾਰੀ, ਕੀਟ-ਵਿਗਿਆਨੀਆਂ, ਸਮਾਜ-ਵਿਗਿਆਨੀਆਂ, ਮਹਾਂਮਾਰੀ ਵਿਗਿਆਨੀ ਅਤੇ ਸਮਾਜਿਕ ਵਿਪਣਨ ਮਾਹਿਰਾਂ ਵਿਚ ਸਹਿਯੋਗ।

### ਉੱਤਰੀ 24 ਪਰਗਨਾ ਦੀ ਸਫ਼ਲਤਾ ਦੀ ਕਹਾਣੀ

ਸੰਨ 2017 ਵਿਚ ਪੱਛਮੀ ਬੰਗਾਲ ਦੇ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਉੱਤਰੀ 24 ਪਰਗਨਾ ਜ਼ਿਲ੍ਹੇ ਵਿਚ ਡੇਂਗੂ ਬੁਖਾਰ ਦਾ ਚਿੰਤਾਜਨਕ ਪ੍ਰਕੋਪ ਦੇਖਿਆ ਗਿਆ। ਪਿਛਲੇ ਸਾਲਾਂ ਵਿਚ ਡੇਂਗੂ ਰਕਤਸ੍ਰਾਵੀ ਬੁਖਾਰ (ਡੀ.ਐਚ.ਐਫ.) ਮੁੱਖ ਰੂਪ ਵਿਚ ਜ਼ਿਲ੍ਹੇ ਦੇ ਨਗਰ ਪਾਲਿਕਾ ਖੇਤਰਾਂ ਵਿਚ ਚਿੰਤਾ ਦਾ ਵਿਸ਼ਾ ਹੁੰਦਾ ਸੀ, ਪਰੰਤੂ 2017 ਵਿਚ ਇਸ ਨੇ ਪੇਂਡੂ ਖੇਤਰਾਂ ਨੂੰ ਵੀ ਲਪੇਟ ਵਿਚ ਲੈ ਲਿਆ। ਖਾਸ ਤੌਰ 'ਤੇ ਡੇਗਾਂਗ, ਹਾਰੋਆ, ਹਾਬੜਾ-1 ਆਦਿ ਬਲਾਕ ਸਭ ਤੋਂ ਜ਼ਿਆਦਾ ਗੰਭੀਰ ਰੂਪ ਨਾਲ ਪ੍ਰਭਾਵਿਤ ਹੋਏ ਸਨ। ਇਸ ਨਾਲ ਸੂਬਾ ਅਤੇ ਕੇਂਦਰ ਸਰਕਾਰ ਦੋਵੇਂ ਚਿੰਤਾਗ੍ਰਸਤ ਹੋ ਗਈਆਂ ਕਿ ਇਹ ਉਚ ਸੰਕ੍ਰਾਮਕ ਰੋਗ ਕਿਤੇ ਮਹਾਂਮਾਰੀ ਦਾ ਰੂਪ ਧਾਰਨ ਨਾ ਕਰ ਲਵੇ। ਸੂਬਾ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਖਤਰਨਾਕ ਬਿਮਾਰੀ ਦੀ ਰੋਕਥਾਮ ਦੇ ਲਈ ਭਾਈਚਾਰਕ ਸਾਂਝ ਪ੍ਰਾਪਤ ਕਰਨ ਦਾ ਨਿਰਦੇਸ਼ ਦਿੱਤਾ। ਜ਼ਿਲ੍ਹੇ ਨੂੰ ਨਿਰਧਾਰਤ ਸੀਮਾਵਾਂ ਦੇ ਨਾਲ ਵੱਖ-ਵੱਖ ਜ਼ੋਨਾਂ ਵਿਚ ਵੰਡਿਆ ਗਿਆ ਸੀ। ਸਥਾਨਕ ਲੋਕ, ਪੇਂਡੂ ਸਿਹਤ, ਸਫ਼ਾਈ ਅਤੇ ਪੋਸ਼ਣ ਸਮਿਤੀ (ਵੀਐਚਐਸਐਨਸੀ), ਸਿਹਤ ਵਿਭਾਗ, ਪੰਚਾਇਤ ਅਤੇ ਐਨ.ਜੀ.ਓਜ਼. ਦੀ ਪਹਿਚਾਣ ਮੁੱਖ ਹਿੱਤਧਾਰਕਾਂ ਦੇ ਰੂਪ ਵਿਚ ਕੀਤੀ ਗਈ ਸੀ। ਇਨ੍ਹਾਂ ਹਿੱਤਧਾਰਕਾਂ ਕੋਲੋਂ ਵਿਸ਼ਵਾਸਯੋਗ ਡਾਟਾ ਤਿਆਰ ਕਰਨਅਤੇ ਸੀਮਿਤ ਸਰਕਾਰੀ ਸੰਸਥਾਵਾਂ ਵਲੋਂ ਡੇਂਗੂ ਦੇ ਪ੍ਰਕੋਪ ਅਤੇ ਹੋਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨ ਦੇ ਲਈ ਛੋਟੇ ਅਤੇ ਵੱਡੇ ਪੱਧਰ 'ਤੇ ਉਨ੍ਹਾਂ ਦੀਆਂ ਜ਼ਰੂਰਤਾਵਾਂ ਦੱਸਣ ਦੇ ਸਬੰਧ ਵਿਚ ਸਲਾਹ ਮਸ਼ਵਰਾ ਕੀਤਾ ਗਿਆ ਸੀ। ਖੇਤਰ ਦੀਆਂ ਕਮਜ਼ੋਰੀਆਂ ਦਾ ਖਾਕਾ ਭਾਈਚਾਰਕ ਸਾਂਝ ਤਿਆਰ ਕੀਤੀ ਗਈ ਸੀ। ਅਨੇਕ ਸੰਸਥਾਵਾਂ ਦੀ ਨੁਮਾਇੰਦਗੀ ਵਾਸਤੇ ਵੱਖ -ਵੱਖ ਸੂਚਕਾਂਕ ਤਿਆਰ ਕੀਤੇ ਗਏ ਸਨ। ਉਦਾਹਰਨ ਦੇ ਲਈ ਘਰਾਂ ਦੇ ਲਈ 'H' ਗੰਦੇ ਅਤੇ ਅਸ਼ੁੱਧ ਖੇਤਰਾਂ ਦੇ 'O' ਲਈ ਵਰਗੇ ਸੰਕੇਤ ਚਿੰਤਨ ਅਤੇ ਅੱਖਰ ਦਰਸਾਏ ਗਏ ਸਨ। ਇਸ ਦੇ ਇਲਾਵਾ ਸੂਚਕਾਂਕ ਤਿੰਨ ਰੰਗਾਂ ਵਿਚ ਦਰਸਾਏ ਗਏ ਸਨ - ਹਰਾ (ਉਚਿਤ ਸਫ਼ਾਈ ਵਾਲੇ ਖੇਤਰਾਂ ਦੇ ਲਈ), ਪੀਲਾ ਜਾਂ ਸੰਤਰੀ (ਸਾਧਾਰਨ ਸਥਿਤੀ ਵਾਲੇ ਖੇਤਰਾਂ ਦੇ ਲਈ) ਅਤੇ ਲਾਲ (ਉਨ੍ਹਾਂ ਖੇਤਰਾਂ ਦੇ ਲਈ ਜਿਥੇ ਸਥਿਤੀ ਭਿਆਨਕ ਸੀ)। ਸਥਾਨ, ਸਮਾਂ ਅਤੇ ਲੋਕਾਂ ਦੇ ਸੰਵਰਗ ਦੀ ਦ੍ਰਿਸ਼ਟੀ ਨਾਲ ਸਮੱਸਿਆਵਾਂ ਦੀ ਵਿਸ਼ਾਲਤਾ ਅਤੇ ਉਨ੍ਹਾਂ ਦੇ ਕਾਰਨ ਸਹਿਯੋਗੀ ਅਭਿਆਸਾਂ ਵਿਚ ਨਤੀਜੇ ਸਮੇਤ ਦਰਸਾਏ ਗਏ ਸਨ। ਪ੍ਰਮੁੱਖ ਗਤੀਵਿਧੀਆਂ ਨੂੰ ਮਾਨਤਾ ਦਿੱਤੀ ਗਈ ਅਤੇ ਹਿੱਤਧਾਰਕਾਂ ਦੇ ਹਰੇਕ ਸਮੂਹ ਨੂੰ ਉਨ੍ਹਾਂ ਦੇ ਕਰਤੱਵ ਦੱਸੇ ਗਏ। ਹਿੱਤਧਾਰਕਾਂ ਅਤੇ ਉਨ੍ਹਾਂ ਨੂੰ ਦਿੱਤੀਆਂ ਭੂਮਿਕਾਵਾਂ ਦੀ ਸੂਚੀ ਅੱਗੇ ਸਾਰਣੀ ਵਿਚ ਦਿੱਤੀ ਗਈ ਹੈ:

| ਹਿੱਤਧਾਰਕ | ਰੋਗਵਾਹਕ (ਵੈਕਟਰ) ਵਰਗੇ ਰੋਗਾਂ ਦੇ ਨਿਯੰਤ੍ਰਣ ਵਿਚ ਭੂਮਿਕਾ |
|---|---|
| **ਕਮਿਊਨਿਟੀ ਜਨ** | • ਸਮਾਜਿਕ ਕੰਮਾਂ ਵਿਚ ਕੀਤੀਆਂ ਗਈਆਂ ਗਤੀਵਿਧੀਆਂ ਜਿਵੇਂ ਕਿ "ਪਿੰਡ ਦੀ ਸਵੱਛਤਾ ਗਤੀਵਿਧੀਆਂ" ਵਿਚ ਭਾਗ ਲੈਣਾ।<br>• ਘਰੇਲੂ ਪੱਧਰ 'ਤੇ ਨਿਯੰਤ੍ਰਣ ਪ੍ਰਬੰਧਨ ਕਰਨਾ ਭਾਵ "ਚੋਲੋ ਮੋਸਾਰ ਬੋਂਗਸੋ ਕੋਰੀ ਧੋਂਸ" (ਆਓ ਮੱਛਰਾਂ ਦਾ ਵੰਸ਼ ਨਾਸ਼ ਕਰੀਏ) |
| **ਵੀਐਚਐਸਐਨਸੀ** | • ਭਾਈਚਾਰਕ ਪੱਧਰ 'ਤੇ ਇਕਸਾਰਤਾ ਅਤੇ ਉਚਿਤ ਢੁਕਵੀਂ ਸੂਚਨਾ ਦਾ ਉਪਰ ਅਤੇ ਅੱਗੇ ਪ੍ਰਸਾਰ ਸੁਨਿਸਚਿਤ ਕਰਨਾ।<br>• ਕਮਿਊਨਿਟੀ ਪੱਧਰ ਦੀ ਕਾਰਜ ਯੋਜਨਾ ਨੂੰ ਕਨਵਰਜੈਂਸ ਅਤੇ ਲਾਗੂ ਕਰਕੇ ਯਕੀਨੀ ਬਣਾਉਣਾ।<br>• ਵੈਕਟਰ ਵਰਗੇ ਰੋਗਾਂ ਦੇ ਨਿਯੰਤ੍ਰਣ ਅਤੇ ਪ੍ਰਬੰਧਨ ਦੇ ਲਈ ਬਜਟ ਸੁਨਿਸਚਿਤ ਅਤੇ ਯਕੀਨੀ ਬਣਾਉਣਾ।<br>• ਨਿਰਗਾਨ ਟੀਮ ਦਾ ਗਠਨ ਕਰਨਾ।<br>• ਮਹੀਨਾਵਾਰੀ ਵਿਕਾਸ ਮੀਟਿੰਗ ਅਤੇ ਚੌਥੇ ਸਨਿਚਰਵਾਰ ਨੂੰ ਸਿਹਤ ਮੀਟਿੰਗ ਵਿਚ ਮੁੱਦੇ ਦਾ ਮਾਨੀਟਰਨ ਕਰਨਾ। |
| **ਪੰਚਾਇਤਾਂ** | ਠੋਸ ਅਤੇ ਤਰਲ ਕੂੜੇ ਦਾ ਪ੍ਰਬੰਧ।<br>ਵੱਖ-ਵੱਖ ਰਸਮੀ ਅਤੇ ਗੈਰ ਰਸਮੀ ਤਰੀਕਿਆਂ ਨਾਲ ਸੁਨਿਸਚਿਤ ਕਰਨਾ ਜਿਵੇਂ:<br>• "ਸਾਰ ਗੋਰਤੋ" (ਕੰਪੋਸਟ ਪਿਟ) ਦਾ ਨਿਰਮਾਣ<br>• "ਪਲਾਸਟਿਕ ਰਹਿੰਦ-ਖੂੰਹਦ ਦਾ ਸੰਗ੍ਰਹਿ" ਗੱਪੀ ਮੱਛੀ ਛੱਡਣਾ ਆਦਿ<br>• ਪਰਚਿਆਂ, ਬੈਨਰ, ਫਲੈਕਸ ਹੋਰਡਿੰਗ ਦੀ ਵੰਡ ਰਾਹੀਂ ਸਮਾਜ ਨੂੰ ਜਾਗਰੂਕਤਾ ਕਰਨਾ।<br>• ਹਾਟ ਬਾਜ਼ਾਰ ਸਮਿਤੀਆਂ, ਹਾਊਸਿੰਗ ਕੰਪਲੈਕਸ, ਦਵਾਈ ਦੁਕਾਨਾਦਾਰਾਂ ਨਾਲ ਬੈਠਕ।<br>• ਨਿਗਰਾਨੀ ਅਤੇ ਅੰਤਰਾ ਵਿਭਾਗ ਕਨਵਰਜੈਂਸ ਮੀਟਿੰਗਾਂ ਵਿਚ ਵਾਧਾ।<br>• ਪੀਆਰਆਈ, ਪ੍ਰਸ਼ਾਸਨਿਕ ਅਤੇ ਲੋਕਾਂ ਨਾਲ ਸਬੰਧਿਤ ਸਮੂਹਾਂ ਦੀ ਸਿਖਲਾਈ। |
| **ਸਿਹਤ ਵਿਭਾਗ** | • ਵਿਸ਼ੇਸ਼ ਬੁਖਾਰ ਕੈਂਪ ਲਗਾਉਣਾ<br>• ਜਾਂਚ ਸੁਵਿਧਾਵਾਂ ਵਧਾਉਣਾ।<br>• ਡੇਂਗੂ ਰੋਗੀਆਂ ਦੇ ਲਈ ਵਿਸ਼ੇਸ਼ ਅਤੇ ਸਮਰਪਿਤ ਬੈੱਡ।<br>• ਸਟਾਫ ਨਰਸ, ਚਕਿਤਸਾ ਅਧਿਕਾਰੀਆਂ ਅਤੇ ਏਐਨਐਮਜ਼ ਅਤੇ ਆਸ਼ਾ ਵਰਕਰਾਂ ਦੀ ਸਿਖਲਾਈ ਐਨਜੀਓ/ਸੀਬੀਓਜ਼।<br>• ਪ੍ਰਸ਼ਾਸਨ ਅਤੇ ਸਥਾਨਕ ਲੋਕਾਂ ਵਿਚਕਾਰਲੀ ਦੂਰੀ ਪੂਰਾ ਕਰਨਾ।<br>• ਖੇਤਰ ਦੇ ਪਾੜ ਲੱਭਣ ਵਾਸਤੇ ਸਥਾਨਕ ਗ੍ਰਾਮ ਪੰਚਾਇਤਾਂ ਦੀ ਸਹਾਇਤਾ ਕਰਨਾ।<br>• ਸਾਂਝਾ ਡਾਟਾ ਵਿਸ਼ਲੇਸ਼ਣ ਪਲੇਟਫਾਰਮ ਬਣਾ ਕੇ ਜ਼ਿਲ੍ਹਾ ਅਧਿਕਾਰੀਆਂ ਦੀ ਸਹਾਇਤਾ ਕਰਨਾ। |

ਇਸ ਵੱਡੇ ਭਾਗੀਦਾਰੀ ਦ੍ਰਿਸ਼ਟੀਕੋਣ ਦੇ ਨਤੀਜੇ ਵਜੋਂ, ਸੰਵੇਦਨਸ਼ੀਲ ਖੇਤਰਾਂ ਦੀ ਪਛਾਣ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਦਾ ਮਾਨਚਿੱਤਰ ਕੀਤਾ ਜਾ ਸਕਦਾ ਹੈ, ਜੋ ਭਵਿੱਖ ਵਿਚ ਰੋਗ ਪ੍ਰਕੋਪ ਦੀਆਂ ਘਟਨਾਵਾਂ ਵਿਚ ਅਤਿਅੰਤ ਉਪਯੋਗੀ ਸਿੱਧ ਹੋ ਸਕਦਾ ਹੈ। ਕੇਵਲ ਡੇਂਗੂ ਹੀ ਨਹੀਂ ਬਲਕਿ ਹੋਰ ਸਿਹਤ ਸਮੱਸਿਆਵਾਂ ਦੀ ਵੀ ਪਹਿਚਾਣ ਕੀਤੀ ਗਈ ਅਤੇ ਉਨ੍ਹਾਂ ਨਾਲ ਨਿਪਟਣ ਵਾਸਤੇ ਕੰਮ ਨੀਤੀਆਂ ਤਿਆਰ ਕੀਤੀਆਂ ਗਈਆਂ। ਲੋਕਾਂ ਦੀ ਭਾਗੀਦਾਰੀ ਨਾਲ ਤਿਆਰ ਕੀਤੇ ਗਏ ਰੁੱਤ-ਰੇਖਾਚਿੱਤਰ ਨਾਲ ਵੱਖ-ਵੱਖ ਰੋਗ ਘਟਨਾਵਾਂ ਦੀ ਚਰਮ ਸਮਾਂ ਸਮਝਣ ਵਿਚ ਸਹਾਇਤਾ ਮਿਲੀ। ਇਹ ਇਕ ਲੋਕ ਉਪਕਾਰੀ ਸੋਚ ਸੀ, ਜੋ ਵੱਖ-ਵੱਖ ਸਰਕਾਰੀ ਯੋਜਨਾਵਾਂ (ਮਨਰੇਗਾ, ਐਮਐਨਬੀ, ਵਿੱਤ ਆਯੋਗ, ਐਸਐਸਕੇ ਅਤੇ ਐਮਐਸਕੇ, ਸਕੂਲੀ ਸਿੱਖਿਆ ਵਿਭਾਗ ਆਦਿ) ਨੂੰ ਇਕੱਠਾ ਕਰਨ ਅਤੇ ਇਕ ਛੱਤ ਹੇਠ ਲਿਆਉਣ ਵਿਚ ਸਮਰੱਥ ਸੀ।

ਜ਼ਿਲ੍ਹੇ ਦੀ ਬਿਹਤਰ ਟੀਕਾਕਰਨ ਕਵਰੇਜ ਦੇ ਇਲਾਵਾ ਇਹ ਨਤੀਨਤਾਕਾਰੀ ਸਮਾਜਿਕ ਲਾਮਬੰਦੀ ਦੀ ਸੋਚ ਸੰਸਥਾਗਤ ਪ੍ਰਦਾਯ ਪ੍ਰਣਾਲੀ ਦੇ ਵੱਡੇ ਸੁਧਾਰ ਵਿਚ ਸਫ਼ਲ ਰਹੀ। ਪਾਣੀ ਭਰਨ ਵਾਲੇ ਖੇਤਰ, ਜੋ ਵੱਖ-ਵੱਖ ਬਿਮਾਰੀਆਂ ਦੇ ਵਾਹਕਾਂ ਵਾਸਤੇ ਪ੍ਰਜਨਨਸਥਲ ਬਣ ਜਾਂਦੇ ਸਨ, ਜ਼ਿਆਦਾਤਰ ਸਥਾਨਕ ਇਕਾਈਆਂ ਰਾਹੀਂ ਸਾਫ਼ ਕੀਤੇ ਗਏ। ਲਾਰਵਾ ਰਸਾਇਣਾਂ ਦਾ ਛਿੜਕਾਅ ਕਰਕੇ ਵੈਕਟਰਾਂ ਦਾ ਰਸਾਇਣਿਕ ਪ੍ਰਬੰਧ ਕੀਤਾ ਗਿਆ। ਇਸ ਦੇ ਇਲਾਵਾ, ਖੁਲ੍ਹੇ ਵਿਚ ਸ਼ੌਚ ਦੇ ਨਤੀਜੇ ਵਜੋਂ ਬਿਮਾਰੀਆਂ ਦੇ ਪ੍ਰਸਾਰ ਦੀ ਰੋਕਥਾਮ ਵਾਸਤੇ, ਪ੍ਰਸ਼ਾਸਨ ਨੇ ਅਨੇਕ ਜਨਤਕ ਪਖਾਨਿਆਂ ਦਾ ਨਿਰਮਾਣ ਕਰਵਾਇਆ।

ਇਹ ਵਿਵੇਕਪੂਰਨ ਸੋਚ ਇਸ ਜਾਨਲੇਵਾ ਬਿਮਾਰੀ ਦੀ ਰੋਕਥਾਮ ਵਿਚ ਕਾਰਗਰ ਸੀ। ਵੱਡੀ ਖੇਤਰੀ ਸਰਵੇਖਣ ਕੰਮ ਅਤੇ ਮੁਹਿੰਮ ਦੇ ਨਤੀਜੇ ਵਜੋਂ ਡੇਂਗੂ ਸੰਕ੍ਰਮਿਤ ਮਾਮਲਿਆਂ ਦੀ ਸੰਖਿਆਂ 2017 ਵਿਚ 37746 ਦੇ ਮੁਕਾਬਲੇ 2018 ਵਿਚ 1853 ਤੱਕ ਘੱਟ ਕਰਨ ਵਿਚ ਸਫ਼ਲਤਾ ਪ੍ਰਾਪਤ ਕਰਨ ਦੇ ਬਾਅਦ, ਜ਼ਿਲ੍ਹਾ ਪ੍ਰਸ਼ਾਸ਼ਨ ਨੇ ਭਵਿੱਖ ਵਿਚ ਹੋਣ ਵਾਲੇ ਰੋਗ ਘਟਨਾਵਾਂ ਦੇ ਲਈ ਸਾਰੇ ਸਬੰਧਤ ਹਿਤਧਾਰਕਾਂ ਦੀ ਸਹਾਇਤਾ ਨਾਲ ਭਾਗਦਾਰੀ ਲੋਕ ਸਿਹਤ ਪਹਿਲ ਦਾ ਵਿਆਪਕ ਦ੍ਰਿਸ਼ਟੀਕੋਣ ਅਪਣਾਉਣ ਦਾ ਫੈਸਲਾ ਕੀਤਾ ਹੈ।

## ਨਤੀਜਾ:

ਸਹਾਇਕ ਸਵੈ-ਨਿਰਭਰਤਾ ਟਿਕਾਊ ਵਿਕਾਸ ਦਾ ਇਕ ਪ੍ਰਮੁੱਖ ਦ੍ਰਿਸ਼ਟੀਕੋਣ ਹੈ। ਸਥਾਨਕ ਸਵੈ-ਸ਼ਾਸਨ (ਪੀਆਰਆਈ ਵਿਵਸਥਾ) ਦੀਆਂ ਸੁਵਿਧਾਜਨਕ ਕੋਸ਼ਿਸਾਂ ਨੇ ਸਮਾਜਿਕ ਲਾਮਬੰਦੀ, ਭਾਗਦਾਰੀ ਨਿਦਾਨ, ਭਾਗਦਾਰੀ ਯੋਜਨਾ ਅਤੇ ਉਸ ਦੇ ਬਾਅਦ ਲੋਕਾਂ ਵਲੋਂ ਲਾਗੂ ਅਤੇ ਨਿਗਰਾਨੀ ਅਤੇ ਅਖੀਰ ਸਾਰੇ ਹਿੱਤਧਾਰਕਾਂ ਦੀ ਸਮੂਹਿਕ ਬੁੱਧੀਮਤਾ ਰਾਹੀਂ ਮੁੱਲਾਂਕਣ ਅਤੇ ਮੁੜ ਵਿਚਾਰ ਦੇ ਮਾਧਿਅਮ ਨਾਲ ਰਾਹ ਪੱਧਰਾ ਕੀਤਾ ਹੈ। 3560 ਗ੍ਰਾਮ ਸੰਸਦਾਂ ਵਾਲੇ ਜ਼ਿਲ੍ਹੇ ਵਿਚ ਇਨ੍ਹਾਂ ਗਤੀਵਿਧੀਆਂ ਦਾ ਐਨੇ ਵੱਡੇ ਪੈਮਾਨੇ 'ਤੇ ਪ੍ਰਬੰਧਨ ਇਕ ਔਖਾ ਕੰਮ ਹੈ। ਪੱਛਮੀ ਬੰਗਾਲ ਦਾ 1970 ਦੇ ਦਹਾਕੇ ਦੇ ਅਖੀਰ ਤੋਂ ਇਕ ਕੁਸ਼ਲ ਪੀਆਰਆਈ ਪ੍ਰਣਾਲੀ ਸੰਚਾਲਿਤ ਕਰਨ ਦਾ ਇਤਿਹਾਸ ਰਿਹਾ ਅਤੇ ਸਾਲ 1918-20 ਦੇ ਦੌਰਾਨ ਵੈਕਟਰ ਵਰਗੇ ਰੋਗਾਂ ਵਿਚ ਕਮੀ ਦੇ ਸਬੰਧ ਵਿਚ ਉਪਲਬਧੀਆਂ ਨਾਲ ਭਾਈਚਾਰੇ ਰਾਹੀਂ ਪ੍ਰਣਾਲੀ ਦੇ ਸਵੈ-ਪ੍ਰਬੰਧਨ, ਮਾਲਕੀ ਅਤੇ ਸਥਿਰਤਾ ਦਾ ਇਕ ਉਦਾਹਰਨ ਸਿਰਜਿਤ ਕੀਤਾ ਹੈ।

## ਅੱਗੇ ਦੀ ਰਾਹ

ਭਾਰਤ ਵਿਚ ਅਤੇ ਕੁਝ ਹੋਰ ਵਿਕਾਸ਼ਸੀਲ ਦੇਸ਼ਾਂ ਵਿਚ ਵੀ ਡੇਂਗੂ ਦੇ ਇਲਾਵਾ ਵੈਕਟਰ ਵਰਗੇ ਰੋਗ ਜਿਵੇਂ ਕਿ ਮਲੇਰੀਆ, ਫਾਈਲੇਰੀਆ, ਕਾਲਾ-ਆਜ਼ਾਰ, ਚਿਕਨਗੁਣੀਆ ਆਦਿ ਮੌਜੂਦ ਹਨ। ਸੰਸਾਰ ਦੇ ਕੁਝ ਮੁਕਾਬਲਤਨ ਛੋਟੇ ਹਿੱਸਿਆਂ ਵਿਚ ਇਨ੍ਹਾਂ ਜਾਨਲੇਵਾ ਬਿਮਾਰੀਆਂ ਨੂੰ ਦੂਰ ਕਰਨ ਦੇ ਉਪਾਅ ਦੇ ਰੂਪ ਵਿਚ ਹੋਰ ਦਖਲਅੰਦਾਜ਼ੀ ਦੇ ਨਾਲ ਇਕ ਏਕੀਕ੍ਰਿਤ ਦ੍ਰਿਸ਼ਟੀਕੋਣ ਦੇ ਨਾਲ ਕਮਿਊਨਿਟੀ ਭਾਗੀਦਾਰੀ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਪੀਆਰਆਈ ਪ੍ਰਣਾਲੀ ਰਾਹੀਂ ਸੁਵਿਧਾਕ੍ਰਿਤ ਇਹ ਵਰਤਮਾਨ ਕੰਮ 4094 ਵਰਗ ਕਿਲੋਮੀਟਰ ਦੇ ਵਿਸ਼ਾਲ ਖੇਤਰਾਂ ਵਿਚ 10,009,781 ਦੀ ਜਨਸੰਖਿਆਂ ਦੇ ਵਿਚ ਕੀਤਾ ਗਿਆ ਹੈ, ਜੋ ਜਨਤਕ ਸਿਹਤ ਦੇ ਇਤਿਹਾਸ ਵਿਚ ਜਨ ਅੰਦੋਲਨ ਦਾ ਇਕ ਅਦਭੁੱਤ ਉਦਾਹਰਨ ਹੈ। ਇਸ ਨਾਲ ਦੁਨੀਆ ਭਰ ਵਿਚ ਇਨ੍ਹਾਂ ਹਾਨੀਕਾਰਕ ਬਿਮਾਰੀਆਂ ਦੇ ਆਤੰਕ ਨੂੰ ਕਾਬੂ ਕਰਨ ਦੀ ਦਿਸ਼ਾ ਵਿਚ ਨੀਤੀ ਨਿਰਮਾਤਾਵਾਂ, ਲੋਕ ਸਿਹਤ ਮਾਹਿਰਾਂ, ਸਮਾਜ ਵਿਗਿਆਨੀਆਂ, ਕੀਟ ਵਿਗਿਆਨੀਆਂ ਅਤੇ ਸਥਾਨਕ ਸਵੈ-ਸਰਕਾਰਾਂ ਵਿਚ ਆਤਮਵਿਸ਼ਵਾਸ ਪੈਦਾ ਹੋਵੇਗਾ। ਸਾਧਨਾਂ, ਦ੍ਰਿਸ਼ਟੀਕੋਣ ਅਤੇ ਅਨੁਕੂਲ ਹੁਨਰ ਅਤੇ ਰਣਨੀਤੀ ਵਿਚ ਹੋਈਆਂ ਨਵੀਂਆਂ ਕਾਢਾਂ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਖੇਤਰਾਂ ਵਿਚ ਨਵੇਂ ਸਿਖਿਆਰਥੀਆਂ ਵਾਸਤੇ ਬਹੁਤ ਸਹਾਇਕ ਸਿੱਧ ਹੋਣਗੀਆਂ।

## ਹਵਾਲਾ


1. ਵਰਲਡ ਹੈਲਥ, ਓ. ਡੇਂਗੂ : ਗਾਈਡਲਾਈਲਜ਼ ਫਾਰ ਡਾਇਗਨੋਸਿਸ, ਟ੍ਰੀਟਮੈਂਟ, ਪ੍ਰਿਵੈਂਨਸ਼ਨ ਐਂਡ ਕੰਟ੍ਰੋਲ। ਡੇਂਗੂ : ਗਾਈਡਲਾਈਨਜ਼ ਫਾਰ ਡਾਇਗਨੋਸਿਸ, ਟ੍ਰੀਟਮੈਂਟ, ਪ੍ਰਿਵੈਂਸ਼ਨ ਐਂਡ ਕੰਟ੍ਰੋਲ, 2009, ਜੇਨੇਵਾ : ਵਰਲਡ ਹੈਲਥ ਆਰਗੇਨਾਈਜੇਸ਼ਨ 1-147


2. ਪਾਕਰਸ਼ ਡਬਲਯੂ, ਲਾਇਡ ਐਲ. ਪਲਾਨਿੰਗ ਸੋਸ਼ਲ ਮੋਬਿਲਾਈਜੇਸ਼ਨ ਐਂਡ ਕਮਿਊਨੀਕੇਸ਼ਨ ਫਾਰ ਡੇਂਗੂ ਫੀਵਰ ਪ੍ਰਿਵੇਂਸ਼ਨ ਐਂਡ ਕੰਟ੍ਰੋਲ। ਏ ਸਟੇਪ ਬਾਈ ਸਟੈਪ ਗਾਈਡ। ਜੇਨੇਵਾ, ਸਵਿਟਜਰਲੈਂਡ : ਡਬਲਯੂ ਐਚਓ, 2004 ਅਵੇਲੇਬਲ ਫਰਾਮ : http://whqlibdoc.who.int/publications/2004/9241591072.pdf.

3. ਚੈਂਗ ਐਮਐਸ, ਕ੍ਰਿਸਟੋਫਲ ਈਐਮ, ਗੋਪੀਨਾਥ ਡੀ, ਅਬਦੁਰ ਆਰਐਮ. ਚੈਲੇਂਜੇਜ ਐਂਡ ਫਿਊਚਰ ਪਰਸਪ੍ਰੇਕਟਿਵ ਫਾਰ ਡੇਂਗੂਵੇਕਟਰ ਕੰਟ੍ਰੋਲ ਇਨ ਦਿ ਵੇਸਟਰਨ ਪੈਸੀਫਿਕ ਰੀਜਨ. 2011 ; 2 : 1-8 (ਪੀਐਮਸੀ ਫ੍ਰੀ ਆਰਟੀਕਲ) (ਪਬਮੇਡ) ਗੂਗਲ ਸਕਾਲਰ।

ਚਿੱਤਰ 1 : ਹਿੱਤਧਾਰਕਾਂ ਵਲੋਂ ਕੀਤੀਆਂ ਪ੍ਰਮੁੱਖ ਗਤੀਵਿਧੀਆਂ




ਚਿੱਤਰ 2 : ਪਾਈ - ਵੱਖ ਵੱਖ ਹਿੱਤਧਾਰਕਾਂ ਦਾ ਚਾਰਟ




ਚਿੱਤਰ 3 : ਉੱਤਰੀ 24 ਪਰਗਨਾ ਜ਼ਿਲ੍ਹੇ ਵਿਚ ਡੇਂਗੂ ਰਕਤਸ੍ਰਾਵੀ ਬੁਖਾਰ ਦਾ ਸਾਲ ਵਾਰ ਵੇਰਵਾ




ਸਰੋਤ : ਜ਼ਿਲ੍ਹਾ ਪ੍ਰਸ਼ਾਸਨ, ਉੱਤਰੀ 24 ਪਰਗਨਾ

ਚਿੱਤਰ 4 : ਡੀਐਚਐਫ ਦਾ ਪ੍ਰਸਾਰ ਘੱਟ ਕਰਨ ਵਾਸਤੇ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ।









# ਕੇਰਲ ਵਿਚ ਗ੍ਰਾਮ ਪੰਚਾਇਤਾਂ ਦਾ ਆਈ ਐਸ ਓ 9001-2015 ਪ੍ਰਮਾਣੀਕਰਨ

*ਕੇਰਲ ਸਥਾਨਕ ਪ੍ਰਸ਼ਾਸਨ ਸੰਸਥਾਨ (ਕਿਲਾ)

## ਜਾਣ-ਪਛਾਣ

ਕੇਰਲ ਇਕ ਮਜ਼ਬੂਤ ਸਥਾਨਕ ਸਵੈ-ਸ਼ਾਸਨ ਪ੍ਰਣਾਲੀ ਵਾਲਾ ਸੂਬਾ ਹੈ। ਸਥਾਨਕ ਸਵੈ ਸਰਕਾਰਾਂ (ਐਲ ਐਸ ਜੀ) ਸੂਬਾ ਅਤੇ ਕੇਂਦਰ ਸਰਕਾਰਾਂ ਦੀ ਤੁਲਨਾ ਵਿਚ ਆਮ ਲੋਕਾਂ ਦੇ ਜੀਵਨ ਦੇ ਜ਼ਿਆਦਾ ਨੇੜੇ ਹੈ। ਕੇਰਲ ਵਿਚ ਮਹਿਸੂਸ ਕੀਤੀਆਂ ਗਈਆਂ ਲੋਕਾਂ ਦੀਆਂ ਜ਼ਰੂਰਤਾਂ ਇਕ ਬੁਨਿਆਦੀ ਸ਼ਾਸਨ ਪ੍ਰਣਾਲੀ ਦੇ ਰੂਪ ਵਿਚ ਐਲਐਸਜੀ ਦੇ ਮਾਧਿਅਮ ਨਾਲ ਸੰਬੋਧਿਤ ਕੀਤੀਆਂ ਜਾਂਦੀਆਂ ਹਨ। ਸਥਾਨਕ ਸ਼ਾਸਨ ਵਿਵਸਥਾ ਆਮ ਲੋਕਾਂ ਦੇ ਜੀਵਨ ਵਿਚ ਸਫ਼ਲਤਾਪੂਰਵਕ ਸਹਾਇਤਾ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਉਹ ਲੋਕਾਂ ਦੇ ਵਿਕਾਸ ਅਤੇ ਕਲਿਆਣ ਦੀਆਂ ਜ਼ਰੂਰਤਾਂ ਪੂਰੀ ਕਰ ਰਹੇ ਹਨ, ਕਿਉਂਕਿ ਸਥਾਨਕ ਸਵੈ-ਸਰਕਾਰਾਂ ਨਾਗਰਿਕਾਂ ਦੇ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਇਸ ਲਈ ਸੇਵਾ ਕਰਨ ਦੀ ਗੁਣਵੱਤਾ ਵਿਚ ਹਮੇਸ਼ਾ ਸੁਧਾਰ ਬਹੁਤ ਮਹੱਤਵਪੂਰਨ ਹੈ।

ਐਲਐਸਜੀ ਪੱਧਰ 'ਤੇ ਗੁਣਵੱਤਾ ਸੁਧਾਰ ਦੀ ਮਹੱਤਵਪੂਰਨ ਪਹਿਲ ਕੀਤੀ ਗਈ ਹੈ।



ਮੀਨਾਚਿਲ, ਜੀਪੀ, ਕੇਰਲ ਵਿਚ ਕਾਗਜ਼ਰਹਿਤ ਦਫ਼ਤਰ

ਕੇਰਲ ਵਿਚ ਸਾਰੀਆਂ ਗ੍ਰਾਮ ਪੰਚਾਇਤਾਂ ਦਾ ਆਈਐਸਓ-9001 : 2015 ਪ੍ਰਮਾਣਨ ਅਜਿਹੀ ਨਵੀਂ ਅਤੇ ਸਫ਼ਲ ਪਹਿਲ ਹੈ। ਕੌਮਾਤਰੀ ਮਾਨਕੀਕਰਨ ਸੰਗਠਨ (ਆਈਐਸਓ) ਰਾਸ਼ਟਰੀ ਮਾਨਕ ਸੰਸਥਾਵਾਂ (ਆਈਐਸਓ ਮੈਂਬਰ ਸੰਸਥਾਨ) ਦਾ ਇਕ ਗਲੋਬਲ ਸੰਘ ਹੈ। ਆਈਐਸਓ-9001 : 2015 ਕਿਸੇ ਵੀ ਸੰਗਠਨ ਵਿਚ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਦੇ ਵਿਕਾਸ ਅਤੇ ਪ੍ਰਮਾਣਨ ਵਾਸਤੇ ਸਭ ਤੋਂ ਜ਼ਿਆਦਾ ਲੋਕਪ੍ਰਿਯ ਆਈਐਸਓ ਮਾਨਕਾਂ ਵਿਚੋਂ ਇਕ ਹੈ। ਇਸ ਦਾ ਉਪਯੋਗ ਛੋਟੇ ਜਾਂ ਵੱਡੇ ਕਿਸੇ ਵੀ ਸੰਗਠਨ ਵਲੋਂ ਕੀਤਾ ਜਾ ਸਕਦਾ ਹੈ, ਇਸ ਦੀਆਂ ਗਤੀਵਿਧੀਆਂ ਦਾ ਖੇਤਰ ਚਾਹੇ ਜੋ ਵੀ ਹੋਵੇ। ਪ੍ਰਮਾਣਨ ਦੀ ਵੈਧਤਾ, ਵਿਕਸਤ ਪ੍ਰਣਾਲੀ ਦੀ ਗੁਣਵੱਤਾ ਦੀ ਸਥਿਰਤਾ ਸੁਨਿਸਚਿਤ ਕਰਨ ਦੇ ਲਈ ਹਰ ਸਾਲ ਸੰਚਾਲਿਤ ਨਿਗਰਾਨੀ ਆਡਿਟ ਦੀ ਸ਼ਰਤ ਦੇ ਨਾਲ 3 ਸਾਲ ਹੈ। ਅਧਿਐਨਾਂ ਤੋਂ ਸਪੱਸ਼ਟ ਹੈ ਕਿ ਆਈ ਐਸ ਓ 9000 ਪ੍ਰਮਾਣੀਕਰਨ ਨਾਲ ਸੰਗਠਨਾਤਮਕ ਪ੍ਰਦਰਸ਼ਨ ਵਿਚ ਨਿਰੰਤਰ ਸੁਧਾਰ ਹੁੰਦਾ ਹੈ।

ਆਈਐਸਓ ਪ੍ਰਮਾਣੀਕਰਨ ਪਰਿਯੋਜਨਾ ਦਾ ਉਦੇਸ਼ ਇਕ ਅਜਿਹੀ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਵਿਕਸਿਤ ਕਰਨਾ ਹੈ, ਜੋ ਸੁਸ਼ਾਸਨ ਅਤੇ ਉਚ ਮਾਨਕ ਗੁਣਵੱਤਾ ਸੇਵਾਵਾਂ ਦੀ ਪ੍ਰਦਾਇਗੀ ਦੇ ਮਾਧਿਅਮ ਨਾਲ ਨਾਗਰਿਕਾਂ ਦੀ ਸੰਤੁਸ਼ਟੀ ਸੁਨਿਸਚਿਤ ਕਰਦੀ ਹੈ। ਇਸ ਦ੍ਰਿਸ਼ਟੀਕੋਣ ਦੇ ਨਾਲ ਸਥਾਨਕ ਸਵੈ-ਸ਼ਾਸਨ ਵਿਭਾਗ ਨੇ ਆਈਐਸਓ 9001-ਪਰਿਯੋਜਨਾ ਸ਼ੁਰੂ ਕੀਤੀ ਹੈ ਅਤੇ ਕੇਰਲ ਵਿਚ ਸਾਰੀਆਂ ਗ੍ਰਾਮ ਪੰਚਾਇਤਾਂ ਅਤੇ ਬਲਾਕ ਪੰਚਾਇਤਾਂ ਦਾ ਪ੍ਰਮਾਣਨ ਸਫ਼ਲਤਾਪੂਰਵਕ ਕਰਵਾਇਆ ਹੈ। ਜ਼ਿਲ੍ਹਾ ਪੰਚਾਇਤਾਂ ਅਤੇ ਸ਼ਹਿਰੀ ਲੋਕਲ ਬਾਡੀ ਵਿਚ ਇਸ ਪ੍ਰਮਾਣੀਕਰਨ ਨੂੰ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਵਿਚ ਹੈ। ਪਰਿਯੋਜਨਾ ਦੇ ਲਈ ਸੰਪੂਰਨ ਸਿਖਲਾਈ ਅਤੇ ਸਲਾਹ ਮਸ਼ਵਰਾ ਸਹਾਇਤਾ ਕੇਰਲ ਲੋਕਲ ਬਾਡੀ ਸੰਸਥਾਨ (ਕਿਲਾ), ਕੇਰਲ ਸਰਕਾਰ ਦੇ ਅਧੀਨ ਇਕ ਖੁਦਮੁਖਤਿਆਰ ਸੰਸਥਾਨ ਵਲੋਂ ਪ੍ਰਦਾਨ ਕੀਤੀ ਗਈ ਸੀ। ਇਸ ਪ੍ਰੋਜੈਕਟ ਨਾਲ ਸੇਵਾ ਪ੍ਰਦਾਨ, ਬਿਨੈ-ਪੱਤਰ ਜਮ੍ਹਾਂ ਕਰਨ ਵਿਚ ਸ਼ੁੱਧਤਾ, ਤੇਜ਼ੀ ਨਾਲ ਫਾਈਲ ਪ੍ਰੋਸੈਸਿੰਗ, ਆਰਟੀਆਈ ਪ੍ਰਤੀਕ੍ਰਿਆ ਸਮਾਂ ਘੱਟ ਕਰਨ, ਆਸਾਨ ਰਿਕਾਰਡ ਮੁੜ ਪ੍ਰਾਪਤ ਕਰਨ ਵਿਚਅਤੇ ਅਖੀਰ ਨਾਗਰਿਕ ਸੰਤੁਸ਼ਟੀ ਵਿਚ ਵਿਲੱਖਣ ਸੁਧਾਰ ਹੋਇਆ ਹੈ।

ਗ੍ਰਾਮ ਪੰਚਾਇਤਾਂ ਵਿਚ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਆਧਾਰਿਤ ਆਈਐਸਓ 9001 : 2015 ਪ੍ਰਮਾਣਨ ਦੇ ਮੁੱਖ ਲਾਭ

ਗੁਣਵੱਤਾ ਪ੍ਰਬੰਧਨ ਪ੍ਰਣਾਲੀ ਲਾਗੂ ਕਰਨ ਨਾਲ ਹੋਣ ਵਾਲੇ ਮੁੱਖ ਲਾਭਾਂ/ਨਤੀਜਿਆਂ ਦੀ ਸੂਚੀ ਥੱਲੇ ਦਿੱਤੀ ਗਈ ਹੈ। ਗੁਣਵੱਤਾ ਪ੍ਰਬੰਧਨ

*ਕੇਰਲ ਲੋਕਲ ਬਾਡੀ ਸੰਸਥਾਨ (ਕਿਲਾ) ਤੋਂ ਪ੍ਰਾਪਤ ਜਾਣਕਾਰੀ

ਪ੍ਰਣਾਲੀ ਲਾਗੂ ਕਰਨ ਨਾਲ ਥੋੜ੍ਹੇ ਅਤੇ ਲੰਬੇ ਸਮੇਂ ਵਿਚ ਸਿੱਧੇ ਅਤੇ ਅਸਿੱਧੇ ਦੋਵੇਂ ਪ੍ਰਕਾਰ ਦੇ ਲਾਭ ਹੁੰਦੇ ਹਨ। ਸਿੱਧੇ ਲਾਭਾਂ ਜਿਵੇਂ ਕਿ ਫਰੰਟ ਆਫਿਸ ਸਿਸਟਮ, ਰਿਕਾਰਡ ਪ੍ਰਬੰਧਨ ਪ੍ਰਣਾਲੀ ਅਤੇ ਬੁਨਿਆਦੀ ਢਾਂਚੇ ਦੇ ਨਤੀਜੇ ਵਜੋਂ ਅਸਿੱਧੇ ਲਾਭ ਪ੍ਰਾਪਤ ਹੁੰਦੇ ਹਨ ਜਿਵੇਂ ਕਿ ਸੇਵਾ ਪ੍ਰਦਾਨ ਵਿਚ ਸੁਧਾਰ, ਨਾਗਰਿਕ ਸੰਤੁਸ਼ਟੀ ਵਿਚ ਵਾਧਾ, ਸੰਗਠਨ ਵਿਚ ਗੁਣਵੱਤਾ ਸੰਸਕ੍ਰਿਤੀ, ਕਰਮਚਾਰੀ ਦਾ ਹੁਨਰ ਵਿਕਾਸ ਅਤੇ ਕਰਮਚਾਰੀ ਭਾਗੀਦਾਰੀ ਅਤੇ ਸੰਤੁਸ਼ਟੀ।

- **ਫਰੰਟ ਆਫਿਸ ਸਿਸਟਮ** : ਆਈਐਸਓ ਪ੍ਰਮਾਣਨ ਇਕ ਉਚਿਤ ਫਰੰਟ ਆਫਿਸ ਸਿਸਟਮ ਸੁਨਿਸਚਿਤ ਕਰਦਾ ਹੈ, ਜਿਸ ਵਿਚ ਜਨਤਾ ਦੇ ਲਈ ਸੂਚਨਾ ਬੋਰਡ ਅਤੇ ਫਰੰਟ ਆਫਿਸ ਕਾਊਂਟਰ ਸ਼ਾਮਿਲ ਹਨ, ਜੋ ਜਨਤਾ ਨੂੰ ਗੁਣਵੱਤਾਪੂਰਨ ਸੇਵਾਵਾਂ ਪ੍ਰਦਾਨ ਕਰਦੇ ਹਨ। ਪ੍ਰਮਾਣਨ ਦੇ ਲਈ, ਰੈਂਪ, ਪੀਣ ਵਾਲਾ ਸੁੱਖਿਅਤ ਪਾਣੀ, ਦੁੱਧ ਪਿਲਾਉਣ ਵਾਲੀਆਂ ਮਾਵਾਂ ਵਾਸਤੇ ਵੱਖਰਾ ਕਮਰਾ, ਵਾਸ਼ ਰੂਮ ਵਰਗੀਆਂ ਵੱਖ-ਵੱਖ ਜਨ ਸੁਵਿਧਾਵਾਂ ਦਾ ਹੋਣਾ ਲਾਜ਼ਮੀ ਹੈ। ਇਹ ਨਾਗਰਿਕ ਆਧਾਰਿਤ ਪ੍ਰਣਾਲੀ ਜ਼ਿਆਦਾ ਆਕਰਸ਼ਕ ਹੁੰਦੀ ਹੈ ਅਤੇ ਨਾਗਰਿਕਾਂ ਵਿਚ ਸੰਗਠਨ ਦੇ ਪ੍ਰਤੀ ਸਕਾਰਾਤਮਕ ਭਾਵ ਪੈਦਾ ਕਰਦੀ ਹੈ।

- **ਰਿਕਾਰਡ ਪ੍ਰਬੰਧਨ ਪ੍ਰਣਾਲੀ** : ਸਾਰੇ ਐਲਐਸਜੀ ਵਿਚ ਇਕ ਉਚਿਤ ਰਿਕਾਰਡ ਪ੍ਰਬੰਧਨ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ। ਰਿਕਾਰਡ ਨੂੰ ਅਨੁਭਾਗ, ਸਾਲ ਅਤੇ ਨਿਪਟਾਊ ਪ੍ਰਕਾਰ ਦੇ ਆਧਾਰ 'ਤੇ ਛਾਂਟ ਕੇ ਇਕ ਰਿਕਾਰਡ ਰੂਮ ਵਿਚ ਰੱਖਿਆ ਜਾਂਦਾ ਹੈ ਅਤੇ ਰਿਕਾਰਡ ਦੀ ਸਥਿਤੀ ਦੀ ਪਹਿਚਾਣ ਸਮੇਤ ਵਿਸਥਾਰਤ ਵੇਰਵਾ ਕੰਪਿਊਟਰ ਵਿਚ ਦਰਜ ਕੀਤਾ ਜਾਂਦਾ ਹੈ। ਰਿਕਾਰਡ ਪ੍ਰਬੰਧਨ ਰਿਕਾਰਡ ਨੂੰ ਘੱਟੋ-ਘੱਟ ਸਮੇਂ ਵਿਚ ਲੱਭਣਾ ਸੁਨਿਸਚਿਤ ਕਰਦਾ ਹੈ। ਕਿਸੇ ਫਾਈਲ ਨੂੰ ਲੱਭਣ ਵਿਚ 7-10 ਮਿੰਟ ਦਾ ਔਸਤ ਸਮਾਂ ਲੱਗਦਾ ਹੈ। ਇਸ ਨਾਲ ਜਨਤਾ ਨੂੰ ਸੇਵਾਵਾਂ ਦੀ ਤੁਰੰਤ ਡਿਲੀਵਰੀ ਸੁਨਿਸਚਿਤ ਹੁੰਦੀ ਹੈ ਅਤੇ ਸਟਾਫ ਦੀ ਕੁਸ਼ਲਤਾ ਵਿਚ ਸੁਧਾਰ ਹੁੰਦਾ ਹੈ।

- **ਬੁਨਿਆਦੀ ਢਾਂਚਾ** : ਹਾਲਾਂਕਿ ਮੁੱਖ ਫੋਕਸ ਬੁਨਿਆਦੀ ਢਾਂਚਾ ਵਿਕਸਿਤ ਕਰਨਾ ਨਹੀਂ ਹੈ, ਫਿਰ ਵੀ ਪ੍ਰਮਾਣੀਕਰਨ ਸੁਨਿਸਚਿਤ ਕਰਦਾ ਹੈ ਕਿ ਦਫ਼ਤਰ ਸਾਫ਼-ਸੁਥਰਾ ਹੈ ਅਤੇ ਜਨਤਾ ਅਤੇ ਕਰਮਚਾਰੀਆਂ ਦੋਵਾਂ ਨੂੰ ਆਕਰਸ਼ਕ ਲੱਗਦਾ ਹੈ। ਸਾਫ਼ ਅਤੇ ਢੁਕਵੇਂ ਸਥਾਨ ਵਾਲੇ ਦਫ਼ਤਰ ਦੇ ਮਾਹੌਲ ਨਾਲ ਕਰਮਚਾਰੀਆਂ ਦੀ ਸੰਤੁਸ਼ਟੀ ਅਤੇ ਉਨ੍ਹਾਂ ਦੀ ਉਤਪਾਦਕਤਾ ਵਿਚ ਮਹੱਤਵਪੂਰਨ ਸੁਧਾਰ ਹੋਇਆ ਹੈ।



ਮੁਲੌਰਕਰਾ ਜੀਪੀ, ਜ਼ਿਲ੍ਹਾ ਤ੍ਰਿਸੂਰ, ਕੇਰਲ

- **ਸੇਵਾ ਸਪੁਰਦਗੀ** : ਆਈਐਸਓ ਪ੍ਰਮਾਣਨ ਪਰਿਯੋਜਨਾ ਦਾ ਮੁੱਖ ਫੋਕਸ ਐਲਐਸਜੀ ਰਾਹੀਂ ਪ੍ਰਕਾਸ਼ਿਤ ਨਾਗਰਿਕ ਚਾਰਟ ਦੇ ਅਨੁਸਾਰ ਜਨਤਾ ਨੂੰ ਸਮਾਂ ਬੱਧ ਢੰਗ ਨਾਲ ਸੇਵਾ ਸਪੁਰਦਗੀ ਸੁਨਿਸਚਿਤ ਕਰਨਾ ਸੀ। ਇਸ ਪ੍ਰਣਾਲੀ ਦਾ ਨਿਗਰਾਨੀ ਫਰੰਟ ਆਫਿਸ ਨਿਗਰਾਨ ਸਮਿਤੀ ਵਲੋਂ ਕੀਤਾ ਜਾਂਦਾ ਹੈ, ਜੋ ਸੁਨਿਸਚਿਤ ਕਰਦਾ ਹੈ ਕਿ ਉਥੇ ਕੋਈ ਫਾਈਲ ਲੰਬਿਤ ਨਹੀਂ ਹੈ। ਇਸ ਸਮੇਂ ਵਿਚ ਸੇਵਾ ਪ੍ਰਦਾਨ ਕਰਨ ਦੇ ਸਮੇਂ ਵਿਚ ਮਹੱਤਵਪੂਰਨ ਕਮੀ ਆਈ ਹੈ।

- **ਨਾਗਰਿਕ ਸੰਤੁਸ਼ਟੀ** : ਨਾਗਰਿਕ ਸੰਤੁਸ਼ਟੀ ਕਈ ਗੁਣਾਂ ਵੱਧ ਗਈ ਹੈ। ਨਾਗਰਿਕਾਂ ਤੋਂ ਨਿਯਮਿਤ ਆਧਾਰ 'ਤੇ ਪ੍ਰਾਪਤ ਕੀਤੀ ਗਈ ਫੀਡਬੈਕ ਤੋਂ

ਸਪੱਸ਼ਟ ਹੋਇਆ ਹੈ ਕਿ ਕੇਰਲ ਵਿਚ ਹਰੇਕ ਗ੍ਰਾਮ ਪੰਚਾਇਤ ਵਿਚ ਸੰਤੁਸ਼ਟੀ ਦੀ ਦਰ 90 ਪ੍ਰਤੀਸ਼ਤ ਤੋਂ ਜ਼ਿਆਦਾ ਹੈ। ਇਸ ਦੇ ਇਲਾਵਾ, ਸੇਵਾਵਾਂ ਦੇ ਬਾਰੇ ਵਿਚ ਨਾਗਰਿਕਾਂ ਤੋਂ ਮਿਲਣ ਵਾਲੀਆਂ ਸ਼ਿਕਾਇਤਾਂ ਵਿਚ ਲਗਾਤਾਰ ਕਮੀ ਆਈ ਹੈ।

- **ਸੰਗਠਨ ਵਿਚ ਗੁਣਵੱਤਾ ਸੰਸਕ੍ਰਿਤੀ** : ਅੰਦਰੂਨੀ ਆਡਿਟ (ਕਰਮਚਾਰੀ ਆਡਿਟ ਅਤੇ ਹੋਰ) ਅਤੇ ਪ੍ਰਬੰਧਨ ਸਮੀਖਿਆ (ਪੰਚਾਇਤ ਸਮਿਤੀ ਪੰਚਾਇਤ ਵਿਚ ਗੁਣਵੱਤਾ ਪਹਿਲੂਆਂ ਦੀ ਸਮੀਖਿਆ ਕਰਦੀ ਹੈ) ਵਰਗੀ ਲਾਜ਼ਮੀ ਗਤੀਵਿਧੀਆਂ ਨੇ ਸੇਵਾਵਾਂ ਦੇ ਨਿਰੰਤਰ ਸੁਧਾਰ ਵਿਚ ਲੱਗੇ ਕਰਮਚਾਰੀਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਦੋਵਾਂ ਨੂੰ ਉਤਸ਼ਾਹਿਤ ਕੀਤਾ ਹੈ। ਗੁਣਵੱਤਾ ਅਤੇ ਗੁਣਵੱਤਾ ਵਿਚ ਸੁਧਾਰ ਦੇ ਸੰਕਲਪ 'ਤੇ ਵਿਚਾਰ ਵਿਟਾਂਦਰਾ ਕੀਤੀ ਜਾਂਦਾ ਰਿਹਾ ਹੈ ਅਤੇ ਪ੍ਰਕ੍ਰਿਆ ਵਿਚ ਉਨ੍ਹਾਂ ਦੇ ਮਾਰਗ ਦਰਸ਼ਨ ਵਾਸਤੇ ਇਕ ਗੁਣਵੱਤਾ ਨੀਤੀ ਹਰੇਕ ਗ੍ਰਾਮ ਪੰਚਾਇਤ ਵਿਚ ਸੂਤਰਬੱਧ ਕੀਤੀ ਗਈ ਹੈ।
- **ਕਰਮਚਾਰੀ ਭਾਗੀਦਾਰੀ ਅਤੇ ਸੰਤੁਸ਼ਟੀ** : ਗੁਣਵੱਤਾ ਮੰਡਲ (ਰਸਮੀ ਤੌਰ 'ਤੇ ਗਠਿਤ ਕਰਮਚਾਰੀ ਮਿੱਤਰ ਸਮੂਹ) ਵਰਗੀਆਂ ਪਹਿਲਕਦਮੀਆਂ ਨੇ ਸਾਰੇ ਪੱਧਰਾਂ 'ਤੇ ਕਰਮਚਾਰੀਆਂ ਦੀ ਭਾਗਦਾਰੀ ਸੁਨਿਸਚਿਤ ਹੋਈ ਹੈ। ਉਨ੍ਹਾਂ ਦੇ ਕੋਲ ਉਤਪਾਦਕਤਾ ਵਿਚ ਸੁਧਾਰ ਦੇ ਲਈ ਸੁਝਾਅ ਦੇਣ ਵਾਸਤੇ ਮਾਧਿਅਮ ਹੈ। ਇਸ ਨਾਲ ਪੰਚਾਇਤਾਂ ਦੇ ਕੰਮ ਮਾਹੌਲ ਵਿਚ ਭਾਰੀ ਸੁਧਾਰ ਹੋਇਆ ਹੈ। ਇਸ ਦੇ ਇਲਾਵਾ ਕੁਸ਼ਲ ਰਿਕਾਰਡ ਪ੍ਰਬੰਧਨ ਪ੍ਰਣਾਲੀ ਨਾਲ ਕਰਮਚਾਰੀਆਂ ਦੇ ਕੰਮ ਦੇ ਬੋਝ ਵਿਚ ਕਮੀ ਆਈ ਹੈ, ਜਿਸ ਨਾਲ ਸੇਵਾ ਪ੍ਰਦਾਇਗੀ ਦੀ ਗੁਣਵੱਤਾ ਵਿਚ ਸੁਧਾਰ ਹੋਇਆ ਹੈ।
- **ਹੁਨਰ ਵਿਕਾਸ** : ਗੁਣਵੱਤਾ ਪ੍ਰਬੰਧਨ ਪ੍ਰਣਾਲੀ ਵਿਚ ਮਹੀਨੇ ਵਿਚ ਇਕ ਵਾਰ ਕਰਮਚਾਰੀ ਸਿਖਲਾਈ ਸੰਚਾਲਿਤ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਨਾਲ ਕਰਮਚਾਰੀਆਂ ਦੇ ਸਮੁੱਚੇ ਹੁਨਰ ਦੇ ਨਾਲ ਫਰੰਟ ਆਫਿਸ ਦੀ ਕੁਸ਼ਲਤਾ ਵਿਚ ਸੁਧਾਰ ਹੋਇਆ ਹੈ।

## ਗ੍ਰਾਮ ਪੰਚਾਇਤਾਂ ਵਿਚ ਆਈਐਸਓ 9001 : 2015 ਪ੍ਰਮਾਣਨ ਦੀ ਸਮਾਂ ਰੇਖਾ

ਸਾਲ 2010 ਵਿਚ ਕਾਸਰਾਗੋਡ ਜ਼ਿਲ੍ਹੇ ਦੀ ਕੁੰਬਲਾ ਗ੍ਰਾਮ ਪੰਚਾਇਤ ਨੇ ਆਈਐਸਓ 9001 : 2008 ਪ੍ਰਮਾਣਨ ਹਾਸਲ ਕੀਤਾ ਅਤੇ ਸੂਬੇ ਵਿਚ ਅਤੇ ਸੰਭਵ ਦੇਸ਼ ਵਿਚ ਆਪਣੀ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਦੇ ਲਈ ਕੌਮਾਂਤਰੀ ਮਾਨਤਾ ਹਾਸਲ ਕਰਨ ਵਾਲੀ ਪਹਿਲੀ ਸਥਾਨਕ ਸਵੈ-ਸਰਕਾਰ ਬਣੀ। ਬਾਅਦ ਵਿਚ ਕੁੰਬਲਾ ਗ੍ਰਾਮ ਪੰਚਾਇਤ ਦੇ ਉਦਾਹਰਨ ਦਾ ਅਨੁਸਰਨ ਕਰਦੇ ਹੋਏ ਹੋਰ ਗ੍ਰਾਮ ਪੰਚਾਇਤਾ ਨੇ ਵੀ ਆਈਐਸਓ ਮਾਨਤਾ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਸਰਕਾਰ ਵਲੋਂ ਆਈ.ਐਸ.ਓ. ਗਤੀਵਿਧੀਆਂ ਦੇ ਨਿਸ਼ਪਾਦਨ ਵਿਚ ਗ੍ਰਾਮ ਪੰਚਾਇਤਾਂ ਦੀ ਸਹਾਇਤਾ ਵਾਸਤੇ ਸੰਪੂਰਨ ਗੁਣਵੱਤਾ ਪ੍ਰਬੰਧਨ ਲਾਗੂ ਕਰਨ ਦੇ ਮਾਧਿਅਮ ਨਾਲ ਆਈਐਸਓ-9001 : 2008 ਪ੍ਰਮਾਣਨ ਪ੍ਰਾਪਤ ਕਰਨ ਦੇ ਸੰਬੰਧ ਵਿਚ ਇਕ ਦਿਸ਼ਾਨਿਰਦੇਸ਼ ਜਾਰੀ ਕੀਤਾ ਗਿਆ। ਬਾਅਦ ਵਿਚ ਕੇਰਲ ਸਥਾਨਕ ਪ੍ਰਸ਼ਾਸਨ ਸੰਸਥਾਨ (ਕਿਲਾ) ਦੁਆਰਾ ਆਈ.ਐਸ.ਓ.-9001 :2008 ਪ੍ਰਮਾਣਿਤ ਗ੍ਰਾਮ ਪੰਚਾਇਤਾਂ ਦੇ ਬਾਰੇ ਵਿਚ ਸੰਚਾਲਿਤ ਇਕ ਅਧਿਐਨ ਤੋਂ ਪਤਾ ਲੱਗਾ ਕਿ ਆਈ.ਐਸ .ਓ. ਪਰਿਯੋਜਨਾ ਵਿਚ ਸੇਵਾ ਦੀ ਗੁਣਵੱਤਾ ਦੇ ਮੁਕਾਬਲੇ ਢਾਂਚਾਗਤ ਸੁਵਿਧਾਵਾਂ ਦੇ ਸੁਧਾਰ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਕਿਲਾ ਦੁਆਰਾ, ਖੋਜ ਦੇ ਨਤੀਜਿਆਂ ਦੇ ਆਧਾਰ 'ਤੇ, ਖੋਜ ਤੋਂ ਪਤਾ ਲੱਗੇ ਮੁੱਦਿਆਂ ਦੇ ਸੰਬੋਧਨ ਵਾਸਤੇ ਸਰਕਾਰ ਨੂੰ ਦਿਸ਼ਾ ਨਿਰਦੇਸ਼ ਵਿਚ ਸੋਧ ਵਾਸਤੇ ਇਕ ਨੋਟ ਪੇਸ਼ ਕੀਤਾ ਗਿਆ। ਇਸ ਅਨੁਸਾਰ ਸਰਕਾਰ ਵਲੋਂ ਗ੍ਰਾਮ ਪੰਚਾਇਤਾਂ ਵਿਚ ਸੰਪੂਰਨ ਗੁਣਵੱਤਾ ਪ੍ਰਬੰਧਨ ਲਾਗੂ ਕਰਨ ਦੇ ਮਾਧਿਅਮ ਨਾਲ ਆਈਐਸਓ-9001 : 2008 ਪ੍ਰਮਾਣਨ ਪ੍ਰਾਪਤ

| ਗੁਣਵੱਤਾ ਪ੍ਰਬੰਧਨ ਸਿਧਾਂਤ | ਗਤੀਵਿਧੀਆਂ |
|---|---|
| **ਗ੍ਰਾਹਕ ਫੋਕਸ** | ਨਾਗਰਿਕ ਸਰਵੇਖਣ, ਨਾਗਰਿਕ ਸਰਵੇਖਣ ਰਿਪੋਰਟ, ਨਾਗਰਿਕ ਫੀਡਬੈਕ ਫਾਰਮ, ਨਾਗਰਿਕ ਸ਼ਿਕਾਇਤ ਨਿਵਾਰਨ |
| **ਲੀਡਰਸ਼ਿਪ** | ਗੁਣਵੱਤਾ ਨੀਤੀ ਬਣਾਉਣਾ, ਗੁਣਵੱਤਾ ਪ੍ਰਬੰਧਨ ਪ੍ਰਣਾਲੀ (ਕਿਊਐਮਐਸ) ਵਿਚ ਸਪੱਸ਼ਟ ਭੂਮਿਕਾਵਾਂ ਅਤੇ ਜਵਾਬਦੇਹੀ ਨਿਰਧਾਰਨ। |
| **ਲੋਕਾਂ ਦੀ ਪਰਿਯੁਕਤੀ** | ਗੁਣਵੱਤਾ ਮੰਡਲ, ਕਰਮਚਾਰੀ ਸਿਖਲਾਈ। |
| **ਪ੍ਰਕ੍ਰਿਆ ਦ੍ਰਿਸ਼ਣੀਕੋਣ** | ਫਰੰਟ ਆਫਿਸ ਪ੍ਰਬੰਧਨ, ਫਾਈਲ ਪ੍ਰਬੰਧਨ, ਆਈ.ਐਸ.ਓ. ਪ੍ਰਲੇਖਨ ਜਿਸ ਵਿਚ ਗੁਣਵੱਤਾ ਕਿਤਾਬ ਅਤੇ ਪ੍ਰਕ੍ਰਿਆ ਕਿਤਾਬ ਸ਼ਾਮਿਲ ਹਨ। |
| **ਸੁਧਾਰ** | ਗੁਣਵੱਤਾ ਉਦੇਸ਼, ਅੰਦਰੂਨੀ ਆਡਿਟ, ਪ੍ਰਬੰਧਨ ਸਮੀਖਿਆ। |
| **ਸਬੂਤ - ਆਧਾਰਿਤ ਫੈਸਲਾ** | ਰਿਕਾਰਡ ਪ੍ਰਬੰਧਨ ਪ੍ਰਣਾਲੀ। |
| **ਸੰਪਰਕ ਪ੍ਰਬੰਧਨ** | ਇੱਛੁਕ ਪਾਰਟੀਆਂ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਦੀ ਪਹਿਚਾਣ, ਸਪਲਾਇਰ ਮੁੱਲਾਂਕਣ |

ਕਰਨ ਦੇ ਸੰਬੰਧ ਵਿਚ ਇਕ ਸ਼ੋਧਿਤ ਦਿਸ਼ਾਨਿਰਦੇਸ਼ ਜਾਰੀ ਕੀਤਾ ਜਾ ਚੁੱਕਾ ਹੈ।

ਸ਼ੁਰੂ ਵਿਚ ਆਈ.ਐਸ.ਓ. ਪ੍ਰਮਾਣਨ ਦੇ ਲਈ ਸਲਾਹ ਮਸ਼ਵਰਾ ਨਿੱਜੀ ਏਜੰਸੀਆਂ ਵਲੋਂ ਪ੍ਰਦਾਨ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਗ੍ਰਾਮ ਪੰਚਾਇਤਾਂ ਵਿਚ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਦੇ ਲਾਗੂ ਕਰਨ ਵਿਚ ਮਤਭੇਦ ਪੈਦਾ ਹੋਏ। ਇਨ੍ਹਾਂ ਹਾਲਾਤਾਂ ਵਿਚ ਕਿਲਾ ਨੇ ਆਈ.ਐਸ.ਓ. 9001 : 2015 ਵਿਚ ਗ੍ਰਾਮ ਪੰਚਾਇਤਾਂ ਨੂੰ ਸਲਾਹ ਉਪਲਬਧ ਕਰਾਉਣ ਵਾਸਤੇ ਰੁਚੀ ਦੇ ਸਬੰਧ ਵਿਚ ਸਰਕਾਰ ਦੇ ਸਾਹਮਣੇ ਇਕ ਪ੍ਰਸਤਾਵ ਪੇਸ਼ ਕੀਤਾ ਅਤੇ ਸਾਲ 2018 ਵਿਚ ਕਿਲਾ ਨੂੰ ਕੇਰਲ ਵਿਚ ਗ੍ਰਾਮ ਪੰਚਾਇਤਾਂ ਦੇ ਲਈ ਆਈ ਐਸ ਓ ਪ੍ਰਮਾਣੀਕਰਨ ਸਲਾਹਦਾਤਾ ਏਜੰਸੀ ਨਿਯੁਕਤ ਕਰ ਦਿੱਤਾ ਗਿਆ। ਕਿਲਾ ਨੇ ਸਾਰੇ ਜ਼ਿਲ੍ਹੇ ਵਿਚ ਪ੍ਰਮਾਣਨ ਦੀਆਂ ਗਤੀਵਿਧੀਆਂ ਦੇ ਤਾਲਮੇਲ ਵਾਸਤੇ ਪੇਸ਼ੇਵਰ ਯੋਗਤਾ ਧਾਰਕ ਜ਼ਿਲ੍ਹਾ ਕੋਆਰਡੀਨੇਟਰ ਨਿਯੁਕਤ ਕਰ ਦਿੱਤੇ। ਕਿਲਾ ਦੀ ਸਲਾਹ ਦੇ ਤਹਿਤ ਚੰਗੀ ਸਿਖਲਾਈ, ਸਮਰੱਥਾ ਨਿਰਮਾਣ ਅਤੇ ਸਥਾਨ 'ਤੇ ਸਹਾਇਤਾ ਦੇ ਮਾਧਿਅਮ ਨਾਲ ਗ੍ਰਾਮ ਪੰਚਾਇਤਾ ਨੇ 2019 ਵਿਚ ਆਈ ਐਸ ਓ 9001 : 2015 ਪ੍ਰਮਾਣਨ ਹਾਸਲ ਕਰਨਾ ਸ਼ੁਰੂ ਕਰ ਦਿੱਤਾ। ਗ੍ਰਾਮ ਪੰਚਾਇਤਾਂ ਵਿਚ ਹੋ ਰਹੇ ਪਰਿਵਰਤਨਾਂ ਤੋਂ ਪ੍ਰੇਰਿਤ ਹੋ ਕੇ,ਬਲਾਕ ਪੰਚਾਇਤਾਂ ਨੇ ਵੀ ਕਿਲਾ ਦੀ ਸਲਾਹ ਦੇ ਤਹਿਤ ਆਈ ਐਸ ਓ ਪ੍ਰਮਾਣਨੀਕਰਨ ਪਰਿਯੋਜਨਾ ਸ਼ੁਰੂ ਕੀਤੀ ਅਤੇ 2019 ਦੇ ਅੰਤ ਤੱਕ ਕੇਰਲ ਵਿਚ ਸਾਰੇ 152 ਬਲਾਕ ਪੰਚਾਇਤਾਂ ਦੇ ਲਈ ਆਈ ਐਸ ਓ ਪ੍ਰਮਾਣਨ ਹਾਸਲ ਕਰ ਲਿਆ। ਵਰਤਮਾਨ ਵਿਚ ਕੇਰਲ ਵਿਚਖ 939 ਗ੍ਰਾਮ ਪੰਚਾਇਤਾਂ, 152 ਬਲਾਕ ਪੰਚਾਇਤਾਂ, 8 ਜ਼ਿਲ੍ਹਾ ਪੰਚਾਇਤਾਂ, 9 ਉਪ ਨਿਰਦੇਸ਼ਕ ਪੰਚਾਇਤ ਦਫ਼ਤਰ, 2 ਸਹਾਇਕ ਵਿਕਾਸ ਕਮਿਸ਼ਨਰ ਦਫ਼ਤਰ ਅਤੇ ਪੰਚਾਇਤ ਨਿਰਦੇਸ਼ਕ ਦਫ਼ਤਰ ਆਈ ਐਸ ਓ 9001 : 2015 ਪ੍ਰਮਾਣਿਤ ਹਨ। ਗੁਣਵੱਤਾ ਪ੍ਰਬੰਧਨ ਪ੍ਰਣਾਲੀ ਅਤੇ ਇਸ ਦੀ ਪ੍ਰਭਾਵਸ਼ੀਲਤਾ ਦੀ ਨਿਗਰਾਨੀ ਆਡਿਟ ਹਰੇਕ ਸਾਲ ਕਿਸੇ ਬਾਹਰੀ ਆਡਿਟ ਅਫ਼ਸਰ ਦੁਆਰਾ ਕੀਤੀ ਜਾਂਦੀ ਹੈ। ਸਾਰੀਆਂ ਗ੍ਰਾਮ ਪੰਚਾਇਤਾਂ, ਕੋਵਿਡ 19 ਮਹਾਂਮਾਰੀ ਦੇ ਬਾਵਜੂਦ, ਪਹਿਲੀ ਨਿਗਰਾਨੀ ਆਡਿਟ ਸਫ਼ਲਤਾਪੂਰਵਕ ਪੂਰੀਆਂ ਕਰ ਚੁੱਕੀਆਂ ਹਨ।

**ਆਈ ਐਸ ਓ 9001 :2015 ਪ੍ਰਮਾਣਨ ਦੇ ਅੰਗ ਦੇ ਰੂਪ ਵਿਚ ਗ੍ਰਾਮ ਪੰਚਾਇਤਾਂ ਵਿਚ ਪ੍ਰਮੁੱਖ ਗਤੀਵਿਧੀਆਂ**



ਮੀਨਾਚਿਲ ਜੀਪੀ ਦੀ ਫਰੰਟ ਸਾਈਡ, ਕਾਨੂੰਨੀ ਸੂਚਨਾ ਬੋਰਡ ਸਮੇਤ

ਆਈ ਐਸ ਓ ਰਾਹੀਂ ਪੇਸ਼ ਵੱਖ-ਵੱਖ ਲੜੀਆਂ ਵਿਚ ਕਿਲਾ ਰਾਹੀਂ ਆਈ ਐਸ ਓ 9000 ਲੜੀ ਅਪਣਾਈ ਗਈ। ਆਈ ਐਸ ਓ 9001 : 2015 ਇਕ ਅਜਿਹੀ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਵਾਸਤੇ ਮਾਨਦੰਡ ਨਿਰਧਾਰਤ ਕਰਦਾ ਹੈ, ਜੋ ਸੰਗਠਨ ਨੂੰ ਇਸ ਦੇ ਗ੍ਰਾਹਕਾਂ ਦੀ ਸੰਤੁਸ਼ਟੀ, ਅਧੀਨਗੀ ਉਮੀਦਾਂ ਦੀ ਪੂਰਤੀ ਅਤੇ ਨਿਰੰਤਰ ਸੁਧਾਰ ਪ੍ਰਾਪਤ ਕਰਨ ਵਾਸਤੇ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਮਾਨਦੰਡ ਗੁਣਵੱਤਾ ਪ੍ਰਬੰਧਨ ਦੇ ਸੱਤ ਸਿਧਾਂਤਾਂ 'ਤੇ ਆਧਾਰਿਤ ਹੈ, ਜੋ ਕੋਈ ਵੀ ਸੰਗਠਨ ਗੁਣਵੱਤਾਪੂਰਨ ਸੇਵਾਵਾਂ ਅਤੇ ਨਿਰੰਤਰ ਸੁਧਾਰ ਸੁਨਿਸ਼ਚਿਤ ਕਰਨ ਵਾਸਤੇ ਲਾਗੂ ਕਰ ਸਕਦਾ ਹੈ। ਉਹ ਹੇਠ ਅਨੁਸਾਰ ਹੈ :

1 ਗ੍ਰਾਹਕ ਫੋਕਸ
2 ਲੀਡਰਸ਼ਿਪ
3 ਲੋਕਾਂ ਦੀ ਸ਼ਮੂਲੀਅਤ
4 ਪ੍ਰਕ੍ਰਿਆ ਦ੍ਰਿਸ਼ਣੀਕੋਣ
5 ਸੁਧਾਰ
6 ਸਬੂਤ - ਆਧਾਰਿਤ ਫੈਸਲਾ
7 ਸੰਪਰਕ ਪ੍ਰਬੰਧਨ

ਇਹ ਆਈ ਐਸ ਓ ਪ੍ਰਮਾਣਨ ਪਰਿਯੋਜਨਾ ਸੰਗਠਨ ਵਿਚ ਵੱਖ-ਵੱਖ ਗਤੀਵਿਧੀਆਂ ਦਾ ਪ੍ਰਮਾਣੀਕਰਨ ਗੁਣਵੱਤਾ ਪ੍ਰਬੰਧਨ ਸਿਧਾਂਤਾਂ ਦੇ ਆਧਾਰ 'ਤੇ ਕਰਨ 'ਤੇ ਜ਼ੋਰ ਦਿੰਦੀ ਹੈ। ਕੁਝ ਸਿਧਾਂਤ ਹੇਠ ਦਿੱਤੇ ਗਏ ਹਨ :

ਨਾਲ ਪ੍ਰਣਾਲੀ ਦੀ ਤਾਕਤ ਅਤੇ ਕਮਜ਼ੋਰੀ ਦੀ ਪਹਿਚਾਣ ਕਰਨ ਵਿਚ ਸਹਾਇਤਾ ਮਿਲ ਸਕਦੀ ਹੈ।

Ÿ **ਕਿਊਐਮਐਸ ਅਤੇ ਆਈ ਐਸ ਓ ਸਬੰਧੀ ਜਾਗਰੂਕਤਾ** : ਸੰਸਥਾ ਦੇ ਹਰੇਕ ਕਰਮਚਾਰੀ ਨੂੰ ਆਈ ਐਸ ਓ ਪ੍ਰਕ੍ਰਿਆ ਅਤੇ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਦੀ ਅਵਧਾਰਨਾ ਦੇ ਪ੍ਰਤੀ ਜਾਗਰੂਕ ਬਣਾਏ ਜਾਣ ਦੀ ਜ਼ਰੂਰਤ ਹੈ। ਕਰਮਚਾਰੀਆਂ ਦੀ ਭਾਗੀਦਾਰੀ ਸੁਨਿਸਚਿਤ ਕਰਨ ਦੇ ਲਈ ਗੁਣਵੱਤਾ ਮੰਡਲ ਗਠਿਤ ਕੀਤਾ ਗਿਆ ਹੈ ਅਤੇ ਹੁਨਰ ਵਿਕਾਸ ਦੇ ਲਈ ਹਰੇਕ ਮਹੀਨੇ ਵਿਚ ਘੱਟ ਤੋਂ ਘੱਟ ਇਕ ਵਾਰ ਕਰਮਚਾਰੀ ਸਿਖਲਾਈ ਦਾ ਆਯੋਜਨ ਕੀਤਾ ਜਾਂਦਾ ਹੈ। ਕਿਊਐਮਐਸ ਦੇ ਲਾਗੂ ਕਰਨ ਅਤੇ ਸੁਧਾਰ ਵਿਚ ਕਰਮਚਾਰੀਆਂ ਦੀ ਸਪੱਸ਼ਟ ਭੂਮਿਕਾਵਾਂ ਅਤੇ ਜ਼ਿੰਮੇਦਾਰੀਆਂ ਨਿਸਚਿਤ ਅਤੇ ਦਰਸਾਈਆਂ ਗਈਆਂ ਹਨ।




ਕੇਰਲ ਵਿਚ ਇਕ ਜੀਪੀ ਦਾ ਫਰੰਟ ਆਫਿਸ

ਇਸ ਦਾ ਉਦੇਸ਼ ਕੇਵਲ ਆਈ ਐਸ ਓ ਪ੍ਰਮਾਣਨ ਪ੍ਰਾਪਤ ਕਰਨਾ ਨਹੀਂ ਹੈ, ਬਲਕਿ ਅਜਿਹੀ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਦੇ ਵਿਕਾਸ 'ਤੇ ਫੋਕਸ ਕਰਨਾ ਹੈ, ਜੋ ਗ੍ਰਾਹਕਾਂ/ਨਾਗਰਿਕਾਂ ਨੂੰ ਗੁਣਵੱਤਾਪੂਰਨ ਸੇਵਾ ਪ੍ਰਦਾਨ ਕਰਨ ਵਾਸਤੇ ਸਰਲ ਹੈ। ਪ੍ਰਕ੍ਰਿਆ ਦੇ ਨਾਲ ਸਬੰਧਿਤ ਪ੍ਰਮੁੱਖ ਗਤੀਵਿਧੀਆਂ ਦੀ ਸੂਚੀ ਥੱਲੇ ਦਿੱਤੀ ਗਈ ਹੈ। ਇਨ੍ਹਾਂ ਗਤੀਵਿਧੀਆਂ ਵਿਚ ਇਸ ਦੇ ਇਲਾਵਾ ਅਨੇਕ ਉਪ ਗਤੀਵਿਧੀਆਂ ਵੀ ਸ਼ਾਮਿਲ ਹਨ।

Ÿ **ਸਥਿਤੀ ਦਾ ਮੁੱਲਾਂਕਣ** : ਗੁਣਵੱਤਾ ਪ੍ਰਬੰਧਨ ਪ੍ਰਣਾਲੀ ਲਾਗੂ ਕਰਨ ਦੇ ਲਈ ਸੰਸਥਾ ਵਿਚ ਮੌਜੂਦਾ ਪ੍ਰਣਾਲੀ ਅਤੇ ਸਾਧਨਾ ਦੀ ਜਾਣਕਾਰੀ ਹੋਣਾ ਮਹੱਤਵਪੂਰਨ ਹੈ। ਉਚ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਗੱਲਬਾਤ ਦੇ ਨਾਲ ਰਿਪੋਰਟਾਂ ਦੇ ਵਿਸਲੇਸ਼ਣ

Ÿ **ਰਿਕਾਰਡ ਅਤੇ ਦਸਤਾਵੇਜ਼ ਪ੍ਰਬੰਧਨ** : ਰਿਕਾਰਡ ਅਤੇ ਦਸਤਾਵੇਜ਼ ਪ੍ਰਬੰਧਨ ਦੇ ਲਈ ਹਿਕ ਪ੍ਰਣਾਲੀਬੱਧ ਅਤੇ ਮਾਨਕੀਕ੍ਰਿਤ ਪ੍ਰਣਾਲੀ ਦੀ ਸਥਾਪਨਾ ਜਾਂ ਉਸ ਵਿਚ ਸੁਧਾਰ ਦੀ ਜ਼ਰੂਰਤ ਹੈ। ਰਿਕਾਰਡ ਦੀ ਛਾਂਟੀ, ਵਿਵਸਥਾ ਅਤੇ ਮਾਨਕੀਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਰਿਕਾਰਡ ਲੱਭਣ ਵਿਚ 5 ਮਿੰਟ ਤੋਂ ਜ਼ਿਆਦਾ ਦਾ ਸਮਾਂ ਨਾ ਲੱਗੇ।

Ÿ **ਗ੍ਰਾਹਕ/ਹਿੱਤਧਾਰਕ ਸਬੰਧੀ ਗਤੀਵਿਧੀਆਂ** : ਕਿਊ ਐਮ ਐਸ ਦਾ ਆਖਰੀ ਉਦੇਸ਼ ਗ੍ਰਾਹਕਾਂ ਦੀ ਸੰਤੁਸ਼ਟੀ ਹੈ। ਹਰੇਕ ਸਾਲ ਇਕ ਨਾਗਰਿਕ ਚਾਰਟ ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਜਿਸ ਵਿਚ

ਸੇਵਾਵਾਂ, ਡਿਲੀਵਰੀ ਸਮਾਂ ਅਤੇ ਜ਼ਰੂਰਤਾਂ ਦਾ ਵੇਰਵਾ ਦਿੱਤਾ ਜਾਂਦਾ ਹੈ। ਗ੍ਰਾਹਕ ਫੀਡਬੈਕ ਪ੍ਰਾਪਤ ਕਰਨ, ਨਾਗਰਿਕ ਸਰਵੇਖਣ, ਨਾਗਰਿਕ ਸਰਵੇਖਣ ਰਿਪੋਰਟ, ਨਾਗਰਿਕ ਫੀਡਬੈਕ ਪੱਤਰ, ਨਾਗਰਿਕ ਸ਼ਿਕਾਇਤਾਂ ਦਾ ਹੱਲ ਮੌਜੂਦਾ ਗਤੀਵਿਧੀਆਂ ਦਾ ਮੁੱਲਾਂਕਣ ਕਰਨ ਅਤੇ ਸੰਭਾਵਿਤ ਸੁਧਾਰ, ਜੇਕਰ ਕੋਈ ਹੈ ਦੇ ਲਈ ਸੁਝਾਅ ਦੇਣ ਦੀ ਜ਼ਰੂਰਤ ਹੈ।

Ÿ **ਦਸਤਾਵੇਜ਼ (ਗੁਣਵੱਤਾ ਕਿਤਾਬ, ਪ੍ਰਕ੍ਰਿਆ ਕਿਤਾਬ, ਆਈ ਐਸ ਓ ਫਾਈਲਾਂ)** : ਦਸਤਾਵੇਜ਼ ਕਿਊਐਮਐਸ ਦਾ ਇਕ ਅਨਿੱਖੜਵਾਂ ਅੰਗ ਹੈ, ਜਿਸ ਵਿਚ ਗੁਣਵੱਤਾ ਕਿਤਾਬ, ਪ੍ਰਕ੍ਰਿਆ ਕਿਤਾਬ, ਆਈਐਸਓ ਫਾਈਲਾਂ ਸ਼ਾਮਿਲ ਹਨ। ਗੁਣਵੱਤਾ ਪ੍ਰਬੰਧਨ ਪ੍ਰਣਾਲੀ ਦੇ ਹਰ ਪਹਿਲੂ ਦਾ ਸਪੱਸ਼ਟ ਲੇਖਨ ਜ਼ਰੂਰ ਹੁੰਦਾ ਹੈ।

Ÿ **ਗੁਣਵੱਤਾ ਨੀਤੀ ਅਤੇ ਗੁਣਵੱਤਾ ਉਦੇਸ਼ਾਂ ਦਾ ਵਿਕਾਸ** : ਸੰਗਠਨ/ਸੰਸਥਾਨ ਨੂੰ ਗੁਣਵੱਤਾ ਨੀਤੀ ਅਤੇ ਗੁਣਵੱਤਾ ਦੇ ਉਦੇਸ਼ ਵਿਕਾਸ ਆਪਣੇ ਕਿਊਐਮਐਸ ਦੇ ਅੰਸ਼ ਦੇ ਰੂਪ ਵਿਚ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹ ਮਹੱਤਵਪੂਰਨ ਹੁੰਦਾ ਹੈ ਕਿ ਸਾਰੇ ਕਰਮਚਾਰੀ ਇਸ ਨੀਤੀ ਅਤੇ ਉਦੇਸ਼ਾਂ ਤੋਂ ਜਾਣੂ ਹੋਣ।

Ÿ **ਅੰਦਰੂਨੀ ਆਡਿਟ ਅਤੇ ਪ੍ਰਬੰਧਨ ਸਮੀਖਿਆ** : ਕਿਊਐਮਐਸ ਦੇ ਸੁਧਾਰ ਵਾਸਤੇ ਤੰਤਰ ਨਾਮਤ : ਅੰਦਰੂਨੀ ਆਡਿਟ ਅਤੇ ਪ੍ਰਬੰਧਨ ਸਮੀਖਿਆ ਲਾਗੂ ਕਰਨ ਅਤੇ ਹਰ ਛੇ ਮਹੀਨੇ ਵਿਚ ਸੰਚਾਲਿਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਨਾਲ ਸਥਾਪਿਤ ਕੀਤੀ ਗਈ ਪ੍ਰਣਾਲੀ ਦਾ ਟਿਕਾਊਪਣ ਸੁਨਿਸਚਿਤ ਹੁੰਦਾ ਹੈ।

Ÿ **ਪੂਰਵ-ਅੰਦਾਜ਼ਾ ਆਡਿਟ** : ਕਿਊ ਐਮ ਐਸ ਲਾਗੂ ਕੀਤੇ ਜਾਣ ਦੇ ਬਾਅਦ, ਬਾਹਰੀ ਆਡਿਟ ਦਾ ਸਾਹਮਣਾ ਕਰਨ ਤੋਂ ਪਹਿਲਾਂ ਉਸ ਦਾ ਆਕਲਨ ਕਿਸੇ ਪ੍ਰਮਾਣਿਤ ਆਡਿਟ ਏਜੰਸੀ ਵਲੋਂ ਕੀਤਾ ਜਾਵੇਗਾ।

Ÿ **ਆਡਿਟ ਨਤੀਜਿਆਂ ਦਾ ਹੱਲ** : ਆਈ ਐਸ ਓ ਪ੍ਰਮਾਣਨ ਪ੍ਰਾਪਤ ਕਰਨ ਦੇ ਲਈ ਬਾਹਰੀ ਆਡਿਟ ਦੀ ਜ਼ਰੂਰਤਾਂ ਦੀ ਪੂਰਤੀ ਬਾਹਰੀ ਆਡਿਟ ਦੁਆਰਾ ਉਪਲਬਧ ਕਰਾਏ ਗਏ ਸੁਧਾਰਾਂ ਦਾ ਹੱਲ ਕਰਨ ਦੀ ਜ਼ਰੂਰਤ ਹੁੰਦੀ ਹੈ।

Ÿ **ਨਿਗਰਾਨੀ ਆਡਿਟ** : ਆਈਐਸਓ 9001 ਪ੍ਰਮਾਣਿਤ ਸੰਸਥਾ ਨੂੰ ਤਿੰਨ ਸਾਲ ਤੱਕ ਨਿਗਰਾਨੀ ਆਡਿ ਕਰਾਉਣੀ ਹੁੰਦੀ ਹੈ ਅਤੇ ਲਾਗੂ ਕੀਤੀ ਗਈ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਵਿਚ ਸਥਿਰਤਾ ਅਤੇ ਸੁਧਾਰ ਰਾਹੀਂ ਆਡਿਟਰਸ਼ ਦੀ ਸੰਤੁਸ਼ਟੀ ਕਰਨੀ ਹੁੰਦੀ ਹੈ।

## ਨਤੀਜਾ

ਗ੍ਰਾਮ ਪੰਚਾਇਤਾਂ ਦਾ ਆਈ ਐਸ ਓ 9001 ਪ੍ਰਮਾਣਨ ਜਨਤਾ ਦੇ ਲਈ ਸੇਵਾਵਾਂ ਦੀ ਵਿਸ਼ਵ ਪੱਧਰੀ ਗੁਣਵੱਤਾ ਸੁਨਿਸਚਿਤ ਕਰਨ ਦੀ ਦਿਸ਼ਾ ਵਿਚ ਇਕ ਕਦਮ ਸੀ। ਆਈ ਐਸ ਓ 9000 ਪ੍ਰਮਾਣਨ ਇਸ ਦੀ ਸਮਾਪਤੀ ਨਹੀ ? ਬਲਕਿ ਇਹ ਹੋਰ ਅਨੇਕਾਂ ਗੁਣਵੱਤਾ ਪਹਿਲੂਆਂ ਦੀ ਸ਼ੁਰੂਆਤ ਹੈ। ਐਲ ਐਸ ਜੀ ਦੇ ਲਈ ਇਕ ਸਵੈਦੇਸੀ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਵਿਕਸਿਤ ਕਰਨ ਦੇ ਲਈ ਪਹਿਲ 'ਤੇ ਚਰਚਾ ਕੀਤੀ ਜਾ ਰਹੀ ਹੈ, ਜਿਸ ਵਿਚ ਸਥਾਨਕ ਸਵੈ-ਸ਼ਾਸਨ ਪ੍ਰਣਾਲੀ ਦੀ ਹਰ ਇਕ ਪ੍ਰਕ੍ਰਿਆ ਅਤੇ ਸੇਵਾ ਡਿਲੀਵਰੀ ਦੇ ਲਈ ਮਾਨਕ ਸ਼ਾਮਿਲ ਹੈ। ਇਹ ਪੂਰੇ ਦੇਸ਼ ਵਿਚ ਹਰੇਕ ਐਲਐਸਜੀ ਦੇ ਲਈ ਮਾਨਦੰਡ ਦੇ ਰੂਪ ਵਿਚ ਸਥਾਪਿਤ ਹੋ ਸਕਦਾ ਹੈ।



ਮੀਨਾਚਿਲ ਜੀਪੀ, ਜਿਲ੍ਹਾ ਕੋਟਟਾਇਮ, ਕੇਰਲ ਵਿਚ ਫਰੰਟ ਆਫਿਸ

# ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਅਤੇ ਪੰਚਾਇਤੀ ਰਾਜ ਸੰਸਥਾਵਾਂ

*ਕਾਰਪੋਰੇਟ ਕਾਰਜ ਮੰਤਰਾਲਾ

ਕਿਸੇ ਵੀ ਨੀਤੀ ਦਾ ਉਦੇਸ਼ ਇਸ ਦੇ ਲਾਭ ਹੇਠਲੇ ਬੁਨਿਆਦੀ ਪੱਧਰ ਤੱਕ ਪਹੁੰਚਾਉਣ ਦੀ ਯੋਗਤਾ ਹੋਣਾ ਚਾਹੀਦਾ, ਤਾਂਕਿ "ਗ੍ਰਾਮਉਦੈ" ਦੇ ਮਾਧਿਅਮ ਨਾਲ "ਸਰਵੋਦਿਆ" ਹਾਸਲ ਕੀਤਾ ਜਾ ਸਕੇ।

ਭਾਰਤ ਕਾਰਪੋਰੇਟ ਸਮਾਜਿਕ ਜ਼ਿੰਮੇਦਾਰੀ (ਸੀਐਸਆਰ) ਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਬਣਾਉਣ ਵਾਲਾ ਸੰਸਾਰ ਦਾ ਸਭ ਤੋਂ ਪਹਿਲਾ ਦੇਸ਼ ਹੈ। ਇਹ ਦਰਸਾਉਂਦਾ ਹੈ ਕਿ ਕੰਪਨੀਆਂ ਦਾ ਆਪਣੇ ਕਾਰੋਬਾਰੀ ਕਾਰਜਾ ਵਿਚ ਸਮਾਜਿਕ, ਆਰਥਿਕ ਅਤੇ ਵਾਤਾਵਰਨ ਸਬੰਧੀ ਚਿੰਤਾਵਾਂ ਨੂੰ ਜੋੜਨ ਦੀ ਜ਼ਿੰਮੇਵਾਰੀ ਹੈ। ਵੱਖ-ਵੱਖ ਕਾਰਪੋਰੇਸ਼ਨਾਂ ਆਪਣੀਆਂ ਸੀਐਸਆਰ ਪ੍ਰਤੀਬੱਧਤਾ ਵਾਸਤੇ ਕਈ ਪ੍ਰੋਜੈਕਟਾਂ ਨੂੰ ਸ਼ੁਰੂ ਕਰਦੀਆਂ ਹਨ। ਕੰਪਨੀ (ਸੀਐਸਆਰ) ਨੀਤੀ ਨਿਯਮਾਂਵਲੀ, 2014 ਦੇ ਨਾਲ ਕੰਪਨੀ ਐਕਟ, 2013 ਦੀ ਅਨੁਸੂਚੀ VII ਦੇ ਨਾਲ ਪੈਂਦੇ ਸੈਕਸ਼ਨ 135 ਵਿਚ ਕੰਪਨੀਆਂ ਦੇ ਲਈ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀਆਂ ਦੇ ਸਾਧਨਾਂ ਦੁਆਰਾ ਟਿਕਾਊ ਵਿਕਾਸ ਦੀ ਦਿਸ਼ਾ ਵਿਚ ਪਹਿਲਕਦਮੀਆਂ ਵਿਚ ਹਿਸਾ ਲੈਣ ਲਈ ਇਕ ਮਜ਼ਬੂਤ ਢਾਂਚੇ ਦੀ ਵਿਵਸਥਾ ਦਿੱਤੀ ਗਈ ਹੈ।

ਹਰੇਕ ਕੰਪਨੀ ਜਿਸ ਦੀ ਕੁੱਲ ਸੰਪਤੀ ਰੁਪਏ ਪੰਜ ਸੌ ਕਰੋੜ ਜਾਂ ਜ਼ਿਆਦਾ ਹੈ ਜਾਂ ਜਿਸ ਦਾ ਕਾਰੋਬਾਰ ਰੁਪਏ ਇਕ ਹਜ਼ਾਰ ਕਰੋੜ ਜਾਂ ਜ਼ਿਆਦਾ ਹੈ ਜਾਂ ਜਿਸ ਦਾ ਸ਼ੁੱਧ ਲਾਭ ਤੁਰੰਤ ਬੀਤੇ ਵਿੱਤੀ ਸਾਲ ਦੇ ਦੌਰਾਨ ਰੁਪਏ ਪੰਜ ਕਰੋੜ ਜਾਂ ਜ਼ਿਆਦਾ ਰਿਹਾ ਹੈ, ਉਹ ਬੋਰਡ ਦੀ ਕਾਰਪੋਰਟ ਦੇਣਦਾਰੀ ਕਮੇਟੀ ਗਠਿਤ ਕਰੇਗੀ, ਜਿਸ ਵਿਚ ਤਿੰਨ ਜਾਂ ਜ਼ਿਆਦਾ ਨਿਰਦੇਸ਼ਕ ਹੋਣਗੇ, ਜਿਨ੍ਹਾਂ ਵਿਚੋਂ ਘੱਟ ਤੋਂ ਘੱਟ ਇਕ ਨਿਰਦੇਸ਼ਕ ਕੋਈ ਸੁਤੰਤਰ ਨਿਰਦੇਸਕ ਹੋਵੇਗਾ।

ਸੰਨ 2015 ਵਿਚ, ਭਾਰਤ ਸਰਕਾਰ ਦੇ ਸਾਬਕਾ ਸਕੱਤਰ ਸ੍ਰੀ ਅਨਿਲ ਬੈਜਲ ਦੀ ਪ੍ਰਧਾਨਗੀ ਵਿਚ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਨੂੰ ਕਾਰਪੋਰਟ ਸਮਾਜਿਕ ਦੇਣਦਾਰੀ ਨੀਤੀਆਂ ਲਾਗੂ ਕਰਨ ਦੀ ਬਿਹਤਰ ਨਿਗਰਾਨੀ ਵਾਸਤੇ ਉਪਾਅ ਸੁਝਾਉਣ ਦਾ ਕੰਮ ਸੌਂਪਿਆ ਗਿਆ ਸੀ। ਇਸ ਸੰਦਰਭ ਵਿਚ ਕਾਰਪੋਰੇਟ ਮੰਤਰਾਲਾ (ਐਮਸੀਏ) ਸਾਲ 2018 ਵਿਚ ਕਾਰਪੋਰੇਟ ਸਮਾਜਿਕ ਦੇਣਦਾਰੀ 'ਤੇ ਇਕ ਉਚ ਪੱਧਰੀ ਕਮੇਟੀ ਤੱਤਕਾਲੀ ਸਕੱਤਰ, ਐਮਸੀਏ, ਸ੍ਰੀ ਇੰਜੇਤੀ ਸ੍ਰੀਨਿਵਾਸ ਦੀ ਪ੍ਰਧਾਨਗੀ ਵਿਚ ਗਠਿਤ ਕੀਤੀ ਗਈ। ਇਸ ਕਮੇਟੀ ਨੂੰ ਮੌਜੂਦ ਢਾਂਚੇ ਦੀ ਸਮੀਖਿਆ ਕਰਨ ਅਤੇ ਭਵਿੱਖ ਵਿਚ ਲਾਗੂ ਕਰਨ ਦੇ ਲਈ ਇਕ ਮਾਰਗ ਮਾਨਚਿੱਤਰ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ। ਕਮੇਟੀ ਵਲੋਂ ਨਾ ਕੇਵਲ ਸੀਐਸਆਰ ਦ੍ਰਿਸ਼ ਵਿਚ ਵਧੀਆ ਪ੍ਰਣਾਲੀਆਂ ਦੇ ਸੁਝਾਅ ਦਿੱਤੇ ਗਏ, ਬਲਕਿ ਸੀਐਸਆਰ ਫੰਡਾਂ ਦੇ ਸਬੰਧ ਵਿਚ ਵਿੱਤੀ, ਸਮਾਜਿਕ ਅਤੇ ਪ੍ਰਦਰਸ਼ਨ-ਆਧਾਰਿਤ ਆਡਿਟ ਕਰਨ ਅਤੇ ਜ਼ਿਆਦਾ ਪਾਰਦਰਸ਼ਿਤਾ ਲਿਆਉਣ ਦੀ ਵੀ ਸਿਫਾਰਸ਼ ਕੀਤੀ ਗਈ।

ਕੰਪਨੀ ਐਕਟ, 2013 ਦੀ ਅਨੁਸੂਚੀ VII ਦੇ ਤਹਿਤ ਗਤੀਵਿਧੀਆਂ ਜਿਵੇਂ ਕਿ ਪੇਂਡੂ ਵਿਕਾਸ ਪਰਿਯੋਜਨਾਵਾਂ, ਭੁੱਖ, ਗਰੀਬੀ ਅਤੇ ਕੁਪੋਸ਼ਣ ਦਾ ਖਾਤਮਾ, ਸਿਹਤ ਦੇਖਭਾਲ ਅਤੇ ਸਫ਼ਾਈ; ਸਿੱਖਿਆ ਪ੍ਰੋਤਸਾਹਨ; ਵਾਤਾਵਰਨ ਸਥਿਰਤਾ ਸੁਨਿਸਚਿਤ ਕਰਨਾ, ਆਦਿ ਸੀਐਸਆਰ ਨੀਤੀ ਵਾਸਤੇ ਸਵੀਕਾਰਯੋਗ ਹਨ। ਕਾਨੂੰਨ ਇਹ ਉਮੀਦ ਕਰਦਾ ਹੈ ਕਿ ਕੰਪਨੀ ਨੂੰ ਸੀਐਸਆਰ ਦੇ ਲਈ ਨਿਰਧਾਰਤ ਰਾਸ਼ੀ ਉਨ੍ਹਾਂ ਸਥਾਨਕ ਖੇਤਰ (ਐਸ) ਦੇ ਆਸ-ਪਾਸ ਖਰਚ ਕਰਨ ਨੂੰ ਪਹਿਲ ਦੇਣੀ ਚਾਹੀਦੀ, ਜਿਥੇ ਇਹ ਕੰਮ ਕਰਦੀ ਹੈ। ਨਿਗਰਾਨੀ ਦਾ ਕੰਮ ਕੰਪਨੀ ਰਾਹੀਂ ਨਿਰਧਾਰਤ ਫਾਰਮ ਵਿਚ ਕੀਤੇ ਗਏ ਫਾਰਮ ਵਿਚ ਕੀਤੇ ਗਏ ਖੁਲਾਸੇ ਵਿਚ ਸਾਲਾਨਾ ਰਿਪੋਰਟ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਕੰਪਨੀ ਨੂੰ ਮੰਤਰਾਲਾ ਵਿਚ ਸੀਐਸਆਰ 'ਤੇ ਸਾਲਾਨਾ ਰਿਪੋਰਟ ਪੇਸ਼ ਕਰਨੀ ਚਾਹੀਦੀ, ਜਿਸ ਵਿਚ ਸੀਐਸਆਰ ਲਾਗੂ ਕਰਨ 'ਤੇ ਆਪਣਾ ਵਿਸਥਾਰਤ ਵੇਰਵਾ ਫੰਡਾਂ ਦੇ ਨਿਰਧਾਰਣ, ਸੀਐਸਆਰ ਖਰਚ ਦੇ ਟੀਚਿਆਂ ਰਾਜ ਅਤੇ ਵਿਕਾਸ ਸੈਕਟਰ ਸਮੇਤ ਪੇਸ਼ ਕਰਨੇ ਚਾਹੀਦੇ ਹਨ।

ਇਹ ਵਿਆਪਕ ਤੌਰ 'ਤੇ ਸਵੀਕਾਰ ਕੀਤਾ ਜਾਂਦਾ ਹੈ ਕਿ ਸਰਕਾਰੀ ਪਹਿਲਕਦਮੀਆਂ ਵਿਚ ਕੰਪਨੀਆਂ ਦੀ ਭਾਗੀਦਾਰੀ ਨਾਲ ਵਿਕਾਸ ਪ੍ਰਕ੍ਰਿਆ ਵਿਚ ਬਿਹਤਰ ਪ੍ਰਬੰਧ-ਕੌਸ਼ਲ, ਤਕਨਾਲੋਜੀ ਅਤੇ ਨਵੀਨਤਾ ਆਉਂਦੀ ਹੈ। ਪ੍ਰੋਜੈਕਟਾਂ ਨੂੰ ਟਿਕਾਊ ਬਣਾਉਣ ਦੇ ਲਈ ਇਸ ਦੇ ਸ਼ੁਰੂਆਤ ਤੋਂ ਹੀ ਸਮਾਜ ਅਤੇ ਪੰਚਾਇਤ ਦੀ ਸ਼ਮੂਲੀਅਤ ਦਾ ਏਕੀਕਰਨ ਅਤੇ ਸਰਕਾਰੀ ਵਿਭਾਗਾਂ ਦੇ ਨਾਲ ਤਾਲਮੇਲ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਇਹ ਸਭ ਜ਼ਿਆਦਾ ਮਹੱਤਵਪੂਰਨ ਹੈ ਕਿ ਮੰਤਰਾਲਾ ਰਾਹੀਂ ਉਤਸਾਹਿਤ ਸਾਰੇ ਸੀਐਸਆਰ ਦਖਲ ਦੇਸ਼ ਦੇ ਲੋਕਾਂ

*ਕਾਰਪੋਰੇਟ ਕਾਰਜ ਮੰਤਰਾਲਾ ਤੋਂ ਪ੍ਰਾਪਤ ਜਾਣਕਾਰੀ

ਦੇ ਵਿਆਪਕ ਸਮਾਜਿਕ ਅਤੇ ਆਰਥਿਕ ਵਿਕਾਸ ਦੇ ਲਈ ਹੁੰਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੇਂਡੂ ਪਿਛੋਕੜ ਦੇ ਹੁੰਦੇ ਹਨ। ਇਸ ਟੀਚੇ ਦੀ ਪ੍ਰਾਪਤੀ ਲਈ, ਮਨ ਵਿਚ ਸਭ ਤੋਂ ਪਹਿਲਾਂ ਗ੍ਰਾਮ ਪੰਚਾਇਤ ਦਾ ਢਾਂਚਾ ਆਉਂਦਾ ਹੈ।

ਅਜਿਹੀਆਂ ਭਾਰਤੀ ਕੰਪਨੀਆਂ ਦੇ ਅਨੇਕ ਉਦਾਹਰਨ ਹਨ, ਜੋ ਪੰਚਾਇਤੀ ਰਾਜ ਸੰਸਥਾਵਾਂ (ਪੀਆਰਆਈਜ਼) ਦੀ ਸਹਾਇਤਾ ਵਾਸਤੇ ਸੀਆਸਐਰ ਪਹਿਲੂਆਂ ਦੇ ਮਾਧਿਅਮ ਨਾਲ ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ, ਸਿੱਖਿਆ ਖੇਤਰ ਨੂੰ ਸਹਾਇਤਾ ਪ੍ਰਦਾਨ ਕਰ ਰਹੀ ਹੈ। ਇਹ ਮੰਨਿਆ ਜਾਂਦਾ ਹੈ ਕਿ ਅਜਿਹਾ ਅਭਿਸਰਨ ਦ੍ਰਿਸ਼ਟੀਕੋਣ ਪੇਂਡੂ ਗਰੀਬਾਂ ਦੀ ਤਰੱਕੀ ਵਾਸਤੇ ਸੰਭਵ ਜਵਾਬ/ਰਣਨੀਤੀ ਉਪਲਬਧ ਕਰਵਾ ਸਕਦਾ ਹੈ।

ਉਦਾਹਰਨ ਦੇ ਲਈ, ਹਰ ਵਾਰ ਜਦੋਂ ਕੋਈ ਕੁਦਰਤੀ ਆਫ਼ਤਾਂ ਆਉਂਦੀ ਹੈ, ਪ੍ਰਭਾਵਿਤ ਖੇਤਰ ਦੇ ਪੇਂਡੂ ਪਰਿਵਾਰ ਮੁੜ ਵਸੇਬਾ ਪ੍ਰਕ੍ਰਿਆ ਦੇ ਦੌਰਾਨ ਸੀਐਸਆਰ ਫੰਡਾਂ ਦਾ ਲਾਭ ਹੁੰਦਾ ਹੈ। ਸੀਐਸਆਰ ਫੰਡਿੰਗ ਨਾਲ ਅਨੇਕਾਂ ਪੇਂਡੂ ਵਿਕਾਸ ਗਤੀਵਿਧੀਆਂ ਜਿਵੇਂ ਕਿ ਪਾਣੀ ਦੀ ਸਾਂਭ-ਸੰਭਾਲ, ਖੇਤ ਤਲਾਅ ਦੀ ਖੁਦਾਈ, ਪੇਂਡੂ ਸਿਹਤ, ਪੇਂਡੂ ਖੇਤਰਾਂ ਵਿਚ ਸੜਕਾਂ ਅਤੇ ਪਹੁੰਚ ਰਸਤਿਆਂ ਦਾ ਨਿਰਮਾਣ, ਜਨਜਾਤੀ ਵਿਕਾਸ, ਇੰਟਰਨੈੱਟ ਪ੍ਰਵੇਸ਼, ਜੰਗਲਾਂ ਦੀ ਸੰਭਾਲ ਆਦਿ ਦਾ ਕੰਮ ਪੂਰਾ ਹੁੰਦਾ ਹੈ। ਕੰਪਨੀਆਂ ਨੇ ਸਵੱਸ਼ਛ ਭਾਰਤ ਅਭਿਆਨ ਨੂੰ ਅੱਗੇ ਵਧਾਉਣ ਦੇ ਲਈ ਪੇਂਡੂ ਵਾਤਾਵਰਨ ਸਾਫ਼ ਰੱਖਣ ਦੇ ਲਈ ਕਮਿਊਨਿਟੀ ਟਾਇਲਟ ਦਾ ਨਿਰਮਾਣ ਕਰਵਾਇਆ ਅਤੇ ਪ੍ਰਭਾਵਸ਼ਾਲੀ ਠੋਸ ਅਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਦਾ ਕੰਮ ਕੀਤਾ।

ਹੁਣੇ ਹਾਲ ਹੀ ਵਿਚ, ਐਮਸੀਏ ਨੇ ਕੰਪਨੀਆਂ ਨੂੰ ਕੋਵਿਡ-19 ਸਬੰਧੀ ਸੀਐਸਆਰ ਗਤੀਵਿਧੀਆਂ ਸ਼ੁਰੂ ਕਰਨ ਵਾਸਤੇ ਯੋਗ ਬਣਾਉਣ ਵਾਸਤੇ ਸੀਐਸਆਰ ਗਤੀਵਿਧੀਆਂ ਨੂੰ ਦਰੁਸਤ ਕੀਤਾ। ਮੰਤਰਾਲਾ ਨੇ ਸਰਕੂਲਰ ਮਿਤੀ 23-03-2020 ਦੇ ਮਾਧਿਅਮ ਨਾਲ ਸਪੱਸ਼ਟ ਕੀਤਾ ਸੀ ਕਿ ਸੀਐਸਆਰ ਫੰਡਾਂ ਨਾਲ ਕੋਵਿਡ-19 ਦੇ ਲਈ ਖਰਚ ਕਰਨਾ ਇਕ ਸਵੀਕਾਰਯੋਗ ਸੀਐਸਆਰ ਗਤੀਵਿਧੀ ਹੈ। ਇਸ ਨਾਲ ਪੇਂਡੂ ਖੇਤਰਾਂ ਵਿਚ ਆਸ਼ਾ ਕਰਮਚਾਰੀਆਂ ਵਰਗੇ ਦੇਖਭਾਲ ਕਾਰਕੁੰਨਾਂ ਅਤੇ ਪਹਿਲੀ ਲਾਈਨ ਦੇ ਸਵੈ-ਸੇਵਕਾਂ ਨੂੰ ਤੇਜ਼ ਗਤੀ ਨਾਲ ਟੀਕਾਕਰਨ ਸੁਨਿਸਚਿਤ ਕਰਨ ਅਤੇ ਚਕਿਤਸਾ ਸੁਵਿਧਾਵਾਂ ਪ੍ਰਦਾਨ ਕਰਨ ਦੇ ਰੂਪ ਵਿਚ ਸਿਹਤ ਬੁਨਿਆਦੀ ਢਾਂਚੇ ਨੂੰ ਬਹੁਤ ਸਹਾਇਤਾ ਮਿਲੀ ਹੈ।

ਅੰਕੜੇ ਦਰਸਾਉਂਦੇ ਹਨ ਕਿ ਸੀਐਸਆਰ ਪੇਂਡੂ ਖੇਤਰਾਂ ਵਿਚ ਬਹੁਤ ਜ਼ਰੂਰੀ ਕਰਜ਼ੇ ਦੇ ਪ੍ਰਵਾਹ ਵਿਚ ਸਹਾਇਤਾ ਕਰਦਾ ਹੈ। ਪੰਚਾਇਤਾ ਦੀ ਸਮਰੱਥਾ ਨਿਰਮਾਣ ਵਿਚ ਸੀਐਸਆਰ ਨਿਵੇਸ ਦਾ ਸਕਾਰਾਤਮਕ ਪ੍ਰਭਾਵ ਪਵੇਗਾ ਅਤੇ ਨਿਸਚਿਤ ਰੂਪ ਨਾਲ ਲੰਬੇ ਸਮੇਂ ਵਿਚ ਨਵੀਂ ਸਕਤੀ ਪ੍ਰਦਾਨ ਕਰੇਗਾ। ਸਮੁਦਾਇਕ ਅਗਵਾਈ ਵਿਕਾਸ ਸਮੇਂ ਦੀ ਮੰਗ ਹੈ ਅਤੇ ਸੀਐਸਆਰ ਪੀਆਰਆਈਜ਼ ਦੇ ਮਜ਼ਬੂਤੀਕਰਨ ਵਿਚ ਸਭ ਤੋਂ ਉੱਤਮ ਵਿਕਲਪਾਂ ਵਿਚੋਂ ਇਕ ਬਣ ਕੇ ਉਭਰਿਆ ਹੈ। ਫੰਡਾਂ ਦਾ ਇਕ ਵੱਡਾ ਪ੍ਰਤੀਸ਼ਤ ਜਨਤਕ ਸੰਪਤੀਆਂ ਦੇ ਨਿਰਮਾਣ, ਹੁਨਰ ਨਿਰਮਾਣ ਅਤੇ ਰੋਜ਼ੀ ਰੋਟੀ 'ਤੇ ਖਰਚ ਕੀਤੇ ਜਾਣ ਨਾਲ ਇਕ ਮਹੱਤਵਪੂਰਨ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਯੋਜਨਾਵਾਂ ਪੱਕੀਆਂ ਹਨ। ਇਨ੍ਹਾਂ ਨੂੰ ਟਿਕਾਊ ਬਣਾਉਣ ਦੇ ਲਈ ਭਾਈਚਾਰੇ ਨੂੰ ਏਕੀਕ੍ਰਿਤ ਕਰਨਾ ਅਤੇ ਲਾਭਪਾਤਰੀਆਂ ਦੀਆਂ ਜ਼ਰੂਰਤਾਂ ਸਮਝਣ ਦੇ ਲਈ ਪੰਚਾਇਤ ਦੀ ਭਾਗੀਦਾਰੀ 'ਤੇ ਭਰੋਸਾ ਕਰਨਾ ਬਹੁਤ ਜ਼ਰੂਰੀ ਹੈ। ਸੀਐਸਆਰ ਫੰਡ ਜੁਟਾਉਣ ਵਾਸਤੇ ਨਿਰਮਾਣ ਸਮਰੱਥਾ ਅਤੇ ਸਿਖਲਾਈ ਦੀ ਬਹੁਤ ਜ਼ਰੂਰਤ ਹੈ। ਇਹ ਫੰਡ ਪ੍ਰਾਪਤ ਯੋਜਨਾਵਾਂ ਨਾਲ ਟਿਕਾਊ ਪ੍ਰਭਾਵ ਸਿਰਜਤ ਕਰਨਾ ਸੁਨਿਸਚਿਤ ਕਰਨ ਵਿਚ ਦੂਰਦਰਸ਼ੀ ਭਰਿਆ ਕਦਮ ਹੋਵੇਗਾ।

ਇਸ ਦੇ ਇਲਾਵਾ ਇਹ ਖੁਦ ਨੂੰ ਯੂਐਨ ਦੇ ਪੱਕੇ ਵਿਕਾਸ ਟੀਚਿਆਂ (ਐਸਡੀਜੀ) ਦੇ ਨਾਲ ਜੋੜਦਾ ਹੈ ਅਤੇ ਇਸ ਪ੍ਰਕਾਰ ਪੇਂਡੂ ਭਾਰਤ ਤੱਕ ਪਹੁੰਚਣ ਵਿਚ ਸਰਕਾਰ ਦੀਆਂ ਸਕੀਮਾਂ ਦੇ ਸੁਵਿਧਾਜਨਕ ਵਿਚ ਇਕ ਮਹੱਤਵਪੂਰਨ ਸਾਧਨ ਦੇ ਰੂਪ ਵਿਚ ਉਭਰਿਆ ਹੈ ਅਤੇ ਇਸ ਤਰ੍ਹਾਂ ਇੰਡੀਆ-ਭਾਰਤ ਵੰਡ ਅੰਤਰਾਲ ਨੂੰ ਪਾੜਨ ਵਿਚ ਸਹਾਇਕ ਬਣ ਰਿਹਾ ਹੈ।

# ਭਾਰਤ @75 - ਪੇਂਡੂ ਸਥਾਨਕ ਸੰਸਥਾਵਾਂ ਰਾਹੀਂ ਸਵੱਛਤਾ ਲਈ ਜਨ ਅੰਦੋਲਨ ਦੀ ਨਿਰੰਤਰਤਾ ਅਗਵਾਈ

*ਐਸਬੀਐਮ - ਪੇਂਡੂ,
ਪੇਯਜਲ ਅਤੇ ਸਵੱਛਤਾ ਵਿਭਾਗ

## 1 ਜਾਣ-ਪਛਾਣ

ਪੇਂਡੂ ਸਥਾਨਕ ਸੰਸਥਾਵਾਂ ਸਵੱਛਤਾ ਜਨ ਅੰਦੋਲਨ ਦੀ ਅਗਵਾਈ ਪਹਿਲੇ ਮੋਰਚੇ 'ਤੇ ਕਰਦੇ ਰਹੇ ਹਨ। ਪੰਚਾਇਤਾਂ ਨੇ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਵਲੋਂ 15 ਅਗਸਤ, 2014 ਨੂੰ ਲਾਲ ਕਿਲ੍ਹੇ ਦੀ ਦੀਵਾਰ ਤੋਂ ਸਵੱਸਥ ਭਾਰਤ ਦੇ ਸਿਰਜਨ ਅਤੇ ਮਹਾਤਮਾ ਗਾਂਧੀ ਦੀ 150ਵੀਂ ਜੈਅੰਤੀ ਦੇ ਮੌਕੇ 'ਤੇ ਉਨ੍ਹਾਂ ਨੂੰ ਸਮਰਪਿਤ ਕਰਨ ਦਾ ਸੱਦਾ ਨਿਰਧਾਰਤ ਸਮੇਂ ਤੋਂ ਪਹਿਲਾਂ ਪੂਰਨਾ ਕਰਨਾ ਸੁਨਿਸਚਿਤ ਕੀਤਾ ਹੈ। ਪੰਚਾਇਤਾਂ ਦੀ ਅਗਵਾਈ ਵਿਚ 10 ਕਰੋੜ ਤੋਂ ਜ਼ਿਆਦਾ ਵਿਅਕਤੀਗਤ ਘਰੇਲੂ ਟਾਇਲਟਾਂ ਦਾ ਨਿਰਮਾਣ ਕੀਤਾ ਗਿਆ ਅਤੇ ਗ੍ਰਾਮ ਪੰਚਾਇਤਾਂ ਨੂੰ ਖੁੱਲ੍ਹੇ ਵਿਚ ਸ਼ੌਚ ਦੀ ਬੁਰਾਈ ਤੋਂ ਮੁਕਤ ਘੋਸ਼ਿਤ ਕੀਤਾ - ਜੋ ਔਰਤਾਂ ਦੀ ਇੱਜ਼ਤ ਅਤੇ ਸਾਡੇ ਬੱਚਿਆਂ ਦੇ ਜੀਵਨ ਨੂੰ ਖਤਰੇ ਵਿਚ ਪਾਉਂਦੀ ਸੀ। ਸਵੱਛ ਭਾਰਤ ਦੇ ਸਿਰਜਨ ਦੀ ਗਾਥਾ ਗ੍ਰਾਮ ਪੰਚਾਇਤਾਂ ਨੂੰ ਖੁੱਲ੍ਹੇ ਵਿਚ ਸ਼ੌਚ ਤੋਂ ਮੁਕਤ ਕਰਨ ਵਿਚ ਗ੍ਰਾਮ ਪੰਚਾਇਤਾਂ ਦੀ ਮਿਸਾਲੀ ਸਮਰਪਣ ਅਤੇ ਇਮਾਨਦਾਰੀ ਦੇ ਉਦਾਹਰਣਾਂ ਨਾਲ ਭਰੀ ਪਈ ਹੈ।

ਓਡੀਐਫ ਦਾ ਦਰਜਾ ਹਾਸਲ ਕਰਨ ਦੇ ਬਾਅਦ ਭਾਰਤ ਹੁਣ ਪੇਂਡੂ ਖੇਤਰਾਂ ਵਿਚ ਸੰਪੂਰਨ ਸਵੱਛਤਾ ਹਾਸਲ ਕਰਨ ਦੀ ਦਿਸ਼ਾ ਵਿਚ ਮਜ਼ਬੂਤੀ ਦੇ ਨਾਲ ਅੱਗੇ ਵੱਧ ਰਿਹਾ ਹੈ। ਕੋਵਿਡ ਸੰਖਿਆ ਵਿਚ ਕਮੀ ਦੇ ਫਲਸਰੂਪ ਸਵੱਛ ਭਾਰਤ ਪੇਂਡੂ ਮਿਸ਼ਨ ਦੇ ਦੂਜੇ ਪੜਾਅ ਵਿਚ ਗਤੀਵਿਧੀਆਂ ਮੁੜ ਸ਼ੁਰੂ ਹੋ ਚੁੱਕੀਆਂ ਹਨ। ਇਸ ਤੇਜ਼ੀ ਨਾਲ ਦੂਜੇ ਪੜਾਅ ਦੇ ਸਾਰੇ ਭਾਗ ਜਿਵੇਂ : ਠੋਸ ਰਹਿੰਦ-ਖੂੰਹਦ, ਪਲਾਸਟਿਕ ਰਹਿੰਦ-ਖੂੰਹਦ, ਤਰਲ ਰਹਿੰਦ-ਖੂੰਹਦ, ਗੋਬਰ-ਧੰਨ ਅਤੇ ਸੀਵਰੇਜ ਪ੍ਰਬੰਧਨ ਦੇ ਕੰਮਾਂ ਵਿਚ ਤੇਜ਼ੀ ਆਈ ਹੈ।

ਹੁਣ ਪੰਚਾਇਤਾਂ ਨੂੰ ਇਹ ਸੁਨਿਸਚਿਤ ਕਰਨ ਦੇ ਲਈ ਫੰਡਾਂ, ਕਾਰਕੁੰਨਾਂ ਅਤੇ ਕੰਮ ਸੌਂਪੇ ਗਏ ਹਨ ਕਿ ਅਸੀਂ ਓਡੀਐਫ ਦੇ ਲਾਭਾਂ ਨੂੰ ਬਰਕਰਾਰ ਰੱਖੀਏ ਅਤੇ ਪੇਂਡੂ ਖੇਤਰਾਂ ਵਿਚ ਠੋਸ ਅਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਹਾਸਲ ਕਰੀਏ। ਪੰਦਰਵੇਂ ਵਿੱਤ ਆਯੋਗ ਨੇ ਕੁੱਲ ਫੰਡਾਂ ਵਿਚੋਂ 30 ਪ੍ਰਤੀਸ਼ਤ ਦੀ ਵਿਵਸਥਾ ਸਫ਼ਾਈ ਦੇ ਲਈ "ਸਹਬੱਧ" ਫੰਡ ਦੇ ਰੂਪ ਵਿਚ ਕੀਤੀ ਹੈ, ਜੋ ਕਿ ਪੰਚਾਇਤਾਂ ਵਲੋਂ ਉਨ੍ਹਾਂ ਦੇ ਗ੍ਰਾਮੀਣ ਵਾਤਾਵਰਨ ਨੂੰ ਪਾਣੀ ਜਾਂ ਕੂੜਾ ਜਮ੍ਹਾਂ 'ਤੋਂ ਮੁਕਤ ਬਣਾਉਣ ਵਾਸਤੇ ਉਪਯੋਗ ਵਿਚ ਲਿਆਈ ਜਾ ਰਹੀ ਹੈ। ਸਵੱਛ ਭਾਰਤ ਮਿਸ਼ਨ ਇਸ ਨੂੰ ਜਲਦੀ ਤੋਂ ਜਲਦੀ ਹਾਸਲ ਕਰਨ ਦੇ ਲਈ ਆਪਣੀ ਸਮਰੱਥਾ, ਖਾਸ ਕਰਕੇ ਤਕਨੀਕੀ ਮਹਾਰਤ ਵਧਾ ਰਿਹਾ ਹੈ।

ਕੋਵਿਡ-19 ਦੇ ਬਾਵਜੂਦ, ਸਵੱਛ ਭਾਰਤ ਮਿਸ਼ਨ ਪੇਂਡੂ 2.0 ਨੇ ਚੰਗੀ ਸ਼ੁਰੂਆਤ ਕੀਤੀ ਹੈ। ਅੱਜ ਦੀ ਤਰੀਕ ਤੱਕ :

- 1.75 ਲੱਖ ਪਿੰਡਾਂ ਵਿਚ ਠੋਸ ਅਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਕੰਮ ਪਹਿਲਾਂ ਹੀ ਸ਼ੁਰੂ ਕੀਤੇ ਜਾ ਚੁੱਕੇ ਹਨ।
- 40,000 ਤੋਂ ਜ਼ਿਆਦਾ ਗ੍ਰਾਮ ਪੰਚਾਇਤਾਂ ਏਕਲ ਉਪਯੋਗ ਦੇ ਪਲਾਸਟਿਕ ਦਾ ਉਪਯੋਗ ਬੰਦ ਕਰਨ ਦਾ ਪ੍ਰਸਤਾਅ ਪਹਿਲਾਂ ਹੀ ਪਾਸ ਕਰ ਚੁੱਕੀਆਂ ਹਨ।
- 82,000 ਤੋਂ ਜ਼ਿਆਦਾ ਗ੍ਰਾਮ ਪੰਚਾਇਤਾਂ ਨੂੰ ਸੰਪੂਰਨ ਸਵੱਛਤਾ ਵੱਲ ਅਗਾਂਹਵਧੂ ਸੰਰਚਿਤ ਸੰਵਾਦ ਦੇ ਜਰੀਏ ਸਿੱਧੇ ਜੋੜਿਆ ਗਿਆ ਹੈ।
- 50 ਲੱਖ ਤੋਂ ਜ਼ਿਆਦਾ ਲੋਕਾਂ ਨੇ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਦੇ ਅਧੀਨ 15 ਸਤੰਬਰ, 2021 ਨੂੰ ਸ਼ੁਰੂ ਕੀਤੇ ਗਏ ਸਵੱਛਤਾ ਹੀ ਸੇਵਾ ਅਭਿਆਨ ਦੇ ਦੌਰਾਨ ਸ੍ਰਮਦਾਨ ਗਤੀਵਿਧੀਆਂ ਵਿਚ ਹਿੱਸਾ ਲਿਆ।

## 2. ਫੰਡ ਪ੍ਰਬੰਧਕ ਦੇ ਰੂਪ ਵਿਚ ਪੰਚਾਇਤ :

ਪੰਚਾਇਤਾਂ ਸਫ਼ਾਈ ਦੇ ਲਈ ਫੰਡ ਪ੍ਰਬੰਧਕਾਂ ਦੇ ਰੂਪ ਵਿਚ ਸਾਹਮਣੇ ਆਈਆਂ ਹਨ। ਪੰਦਰਵੇਂ ਵਿੱਤ ਆਯੋਗ ਨਾਲ ਰੁਪਏ 1.72 ਲੱਖ ਕਰੋੜ ਦੀ ਵਿੱਤੀ ਸਹਾਇਤਾ 2020-21 ਤੋਂ 2025-26 ਤੱਕ ਛੇ ਸਾਲਾਂ ਦੇ ਲਈ ਉਪਲਬਧ ਕਰਾਈ ਗਈ ਹੈ, ਜੋ ਵਿਸ਼ੇਸ਼ ਰੂਪ ਨਾਲ ਪੇਂਡੂ ਖੇਤਰਾਂ ਦੇ ਲਈ ਪੀਣ ਵਾਲਾ ਪਾਣੀ ਅਤੇ ਸਫ਼ਾਈ ਵਾਸਤੇ ਨਿਰਧਾਰਤ ਕੀਤੀ ਗਈ ਹੈ। 2020-21 ਅਤੇ 2021-22 ਦੇ ਦੌਰਾਨ, ਰੁਪਏ 43,175 ਕਰੋੜ ਦੀ ਰਾਸ਼ੀ ਪਹਿਲਾਂ ਹੀ ਪੇਂਡੂ ਸਥਾਨਕ ਸੰਸਥਾਵਾਂ ਨੂੰ ਜਾਰੀ ਕੀਤੀ ਜਾ ਚੁੱਕੀ ਹੈ। ਪੰਚਾਇਤਾਂ ਹੁਣ ਵਿਸ਼ਵਾਸਯੋਗ ਯੋਜਨਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਕਰ ਰਹੀਆਂ ਹਨ ਅਤੇ ਯੋਜਨਾ ਹਾਸਲ ਕਰਨ ਦੇ ਲਈ ਫੰਡਾਂ ਦਾ ਪ੍ਰਬੰਧ ਕਰ ਰਹੀਆਂ ਹਨ। ਇਸ ਤੋਂ ਪਹਿਲਾਂ ਪੰਚਾਇਤਾਂ ਨੂੰ ਐਨੀ ਵੱਡੀ ਮਾਤਰਾ ਵਿਚ ਫੰਡਾਂ ਅਤੇ ਇਨ੍ਹਾਂ ਫੰਡਾਂ ਦੇ ਪ੍ਰਬੰਧਨ ਵਾਸਤੇ ਸਲਾਹ ਅਤੇ ਸਹਾਇਤਾ ਕਦੇ ਨਹੀਂ ਮਿਲੀ ਸੀ।

*ਪੇਯਜਲ ਅਤੇ ਸਵੱਛਤਾ ਵਿਭਾਗ ਤੋਂ ਪ੍ਰਾਪਤ ਜਾਣਕਾਰੀ

ਆਯੋਗ ਨੇ ਸਿਫ਼ਾਰਿਸ਼ ਕੀਤੀ ਹੈ ਕਿ ਆਰਐਲਬੀਜ਼ ਵਾਸਤੇ ਕੁੱਲ ਗ੍ਰਾਂਟਾਂ ਵਿਚੋਂ 40 ਪ੍ਰਤੀਸ਼ਤ ਗ੍ਰਾਂਟਾ ਮੂਲ ਗ੍ਰਾਂਟ (ਅਸਬੰਧ) ਅਤੇ 60 ਪ੍ਰਤੀਸ਼ਤ ਗ੍ਰਾਂਟਾਂ ਪੀਣ ਵਾਲੇ ਪਾਣੀ ਅਤੇ ਸਫ਼ਾਈ ਗ੍ਰਾਂਟਾਂ ਦੇ ਨਾਲ ਸਬੰਧਿਤ ਹੋਣਗੀਆਂ। ਸਬੰਧਤ ਗ੍ਰਾਂਟਾਂ ਦੀ ਅੱਧੀ ਗ੍ਰਾਂਟ (ਭਾਵ ਆਰਐਲਬੀਜ਼ ਵਾਸਤੇ ਕੁੱਲ ਗ੍ਰਾਂਟ ਦਾ 30 ਪ੍ਰਤੀਸ਼ਤ) ਸਫ਼ਾਈ ਦੇ ਲਈ ਅਤੇ ਹੋਰ ਅੱਧੀ ਗ੍ਰਾਂਟ ਪੀਣ ਵਾਲੇ ਪਾਣੀ ਦੀ ਸਪਲਾਈ ਗਤੀਵਿਧੀਆਂ ਦੇ ਲਈ ਹੋਵੇਗੀ। ਇਸ ਪ੍ਰਕਾਰ ਆਰਐਲਬੀਜ਼ ਵਾਸਤੇ ਕੁੱਲ ਗ੍ਰਾਂਟਾਂ ਵਿਚੋਂ ਮੂਲ (ਅਸਬੰਧਤ) ਅਤੇ ਸਬੰਧਤ ਗ੍ਰਾਂਟ ਹੇਠ ਅਨੁਸਾਰ ਸਿਫਾਰਸ ਕੀਤੀ ਗਈ ਹੈ :

ਆਰਐਲਬੀਜ਼ ਵਾਸਤੇ ਕੁੱਲ ਗ੍ਰਾਂਟਾਂ ਵਿਚੋਂ 40 ਪ੍ਰਤੀਸਤ ਗ੍ਰਾਂਟ ਬੁਨਿਆਦੀ ਗ੍ਰਾਂਟ (ਅੰਸੰਬੰਧਿਤ) ਹੈ।

(ੳ) ਆਰਐਲਬੀਜ਼ ਵਾਸਤੇ ਕੁੱਲ ਗ੍ਰਾਂਟਾਂ ਦਾ 30 ਪ੍ਰਤੀਸ਼ਤ ਪੀਣ ਵਾਲੇ ਪਾਣੀ ਦੀ ਸਪਲਾਈ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਰੀਸਾਈਕਲਿੰਗ ਵਾਸਤੇ ਸਬੰਧਿਤ ਕੀਤਾ ਗਿਆ ਹੈ।

(ਅ) ਆਰਐਲਬੀਜ਼ ਵਾਸਤੇ ਕੁੱਲ ਗ੍ਰਾਂਟਾਂ ਦਾ 30 ਪ੍ਰਤੀਸ਼ਤ ਸਫ਼ਾਈ ਅਤੇ ਖੁੱਲ੍ਹੇ ਵਿਚ ਸ਼ੌਚ ਮੁਕਤ (ਓਡੀਐਫ) ਸਥਿਤੀ ਦੇ ਰੱਖ ਰਖਾਅ ਵਾਸਤੇ ਸਬੰਧਿਤ ਕੀਤਾ ਗਿਆ ਹੈ।

ਹਾਲਾਂਕਿ ਜੇਕਰ ਕਿਸੇ ਆਰਐਲਬੀ ਵਿਚ ਕਿਸੇ ਇਕ ਕਾਡਰ ਦੀਆਂ ਜ਼ਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ, ਤਾਂ ਫੰਡਾਂ ਦਾ ਉਪਯੋਗ ਗ੍ਰਾਮ ਸਭਾ ਦੀ ਪ੍ਰਵਾਨਤੀ ਪ੍ਰਾਪਤ ਕਰਨ ਦੇ ਬਾਅਦ ਕਿਸੇ ਹੋਰ ਕਾਰਡ ਵਾਸਤੇ ਕੀਤਾ ਜਾ ਸਕਦਾ ਹੈ।

15ਵੇਂ ਵਿੱਤ ਆਯੋਗ ਦੇ ਕੁੱਲ ਆਰਐਲਬੀਜ਼ ਗ੍ਰਾਂਟਾਂ ਦਾ ਸਾਲ-ਕ੍ਰਮ ਵਿਚ ਵੇਰਵਾ ਹੇਠ ਅਨੁਸਾਰ ਹੈ :

| ਗ੍ਰਾਂਟ | 2021-22 | 2022-23 | 2023-24 | 2024-25 | 2025-26 | ਕੁੱਲ ਗ੍ਰਾਂਟ |
|---|---|---|---|---|---|---|
| ਕੁੱਲ ਗ੍ਰਾਂਟ | 44901 | 46513 | 47018 | 49800 | 48573 | 236805 |
| ਅਸਬੰਧਿਤ (40%) | 17961 | 18605 | 18806 | 19920 | 19429 | 94721 |
| ਸਬੰਧਿਤ (60%) | 26940 | 27908 | 28212 | 29880 | 29144 | 142084 |
| ਪੀਣ ਵਾਲਾ ਪਾਣੀ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਰੀਸਾਈਕਲ ਤੇ | 13470 | 13954 | 14106 | 14940 | 14572 | 71042 |
| ਸਫ਼ਾਈ ਅਤੇ ਓਡੀਐਫ ਸਥਿਤੀ ਦੀ ਰੱਖ-ਰਖਾਅ | 13470 | 13954 | 14106 | 14940 | 14572 | 71042 |

ਗ੍ਰਾਂਟ ਪੰਚਾਇਤਾਂ ਦੇ ਸਾਰੇ ਪੱਧਰਾਂ ਜਿਵੇਂ : ਗ੍ਰਾਮ ਪੰਚਾਇਤ, ਬਲਾਕ ਪੰਚਾਇਤ ਅਤੇ ਜ਼ਿਲ੍ਹਾ ਪੰਚਾਇਤਾਂ ਨੂੰ ਜਾਰੀ ਕੀਤੇ ਜਾਵੇਗੀ। ਗ੍ਰਾਂਟ 5ਵੀਂ ਅਤੇ ਛੇਵੀਂ ਅਨੁਸੂਚੀ ਖੇਤਰਾਂ ਅਤੇ ਉਨਾਂ ਛੱਡ ਦਿੱਤੇ ਗਏ ਖੇਤਰਾਂ ਨੂੰ ਵੀ ਜਾਰੀ ਕੀਤੀ ਜਾਵੇਗੀ, ਜਿਥੇ ਪੰਚਾਇਤਾਂ ਦੀ ਜ਼ਰੂਰਤ ਨਹੀਂ ਹੈ। ਪੰਚਾਇਤਾਂ ਦੇ ਵੱਖ ਵੱਖ ਪੱਧਰਾਂ ਦੇ ਵਿਚਕਾਰ ਵੰਡ ਹੇਠ ਅਨੁਸਾਰ ਦਾਇਰੇ ਵਿਚ ਕੀਤੀ ਜਾਵੇਗੀ :

| ਵੰਡ ਵਾਸਤੇ ਦਾਇਰਾ | ਗ੍ਰਾਮ ਪੰਚਾਇਤ | ਬਲਾਕ ਪੰਚਾਇਤ | ਜ਼ਿਲ੍ਹਾ ਪੰਚਾਇਤ |
|---|---|---|---|
| ਘੱਟੋ-ਘੱਟ | 70% | 10% | 5% |
| ਵੱਧ ਤੋਂ ਵੱਧ | 85% | 25% | 15% |

ਇਸੇ ਤਰ੍ਹਾਂ ਦੋ-ਪੱਧਰੀ ਵਿਵਸਥਾ ਵਾਲੇ ਸੂਬੇ ਜਿਥੇ ਕੇਵਲ ਗ੍ਰਾਮ ਅਤੇ ਜ਼ਿਲ੍ਹਾ ਪੰਚਾਇਤਾਂ ਹਨ, ਉਥੇ ਵੰਡ ਗ੍ਰਾਮ ਪੰਚਾਇਤਾਂ ਵਾਸਤੇ ਘੱਟੋ ਘੱਟ 70% ਅਤੇ ਵੱਧ ਤੋਂ ਵੱਧ 85% ਅਤੇ ਜ਼ਿਲ੍ਹਾ ਪੰਚਾਇਤਾਂ ਦੇ ਲਈ ਘੱਟੋ ਘੱਟ 15% ਅਤੇ ਵੱਧ ਤੋਂ ਵੱਧ 30% ਦੇ ਸਮੂਹਾਂ ਵਿਚ ਕੀਤਾ ਜਾਵੇਗਾ।

ਵਿੱਤ ਮੰਤਰਾਲਾ, ਖਰਚ ਵਿਭਾਗ, ਭਾਰਤ ਸਰਕਾਰ ਨੇ ਆਰਐਲਬੀਜ਼ ਨੂੰ 15ਵਾਂ ਵਿੱਤ ਆਯੋਗ ਅਨੁਦਾਨ ਜਾਰੀ ਕਰਨ ਦੇ ਸੰਬਧ ਵਿਚ 14 ਜੁਲਾਈ, 2021 ਨੂੰ ਕੰਮ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਪੰਚਾਇਤੀ ਰਾਜ ਮੰਤਰਾਲਾ (ਐਮਓਪੀਆਰ), ਭਾਰਤ ਸਰਕਾਰ ਅਸਬੰਧਿਤ ਗ੍ਰਾਂਟ ਦੇ ਲਈ ਪੇਂਡੂ ਸਥਾਨਕ ਇਕਾਈਆਂ ਦੀ ਯੋਗਤਾ ਨਿਰਧਾਰਨ ਦੇ ਲਈ ਨੋਡਲ ਮੰਤਰਾਲਾ ਦੇ ਰੂਪ ਵਿਚ ਕੰਮ ਕਰੇਗਾ। ਪੀਣ ਵਾਲੇ ਪਾਣੀ ਅਤੇ ਸਫ਼ਾਈ ਵਿਭਾਗ (ਡੀਡੀਡਬਲਯੂਐਸ), ਭਾਰਤ ਸਰਕਾਰ ਸਬੰਧਤ ਗ੍ਰਾਂਟ ਦੇ ਲਈ ਪੇਂਡੂ ਸਥਾਨਕ ਇਕਾਈਆਂ ਦੀ ਯੋਗਤਾ ਨਿਰਧਾਰਣ ਦੇ ਲਈ ਨੋਡਲ ਵਿਭਾਗ ਦੇ ਰੂਪ ਵਿਚ ਕੰਮ ਕਰੇਗਾ।

### 3. ਸਮਰੱਥਾ ਨਿਰਮਾਣ : ਸਮੇਂ ਦੀ ਲੋੜ

ਪੰਚਾਇਤਾਂ ਨੂੰ ਲੋੜੀਂਦੇ ਫੰਡ ਉਪਲਬਧ ਕਰਾਉਣ ਅਤੇ ਸਫ਼ਾਈ ਦੀ ਅਗਵਾਈ ਦੀ ਜਿੰਮੇਵਾਰੀ ਸੌਂਪੇ ਜਾਣ ਦੇ ਬਾਅਦ ਪੰਚਾਇਤਾਂ ਦੀ ਨਿਰਮਾਣ ਸਮਰੱਥਾ ਵਿਚ ਲੋੜੀਂਦਾ ਨਿਵੇਸ਼ ਕੀਤਾ ਜਾਣਾ ਸਭ ਤੋਂ ਵੱਧ ਮਹੱਤਵਪੂਰਨ ਹੈ। ਸਵੱਛ ਭਾਰਤ ਮਿਸ਼ਨ ਯੋਜਨਾਬੱਧ ਢੰਗ ਨਾਲ ਪੰਚਾਇਤਾਂ ਦੀ ਨਿਰਮਾਣ ਸਮਰੱਥਾ ਵੱਲ ਵੱਧ ਰਿਹਾ ਹੈ। ਡੀ.ਡੀ.ਡਬਲਯੂ.ਐਸ. ਨੇ ਵੀ ਓਡੀਐਫ ਪਲੱਸ ਸਥਿਤੀ ਹਾਸਲ ਕਰਨ

ਵਿਚ ਪੰਚਾਇਤਾਂ ਦੀ ਸਹਾਇਤਾ ਦੇ ਲਈ ਉਪਯੋਕਤਾ ਅਨੁਕੂਲ ਕਿਤਾਬਚਾ ਟੂਲ ਕਿੱਟਾਂ ਅਤੇ ਕਿਤਾਬਾਂ ਤਿਆਰ ਕੀਤੀਆਂ ਹਨ। ਪੰਚਾਇਤਾਂ ਨੂੰ ਸਿੱਧੀਆ ਅਤੇ ਵਰਚੁਅਲ ਮੀਟਿੰਗਾਂ ਦੇ ਮਾਧਿਅਮ ਨਾਲ ਇਨ੍ਹਾਂ ਸਾਧਨਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ, ਜਿਸ ਦਾ ਅਨੁਵਾਦ ਖੇਤਰੀ ਭਾਸ਼ਾਵਾਂ ਵਿਚ ਕੀਤਾ ਜਾਵੇਗਾ ਅਤੇ ਸਮਰੱਥਾ ਨਿਰਮਾਣ ਸਿਖਲਾਈ ਦੇ ਨਾਲ ਉਨ੍ਹਾਂ ਦੇ ਕੰਮ ਵਿਚ ਬੁਨਿਆਦੀ ਪੱਧਰ 'ਤੇ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਪੰਚਾਇਤਾਂ ਦੇ ਨਾਲ ਸਿੱਧੇ ਸੰਵਾਦ ਦੇ ਰੂਪ ਵਿਚ ਆਯੋਜਿਤ ਅਨੇਕ ਸੰਵਾਦਾਂ ਨੇ ਗ੍ਰਾਮ ਨੇਤਾਵਾਂ (ਸਰਪੰਚਾਂ) ਅਤੇ ਜ਼ਿਲ੍ਹਾ ਅਧਿਕਾਰੀਆਂ (ਜ਼ਿਲ੍ਹਾ ਕੁਲੈਕਟਰਾਂ ਅਤੇ ਸੀਈਓ'ਜ਼-ਜ਼ਿਲ੍ਹਾ ਪ੍ਰੀਸ਼ਦ) ਦੇ ਨਾਲ ਗੱਲਬਾਤ ਵਾਸਤੇ ਇਕ ਮੰਚ ਉਪਲਬਧ ਕਰਵਾਇਆ ਹੈ। ਪੰਚਾਇਤਾਂ ਨੇ ਆਪਣੇ ਜ਼ਿਲ੍ਹੇ ਨੂੰ ਓਡੀਐਫ ਪਲੱਸ ਬਣਾਉਣ ਦੀ ਵਚਨਬੱਧਤਾ ਦੇ ਨਾਲ, ਉਨ੍ਹਾਂ ਦੇ ਪਿੰਡਾਂ ਨੂੰ ਓਡੀਐਫ ਪਲੱਸ ਬਣਾਉਣ ਵਿਚ ਯੋਗਦਾਨ ਦੇਣ ਵਾਲੀਆਂ ਗਤੀਵਿਧੀਆਂ ਵਿਚ ਨਵੀਨਤਾਵਾਂ ਦਰਸਾਈਆਂ ਹਨ।

### 4 ਬੁਨਿਆਦੀ ਪੱਧਰ 'ਤੇ ਨਤੀਜੇ :

ਪੰਚਾਇਤਾਂ ਦੇ ਨਾਲ ਸਾਡੀ ਸਾਂਝ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ। ਗ੍ਰਾਮ ਪੰਚਾਇਤਾਂ ਨੇ ਦੇਸ਼ ਭਰ ਵਿਚ :

- ਏਕਲ ਉਪਯੋਗ ਦੇ ਪਲਾਸਟਿਕ ਦਾ ਉਪਯੋਗ ਬੰਦ ਕਰਨ ਦੇ ਪ੍ਰਸਤਾਵ ਪਾਸ ਕਰਨਾ ਸ਼ੁਰੂ ਕਰ ਦਿੱਤਾ ਹੈ। 50,000 ਤੋਂ ਜ਼ਿਆਦਾ ਪੰਚਾਇਤਾਂ ਐਸ ਯੂ ਪੀ ਦਾ ਉਪਯੋਗ ਬੰਦ ਕਰਨ ਦੇ ਪ੍ਰਸਤਾਵ ਪਹਿਲਾਂ ਹੀ ਪਾਸ ਕਰ ਚੁੱਕੀਆਂ ਹਨ।
- 15,000 ਤੋਂ ਜ਼ਿਆਦਾ ਪੰਚਾਇਤਾਂ ਆਪਣੀਆਂ ਜੀਪੀ'ਜ਼ ਨੂੰ ਸਮਾਂ ਬੱਧ ਢੰਗ ਨਾਲ ਓਡੀਐਫ ਪਲੱਸ ਬਣਾਉਣ ਦੀਆਂ ਯੋਜਨਾਵਾਂ ਤਿਆਰ ਕਰ ਚੁੱਕੀਆਂ ਹਨ।
- 2 ਲੱਖ ਤੋਂ ਜ਼ਿਆਦਾ ਪਿੰਡਾਂ ਵਿਚ ਐਸਐਲਡਬਲਯੂਐਮ ਕੰਮ ਸ਼ੁਰੂ ਕੀਤੇ ਜਾ ਚੁੱਕੇ ਹਨ।
- ਦੇਸ਼ ਭਰ ਵਿਚ ਪੰਚਾਇਤਾਂ ਆਪਣੇ ਓਡੀਐਫ ਲਾਭਾਂ ਦੀ ਸਥਿਰਤਾ ਸੁਨਿਸਚਿਤ ਕਰਨ ਦੇ ਲਈ ਵਿਵਸਥਾਵਾਂ ਬਣਾ ਰਹੀਆਂ ਹਨ।
- ਪੰਚਾਇਤਾਂ ਨੇ ਖੇਤੀ ਅਤੇ ਪਸ਼ੂ ਰਹਿੰਦ-ਖੂੰਹਦ ਨੂੰ ਊਰਜਾ ਅਤੇ ਖਾਦ ਵਿਚ ਬਦਲਣ ਦੇ ਲਈ ਗੋਬਰਧਨ ਪਰਿਯੋਜਨਾਵਾਂ ਸ਼ੁਰੂ ਕਰ ਦੱਤੀਆਂ ਹਨ।

ਮਹਾਂਮਾਰੀ ਦੇ ਦੌਰ ਵਿਚ ਇਹ ਬਹੁਤ ਆਸ਼ਾਜਨਕ ਸ਼ੁਰੂਆਤ ਹੈ। ਓਡੀਐਫ ਪਲੱਸ ਦੀਆਂ ਸਾਰੀਆਂ ਯੋਜਨਾਵਾਂ ਨੂੰ ਵਿੱਤੀ ਅਤੇ ਤਕਨੀਕੀ ਸਮਰੱਥ ਬਣਾਉਣ ਸੁਨਿਸਚਿਤ ਕਰਨ ਦੇ ਲਈ ਉਨਾਂ ਦੀ ਸਹਾਇਤਾ ਵਧਾਈ ਜਾ ਰਹੀ ਹੈ। ਓਡੀਐਫ ਪਲੱਸ ਨੂੰ ਆਸਾਨੀ ਨਾਲ ਲਾਗੂ ਕਰਨ ਲਈ ਅਨੇਕ ਸਮਰੱਥਕਾਰੀ ਦਿਸਾ-ਨਿਰਦੇਸ਼ ਅਤੇ ਸਲਾਹ ਜਾਰੀ ਕੀਤੀ ਗਈ ਹੈ। ਸਿਹਤ ਮੁਕਾਬਲੇਬਾਜ਼ੀ ਅਤੇ ਮਿਲ ਕੇ ਕੰਮ ਕਰਨ ਦੀ ਭਾਵਨਾ ਨੂੰ ਬਲ ਦੇਣ ਦੇ ਲਈ ਅਭਿਆਨ ਚਲਾਏ ਜਾ ਰਹੇ ਹਨ ਅਤੇ ਮੁਕਾਬਲੇ ਆਯੋਜਿਤ ਕੀਤੇ ਜਾ ਰਹੇ ਹਨ। ਸਾਨੂੰ ਵਿਸ਼ਵਾਸ ਹੈ ਕਿ ਸਾਡੀਆਂ ਕੋਸ਼ਿਸ਼ਾਂ ਪੰਚਾਇਤਾਂ ਨੂੰ ਓਡੀਐਫ ਪਲੱਸ ਪਿੰਡਾਂ ਦਾ ਸੁਪਨਾ ਸਾਕਾਰ ਕਰਨ ਵਿਚ ਉਨ੍ਹਾਂ ਦੀ ਮੱਦਦ ਵਾਸਤੇ ਜ਼ਰੂਰੀ ਸਹਾਇਤਾ ਪ੍ਰਦਾਨ ਕਰਨਗੀਆਂ।

# ਉੱਤਰ ਪ੍ਰਦੇਸ਼ ਪੰਚਾਇਤੀ ਰਾਜ ਵਿਵਸਥਾ ਵਿਚ ਗ੍ਰਾਮ ਪੰਚਾਇਤ ਮੈਂਬਰਾਂ ਦੀ ਹਿੱਸੇਦਾਰੀ ਅਤੇ ਮੌਜੂਦਾ ਸਥਿਤੀ

*ਡਾ ਚੰਦਰਸ਼ੇਖਰ ਪ੍ਰਾਣ

ਅਪ੍ਰੈਲ 2021 ਵਿਚ ਉੱਤਰ ਪ੍ਰਦੇਸ਼ ਵਿਚ ਪੰਚਾਇਤ ਚੋਣਾਂ ਸੰਪੰਨ ਹੋਈਆਂ। 73ਵੀਂ ਸੋਧ ਸੰਵਿਧਾਨ ਸੋਧ ਦੇ ਮਾਧਿਅਮ ਨਾਲ ਪੰਚਾਇਤੀ ਰਾਜ ਵਿਵਸਥਾ ਨੂੰ ਸਵੈ-ਸਰਕਾਰ' (ਸੈਲਫ ਗਵਰਨਮੈਂਟ) ਦਾ ਦਰਜਾ ਦਿੱਤਾ ਗਿਆ ਹੈ। ਪੇਂਡੂ ਖੇਤਰਾਂ ਵਿਚ ਪਿੰਡ, ਬਲਾਕ ਅਤੇ ਜ਼ਿਲੇ ਪੱਧਰ 'ਤੇ 'ਪੰਚਇਤ ਸਰਕਾਰ' ਦੀ ਵਿਵਸਥਾ ਕੀਤੀ ਗਈ ਹੈ। ਇਸ ਵਿਚ 'ਗ੍ਰਾਮ ਪੰਚਾਇਤ' ਦਾ ਸਥਾਨ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ। ਕਿਉਂਕਿ 1959 ਤੋਂ ਪਹਿਲਾਂ ਮੂਲ ਰੂਪ ਵਿਚ ਪੰਚਾਇਤ ਦੇ ਰੂਪ ਵਿਚ 'ਗ੍ਰਾਮ ਪੰਚਾਇਤ' ਹੀ ਸੀ। ਬਲਵੰਤ ਰਾਏ ਮਹਿਮਾ ਕਮੇਟੀ ਦੇ ਸੁਝਾਵਾਂ ਦੇ ਆਧਾਰ 'ਤੇ ਤੱਤਕਾਲੀ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਇਨ੍ਹਾਂ ਰਾਹੀਂ 1959ਵੇਂ ਪੰਚਾਇਤੀ ਰਾਜ ਵਿਵਸਥਾ ਨੂੰ ਨਵੇਂ ਸਿਰੇ ਤੋਂ ਸੰਗਠਿਤ ਅਤੇ ਸਰਗਰਮ ਕੀਤਾ ਗਿਆ। ਉਸ ਸਮੇਂ ਪਿੰਡਾਂ ਦੇ ਵਿਕਾਸ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਬਲਾਕ ਪੱਧਰ 'ਤੇ 'ਬਲਕ ਵਿਕਾਸ ਸਮਿਤੀ' ਅਤੇ ਜ਼ਿਲਾ ਪੱਧਰ 'ਤੇ 'ਜ਼ਿਲ੍ਹਾ ਪ੍ਰੀਸ਼ਦ' ਨੂੰ ਨਵੇਂ ਸਿਰੇ ਤੋਂ ਸੰਗਠਿਤ ਕੀਤਾ ਗਿਆ ਸੀ। 1992 ਵਿਚ 73ਵੇਂ ਸੰਵਿਧਾਨ ਸੰਸੋਧਨ ਰਾਹੀਂ ਇਨ੍ਹਾਂ ਤਿੰਨਾਂ ਪੱਧਰਾਂ 'ਤੇ 'ਸੈਲਫ ਗਵਰਨਮੈਂਟ' ਦੇ ਰੂਪ ਵਿਚ ਪੰਚਾਇਤ ਦੀ ਵਿਵਸਥਾ ਕੀਤਾ ਗਈ। ਇਸ ਨੂੰ ਹੀ ਤਿੰਨ ਪੱਧਰੀ ਪੰਚਾਇਤ ਵਿਵਸਥਾ ਦੇ ਰੂਪ ਵਿਚ ਸੰਬੋਧਿਤ ਕੀਤਾ ਜਾਂਦਾ ਹੈ। ਵਰਤਮਾਨ ਸਮੇਂ ਵਿਚ ਗ੍ਰਾਮ, ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਲੜੀਵਾਰ : ਗ੍ਰਾਮ ਪੰਚਾਇਤ, ਬਲਾਕ ਪੰਚਾਇਤ ਅਤੇ ਜ਼ਿਲਾ ਪੰਚਾਇਤ ਦੀ ਵਿਵਸਥਾ ਹੈ। ਇਹ ਤਿੰਨੋਂ ਹੁਣ 'ਸੈਲਫ ਗਵਰਨਮੈਂਟ' ਦੀਆਂ ਇਕਾਈਆਂ ਹਨ। ਪਰ ਇਨ੍ਹਾਂ ਤਿੰਨਾਂ ਵਿਚੋਂ 'ਗ੍ਰਾਮ ਪੰਚਾਇਤ' ਸਭ ਤੋਂ ਵੱਧ ਮਹੱਤਵਪੂਰਨ ਹੈ ਕਿਉਂਕਿ ਜਿਸ ਸੋਚ ਅਤੇ ਚੇਤਨ ਦੇ ਨਾਲ ਇਹ ਵਿਵਸਥਾ ਬਣਾਈ ਗਈ ਹੈ ਉਸ ਵਿਚ ਪਿੰਡ ਹੀ ਕੇਂਦਰ ਵਿਚ ਹੈ ਅਤੇ ਉਥੇ ਹੀ ਦੇਸ਼ ਦੇ ਬਾਲਗ ਨਾਗਰਿਕ ਨੂੰ ਮਤਦਾਤਾ ਦੇ ਰੂਪ ਵਿਚ ਸਰਕਾਰ ਬਣਾਉਣ ਅਤੇ ਚਲਾਉਣ ਵਿਚ ਪ੍ਰਤੱਖ ਰੂਪ ਨਾਲ ਹਿੱਸੇਦਾਰ ਬਣਾਇਆ ਗਿਆ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਲੋਕਤੰਤਰੀ ਵਿਵਸਥਾ ਵਿਚ ਸੰਵਿਧਾਨਕ ਸੰਸਥਾਵਾਂ ਦਾ ਨਿਰਮਾਣ ਹੁੰਦਾ ਹੈ ਅਤੇ ਉਨ੍ਹਾਂ ਨੂੰ ਹੀ ਸਰਕਾਰ ਦੇ ਰੂਪ ਵਿਚ ਕੁਝ ਸ਼ਕਤੀ (ਪਾਵਰ) ਪ੍ਰਦਾਨ ਕੀਤੀ ਜਾਂਦੀ ਹੈ। ਸਿਧਾਂਤਿਕ ਰੂਪ ਵਿਚ ਇਹ ਸੰਸਥਾਵਾਂ ਤਿੰਨ ਰੂਪਾਂ ਵਿਚ ਹੁੰਦੀ ਹੈ- ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ। ਅੰਗ੍ਰੇਜ਼ੀ ਰਾਜ ਦੇ ਸਮੇਂ ਜਦੋਂ 1920 ਵਿਚ ਕਾਨੂੰਨੀ ਰੂਪ ਵਿਚ ਗ੍ਰਾਮ ਪੰਚਾਇਤਾਂ ਨੂੰ 'ਸਥਾਨਕ ਸਰਕਾਰ' ਦੇ ਰੂਪ ਵਿਚ ਸਥਾਪਿਤ ਕੀਤਾ ਗਿਆ ਅਤੇ ਉਸੇ ਸਮੇਂ ਤੋਂ ਗ੍ਰਾਮ ਪੱਧਰ 'ਤੇ ਸਰਕਾਰ ਦੇ ਇਨ੍ਹਾਂ ਤਿੰਨਾਂ ਰੂਪਾਂ ਦੀ ਵਿਵਸਥਾ ਕੀਤੀ ਗਈ ਸੀ। ਉਨ੍ਹਾਂ ਨੂੰ ਲੜੀਵਾਰ : ਗ੍ਰਾਮ ਸਭਾ, ਗ੍ਰਾਮ ਪੰਚਾਇਤ ਅਤੇ ਨਿਆਂ ਪੰਚਾਇਤ ਦੇ ਨਾਂਅ ਨਾਲ ਸੰਬੋਧਿਤ ਕੀਤਾ ਗਿਆ।

ਆਜ਼ਾਦੀ ਦੇ ਬਾਅਦ ਸੰਵਿਧਾਨ ਦੀ ਰਚਨਾ ਦੇ ਸਮੇਂ 'ਗ੍ਰਾਮ ਪੰਚਾਇਤ ਸਰਕਾਰ' ਦਾ ਵਿਸ਼ਾ ਕਾਫ਼ੀ ਚਰਚਾ ਵਿਚ ਰਿਹਾ। ਗਾਂਧੀ ਜੀ ਦੇ ਇਕ ਪ੍ਰਮੁੱਖ ਸ਼ਾਗਿਰਦ ਸ੍ਰੀਮਨ ਨਾਰਾਇਣ ਅਗਰਵਾਲ ਰਾਹੀਂ 1946 ਵਿਚ ਹੀ 'ਗਾਂਧੀਵਾਦੀ ਵਿਕਲਪਿਕ ਸੰਵਿਧਾਨ' ਦਾ ਇਕ ਖਰੜਾ ਤਿਆਰ ਕੀਤਾ ਗਿਆ, ਜਿਸ ਵਿਚ ਪਿੰਡ ਤੋਂ ਲੈ ਕੇ ਅਖਿਲ ਭਾਰਤੀ ਪੱਧਰ ਤੱਕ 'ਪੰਚਾਇਤ ਸਰਕਾਰ' ਦੀ ਹੀ ਵਿਵਸਥਾ ਦਾ ਖਰੜਾ ਪੇਸ਼ ਕੀਤਾ ਗਿਆ ਸੀ। ਇਹ ਵੱਖਰੀ ਗੱਲ ਹੈ ਕਿ ਸੰਵਿਧਾਨ ਸਭਾ ਵਿਚ ਪੰਚਾਇਤ ਸਰਕਾਰ ਦੇ ਹੱਕ-ਵਿਰੋਧ ਵਿਚ ਹੋਈ ਲੰਬੀ ਬਹਿਸ ਦੇ ਬਾਵਜੂਦ ਅਖੀਰ ਦੇਸ਼ ਵਿਚ ਸੰਸਦੀ ਪ੍ਰਣਾਲੀ ਦੇ ਆਧਾਰ 'ਤੇ ਹੀ ਰਾਜ ਵਿਵਸਥਾ ਦੀ ਰਚਨਾ ਹੋਈ। ਪਰ ਇਸ ਲੰਬੀ ਜੱਦੋ ਜਹਿਦ ਦੇ ਚਲਦੇ ਸੰਵਿਧਾਨ ਵਿਚ ਗ੍ਰਾਮ ਪੰਚਾਇਤਾਂ ਦੇ ਹੱਕ ਵਿਚ ਇਕ ਧਾਰਾ 40 ਜ਼ਰੂਰ ਜੋੜ ਦਿੱਤੀ ਗਈ। 'ਨੀਤੀ ਨਿਰਦੇਸ਼ਕ ਤੱਤਵ' ਦੇ ਅਧੀਨ ਜੋੜੀ ਗਈ ਇਸ ਧਾਰਾ ਵਿਚ 'ਸੈਲਫ ਗੌਰਮਿੰਟ' ਦੇ ਰੂਪ ਵਿਚ 'ਪੰਚਾਇਤ ਸਰਕਾਰ' ਦੇ ਲਈ ਇਕ ਖਿੜਕੀ ਜ਼ਰੂਰ ਖੋਲ੍ਹ ਦਿੱਤੀ ਗਈ ਸੀ।

ਇਸੇ ਨੂੰ ਆਧਾਰ ਬਣਾ ਕੇ 1992 ਵਿਚ 73ਵੀ ਸੰਵਿਧਾਨ ਸੋਧ ਹੋਈ ਅਤੇ ਫਿਰ ਨਵੇਂ ਸਿਰ ਤੋਂ 'ਪੰਚਾਇਤ ਸਰਕਾਰ' ਦੀ ਯਾਤਰਾ ਸ਼ੁਰੂ ਹੋਈ। ਕਿਉਂਕਿ ਪੰਚਾਇਤ ਰਾਜ ਦਾ ਵਿਸ਼ਾ ਹੈ, ਇਸ ਲਈ ਸੰਵਿਧਾਨ ਸੋਧ ਦੇ ਇਰਾਦੇ ਨਾਲ 1994 ਵਿਚ ਸੂਬਿਆਂ ਦੇ 'ਪੰਚਾਇਤ ਐਕਟ' ਵਿਚ ਸੋਧ ਦੇ ਬਾਅਦ ਅਪ੍ਰੈਲ 1995 ਤੋਂ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਪੰਚਾਇਤਾਂ ਦੀਆਂ ਚੋਣਾਂ ਨਵੇਂ ਸਿਰੇ ਤੋਂ ਹੋਣੀਆਂ ਸ਼ੁਰੂ ਹੋ ਗਈਆਂ ਸਨ ਅਤੇ ਪਿੰਡ ਤੋਂ ਜ਼ਿਲ੍ਹੇ ਤੱਕ ਦੇਸ਼ ਦੀ ਰਾਜ ਵਿਵਸਥਾ ਦੀ ਤੀਸਰੀ ਸਰਕਾਰ 'ਪੰਚਾਇਤ ਸਰਕਾਰ' ਦਾ ਗਠਨ ਸ਼ੁਰੂ ਹੋ ਗਿਆ ਤੇ ਬਾਅਦ ਵਿਚ ਦੇਸ਼ ਵਿਚ ਜ਼ਿਆਦਾਤਰ ਸੂਬਿਆਂ ਵਿਚ ਹਰੇਕ ਪੰਜ ਸਾਲਾਂ ਬਾਅਦ ਪੰਚਾਇਤਾਂ ਦੀਆਂ ਚੋਣਾਂ ਨਿਯਮਿਤ ਰੂਪ ਨਾਲ ਹੋਣ ਲੱਗੀਆਂ।

*ਸੰਸਥਾਪਕ, ਤੀਸਰੀ ਸਰਕਾਰ ਮੁਹਿੰਮ ਅਤੇ ਸਾਬਕਾ ਨਿਰਦੇਸ਼ਕ ਨਹਿਰੂ ਯੁਵਾ ਕੇਂਦਰ ਸੰਗਠਨ

73ਵੀਂ ਸੰਵਿਧਾਨ ਸੋਧ ਵਿਚ ਪੰਚਾਇਤ ਸਰਕਾਰ ਦੇ ਲਈ ਸਾਧਾਰਨਤਾ ਉਹ ਸਾਰੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ, ਜੋ ਕਿਸੇ ਸੰਸਥਾ ਨੂੰ ਸਰਕਾਰ ਦੇ ਰੂਪ ਵਿਚ ਸਥਾਪਿਤ ਕਰਨ ਦੇ ਲਈ ਜ਼ਰੂਰੀ ਹੁੰਦੀਆਂ ਹਨ। ਉਸ ਦੇ 'ਕਾਰਜ ਖੇਤਰ' ਅਤੇ ਵਿਸ਼ਾ ਖੇਤਰ' ਦਾ ਨਿਰਧਾਰਨ, ਅਲੱਗ ਤੋਂ ਰਾਜ ਪੱਧਰ 'ਤੇ 'ਚੋਣ ਕਮਿਸ਼ਨ' ਅਤੇ 'ਵਿੱਤ ਕਮਿਸ਼ਨ' ਅਤੇ ਯੋਜਨਾ ਨਿਰਮਾਣ ਵਾਸਤੇ 'ਜ਼ਿਲ੍ਹਾ ਯੋਜਨਾ ਸਮਿਤੀ' ਵਰਗੀਆਂ ਸੰਵਿਧਾਨਕ ਸੰਸਥਾਵਾਂ ਦੇ ਗਠਨ ਦੀ ਵਿਵਸਥਾ ਕੀਤੀ ਗਈ।

ਇਨ੍ਹਾਂ ਪੰਚਾਇਤ ਸਰਕਾਰਾਂ ਵਿਚ ਔਰਤਾਂ, ਪਿਛੜੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦੀ ਵਿਵਸਥਾ ਦੇ ਨਾਲ ਤਿੰਨੋਂ ਪੱਧਰਾਂ 'ਤੇ ਇਸ ਦੇ ਗਠਨ ਵਿਚ ਚੁਣੇ ਹੋਏ ਮੈਂਬਰਾਂ ਨੂੰ ਆਧਾਰ ਬਣਾਇਆ ਗਿਆ ਅਤੇ ਨਾਲ ਹੀ ਉਨ੍ਹਾਂ ਦੇ ਸਮੂਹ ਨੂੰ ਸੰਸਥਾਗਤ ਮਾਨਤਾ ਦਿੱਤੀ ਗਈ।




ਉੱਤਰ ਪ੍ਰਦੇਸ਼ ਦੀ ਪੰਚਾਇਤ ਵਿਚ ਗ੍ਰਾਮ ਸਭਾ

ਉੱਤਰ ਪ੍ਰਦੇਸ਼ ਵਿਚ ਸਾਲ 2021 ਵਿਚ ਛੇਵੀਂ ਵਾਰ ਪੰਚਾਇਤਾਂ ਦੀ ਚੋਣ ਸੰਪੰਨ ਹੋਈ ਹੈ। ਇਹ ਸਹੀ ਹੈ ਕਿ ਇਸ ਰਾਜ ਵਿਚ ਪੰਚਾਇਤਾਂ ਦੀਆਂ ਚੋਣਾਂ ਲਗਭਗ ਸਮੇਂ 'ਤੇ ਨਿਯਮਿਤ ਰੂਪ ਨਾਲ ਹੋ ਰਹੀਆਂ ਹਨ ਅਤੇ ਵਿਧੀਵਤ ਪੰਚਾਇਤਾਂ ਦਾ ਗਠਨ ਵੀ ਹੋ ਰਿਹਾ ਹੈ। ਪਰ ਜੋ ਸਭ ਤੋਂ ਮਹੱਤਵਪੂਰਨ ਗੱਲ ਹੈ ਉਹ ਇਹ ਕਿ ਇਸ ਰਾਜ ਵਿਚ ਜਿਨ੍ਹਾਂ ਚੁਣੇ ਹੋਏ ਮੈਂਬਰਾਂ ਨਾਲ ਪੰਚਾਇਤ ਦਾ ਗਠਨ ਹੁੰਦਾ ਹੈ, ਉਨ੍ਹਾਂ ਦੀ ਸਰਗਰਮ ਭਾਗੀਦਾਰੀ ਦੀ ਬੇਹੱਦ ਘਾਟ ਹੈ। ਖਾਸ ਕਰਕੇ ਗ੍ਰਾਮ ਪੰਚਾਇਤ ਦੇ ਪੱਧਰ 'ਤੇ।

ਸਾਲ 2021 ਦੇ ਪੰਚਾਇਤ ਚੋਣਾਂ ਤੋਂ ਪਹਿਲਾਂ ਪੰਚਾਇਤਾਂ ਦੇ ਸੰਸਥਾਗਤ ਵਿਕਾਸ ਦੇ ਲਈ ਪਿਛਲੇ 7 ਸਾਲਾਂ ਤੋਂ ਸਰਗਰਮ 'ਤੀਸਰੀ ਸਰਕਾਰ ਮੁਹਿੰਮ' ਦੇ ਰਾਹੀ 'ਗ੍ਰਾਮ ਪੰਚਾਇਤ ਮੈਂਬਰਾਂ' ਦੇ ਅਹੁਦੇ ਵਾਸਤੇ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਚਲਾਇਆ ਗਿਆ, ਜਿਸ ਦੇ ਅਧੀਨ ਸਰਗਰਮ ਅਤੇ ਸਮਰੱਥ ਨਾਗਰਿਕਾਂ ਨੂੰ ਮੈਂਬਰ ਪਦ ਦੇ ਲਈ ਅੱਗੇ ਆਉਣ ਵਾਸਤੇ ਪ੍ਰੇਰਿਤ ਕਰਨ ਅਤੇ ਗ੍ਰਾਮ ਸਭਾ ਦੇ ਗੌਰਵ ਅਤੇ ਮਹੱਤਵ ਨੂੰ ਸਮਝਾਉਣ ਦਾ ਕੰਮ ਵਿਸ਼ੇਸ਼ ਰੂਪ ਨਾਲ ਕੀਤਾ ਗਿਆ ਸੀ। ਇਸ ਨਾਤੇ ਚੋਣਾਂ ਦੇ ਬਾਅਦ ਅਭਿਆਨ ਰਾਹੀਂ ਗ੍ਰਾਮ ਪੰਚਾਇਤ ਮੈਂਬਰਾਂ ਦੇ ਪਦ ਦੀ ਸਹੀ ਸਥਿਤੀ ਦੇ ਅੰਦਾਜ਼ੇ ਵਾਸਤੇ ਚੁਣੇ ਹੋਏ ਮੈਂਬਰਾਂ ਦੇ ਅੰਕੜੇ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਜੋ ਇਥੇ ਵੱਖ-ਵੱਖ ਰੂਪਾਂ ਵਿਚ ਪੇਸ਼ ਹੈ। ਇਸ ਵਿਸ਼ਲੇਸ਼ਣ ਵਿਚ ਜਿਥੇ ਇਕ ਪਾਸੇ ਸਾਧਾਰਨ ਚੋਣਾਂ ਦੇ ਬਾਅਦ ਖਾਲੀ ਰਹਿ ਗਏ ਅਹੁਦਿਆਂ ਨੂੰ ਦੇਖਿਆ ਗਿਆ ਹੈ ਉਥੇ ਦੂਸਰੇ ਪਾਸੇ 'ਵਿਰੋਧ' ਅਤੇ 'ਬਿਨਾਂ ਵਿਰੋਧ'

ਹੋਈ ਚੋਣ ਪ੍ਰਕ੍ਰਿਆ ਅਤੇ ਉਮਰ, ਸਿੱਖਿਆ ਅਤੇ ਰਾਖਵੇਂਕਰਨ ਪੱਖੋਂ ਮੈਂਬਰਾਂ ਦੀ ਹਿੱਸੇਦਾਰੀ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ ਕੀਤੀ ਗਈ ਹੈ।



ਗ੍ਰਾਮ ਸਭਾ ਬੈਠਕ

### ਗ੍ਰਾਮ ਪੰਚਾਇਤ ਮੈਂਬਰਾਂ ਦੇ ਖਾਲੀ ਪਦ

ਰਾਜ ਚੋਣ ਵਿਭਾਗ ਦੀ ਸੂਚਨਾ ਦੇ ਅਨੁਸਾਰ ਕੁੱਲ 58136 ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਗ੍ਰਾਮ ਪੰਚਾਇਤਾਂ ਵਿਚ ਪ੍ਰਧਾਨ ਦੇ ਰੂਪ ਵਿਚ ਇਕ ਪ੍ਰਧਾਨ ਅਤੇ ਜਨਸੰਖਿਆ ਦੇ ਹਿਸਾਬ ਨਾਲ 9 ਤੋਂ 15 ਮੈਂਬਰ ਹੁੰਦੇ ਹਨ। ਇਸ ਪ੍ਰਕਾਰ ਉੱਤਰ ਪ੍ਰਦੇਸ਼ ਦੀ ਗ੍ਰਾਮ ਪੰਚਾਇਤ ਸਰਕਾਰ ਵਿਚ ਕੁੱਲ ਮਿਲਾ ਕੇ 58136 ਪ੍ਰਧਾਨ ਅਤੇ 749362 ਗ੍ਰਾਮ ਪੰਚਾਇਤ ਮੈਂਬਰ ਦੇ ਪਦ ਹਨ। ਅਪ੍ਰੈਲ 2021 ਵਿਚ ਹੋਈਆਂ ਪੰਚਾਇਤ ਚੋਣਾਂ ਦਾ ਨਤੀਜਾ ਜਦੋਂ 2 ਮਈ ਨੂੰ ਘੋਸ਼ਿਤ ਕੀਤਾ ਗਿਆ ਤਾਂ ਪਤਾ ਲੱਗਾ ਕਿ ਗ੍ਰਾਮ ਪੰਚਾਇਤ ਮੈਂਬਰਾਂ ਦੇ 199453 ਪੱਦ ਖਾਲੀ ਰਹਿ ਗਏ ਹਨ। ਗ੍ਰਾਮ ਪੰਚਾਇਤ ਮੈਂਬਰਾਂ ਦੇ ਕੁੱਲ 549909 ਪਦਾਂ 'ਤੇ ਹੀ ਚੋਣਾਂ ਹੋ ਸਕੀਆਂ ਕਿਉਂਕਿ ਮੈਂਬਰਾਂ ਦੇ ਇਨ੍ਹਾਂ ਬਾਕੀ ਖਾਲੀ ਪਦਾਂ 'ਤੇ ਕੋਈ ਉਮੀਦਵਾਰ ਹੀ ਨਹੀਂ ਸੀ। ਮੈਂਬਰਾਂ ਦੇ ਇਹ ਖਾਲੀ ਪਦ ਕੁਲ ਪਦਾਂ ਦਾ 26.62% ਹੈ। ਇਸ ਦੇ ਚਲਦੇ ਲਗਭਗ 20 ਹਜ਼ਾਰ ਗ੍ਰਾਮ ਪੰਚਾਇਤਾਂ ਨਹੀਂ ਬਣ ਸਕੀਆਂ, ਕਿਉਂਕਿ ਕਿਸੇ ਗ੍ਰਾਮ ਪੰਚਾਇਤ ਦੇ ਬਣਨ ਵਾਸਤੇ 2/3 ਮੈਂਬਰਾਂ ਦੇ ਪਦਾਂ ਦਾ ਭਰਿਆ ਜਾਣਾ ਲਾਜ਼ਮੀ ਹੈ। ਇਸ ਸਾਰੇ ਖਾਲੀ ਪਦਾਂ ਨੂੰ 12 ਜੂਨ 2021 ਨੂੰ ਉਪ ਚੋਣਾਂ ਰਾਹੀਂ ਭਰਿਆ ਗਿਆ।

### ਗ੍ਰਾਮ ਪੰਚਾਇਤ ਮੈਂਬਰ ਦੇ 80% ਸੀਟਾਂ 'ਤੇ ਬਿਨਾਂ ਵਿਰੋਧ ਚੋਣ

ਇਸ ਮਾਮਲੇ ਵਿਚ ਇਕ ਦੂਸਰਾ ਅੰਕੜਾ ਹੋਰ ਮਹੱਤਵਪੂਰਨ ਹੈ। ਉਹ ਇਹ ਹੈ ਕਿ ਗ੍ਰਾਮ ਪੰਚਾਇਤ ਮੈਂਬਰ ਦੇ ਜਿਨ੍ਹਾਂ 549909 ਪਦਾਂ 'ਤੇ ਮੈਂਬਰਾਂ ਦੀ ਚੋਣ ਪ੍ਰਕ੍ਰਿਆ ਸੰਪੰਨ ਹੋਈ ਸੀ ਉਸ ਵਿਚੋਂ ਕੇਵਲ 20.01 ਪ੍ਰਤੀਸ਼ਤ ਪਦਾਂ 'ਤੇ ਵਿਧੀਵਤ ਚੋਣ ਲੜ ਕੇ ਮੈਂਬਰ ਚੁਣੇ ਗਏ। ਜਿਨਾਂ ਦੀ ਕੁੱਲ ਸੰਖਿਆਂ 110010 ਹੈ। ਬਾਕੀ 439899 ਸੀਟਾਂ ਬਿਨਾਂ ਵਿਰੋਧ ਭਰੀਆਂ ਗਈਆਂ। ਇਥੇ ਕੇਵਲ ਇਕ-ਇਕ ਉਮੀਦਵਾਰ ਹੀ ਮੈਦਾਨ ਵਿਚ ਸੀ। ਇਹ ਸਹੀ ਹੈ ਕਿ ਇਸ ਵਿਚ ਕੁਝ ਮੈਂਬਰ ਅਜਿਹੇ ਹਨ ਜੋ ਆਪਣੀ ਯੋਗਤਾ ਅਤੇ ਲੋਕਪ੍ਰਿਯਤਾ ਦੇ ਕਾਰਨ ਸਰਬ ਸੰਮਤੀ ਦੇ ਆਧਾਰ 'ਤੇ ਬਿਨਾਂ ਵਿਰੋਧ ਚੁਣੇ ਗਏ ਹਨ। ਪਰ ਇਨ੍ਹਾਂ ਦੀ ਸੰਖਿਆ ਕਾਫ਼ੀ ਸੀਮਿਤ ਹੈ। ਜ਼ਿਆਦਾਤਰ ਪਦਾਂ 'ਤੇ ਬੜੀ ਮੁਸ਼ਕਿਲ ਨਾਲ ਕੋਈ ਉਮੀਦਵਾਰ ਮਿਲਿਆ ਹੈ।

### ਮੈਂਬਰ 'ਪੰਚਾਇਤ ਸਰਕਾਰ' ਦੀ ਰੀੜ

ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ ਕਿ ਪੰਚਾਇਤੀ ਰਾਜ ਵਿਵਸਥਾ ਵਿਚ ਮੈਂਬਰਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ, ਖਾਸ ਕਰਕੇ ਗ੍ਰਾਮ ਪੰਚਾਇਤ ਦੇ ਪੱਧਰ 'ਤੇ। ਇਹ ਇਕ ਤਰ੍ਹਾਂ ਨਾਲ ਇਸ 'ਪੰਚਾਇਤ ਸਰਕਾਰ' ਦੀ ਰੀੜ ਹੈ। 73ਵੀਂ ਸੰਵਿਧਾਨ ਸੋਧ ਦੇ ਮਾਧਿਅਮ ਨਾਲ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਤਿੰਨੇ ਪੱਧਰਾਂ (ਗ੍ਰਾਮ, ਬਲਾਕ ਅਤੇ ਜ਼ਿਲ੍ਹਾ) ਦੀਆਂ ਪੰਚਾਇਤਾਂ ਦਾ ਗਠਨ ਉਸ ਦੇ ਚੁਣੇ ਹੋਏ ਮੈਂਬਰਾਂ ਨਾਲ ਹੋਵੇਗਾ। ਸੰਵਿਧਾਨ ਦੀ ਧਾਰਾ 243 ਸੀ (2) ਵਿਚ ਸਪੱਸ਼ਟ ਰੂਪ ਨਾਲ ਕਿਹਾ ਗਿਆ ਹੈ ਕਿ "ਕਿਸੇ ਪੰਚਾਇਤ ਦੇ ਸਾਰੇ ਸਥਾਨ ਪੰਚਾਇਤ ਖੇਤਰ ਵਿਚ ਖੇਤਰੀ ਚੋਣ ਖੇਤਰਾਂ ਤੋਂ ਸਿੱਧੀ ਚੋਣਾਂ ਰਾਹੀਂ ਚੁਣੇ ਹੋਏ

ਵਿਅਕਤੀਆਂ ਨਾਲ ਭਰੇ ਜਾਣਗੇ"। ਇਹੀ ਚੁਣੇ ਹੋਈ ਵਿਅਕਤੀ ਪੰਚਾਇਤ ਦੇ ਸਨਮਾਨਿਤ ਮੈਂਬਰ ਹੁੰਦੇ ਹਨ। ਇਸ ਲਈ ਮੈਂਬਰਾਂ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਐਨਾ ਹੀ ਨਹੀਂ ਬਲਕਿ ਸੰਵਿਧਾਨ ਦੀ ਧਾਰਾ 243 ਜੀ, ਜੋ ਸ਼ਕਤੀ, ਅਧਿਕਾਰ ਅਤੇ ਜ਼ਿੰਮੇਵਾਰੀ ਦੇ ਲਈ ਹੈ, ਉਸ ਵਿਚ 'ਪੰਚਾਇਤ' ਨੂੰ ਹੀ ਇਹ ਸਾਰੇ ਅਧਿਕਾਰ ਅਤੇ ਜਿੰਮੇਵਾਰੀ ਪ੍ਰਦਾਨ ਕੀਤੀ ਗਈ ਹੈ। ਇਸ ਅਰਥ ਵਿਚ ਸਾਰੇ ਪੱਧਰ ਦੀਆਂ ਪੰਚਾਇਤਾਂ ਦੇ ਮੈਂਬਰਾਂ ਨੂੰ ਬਰਾਬਰ ਰੂਪ ਨਾਲ ਸ਼ਕਤੀ ਪ੍ਰਾਪਤ ਹੁੰਦੀ ਹੈ। ਕਿਸੇ ਅਹੁੱਦੇ ਜਾਂ ਵਿਅਕਤੀ ਵਿਸ਼ੇਸ਼ ਨੂੰ ਇਹ ਸ਼ਕਤੀ ਨਹੀਂ ਦਿੱਤੀ ਗਈ ਹੈ। ਇਸ ਦੇ ਅਨੁਸਾਰ ਰਾਜ ਦੇ ਐਕਟਾਂ ਵਿਚ ਵੀ ਵਿਵਸਥਾ ਕੀਤੀ ਗਈ ਹੈ। ਅਜਿਹੇ ਵਿਚ ਗ੍ਰਾਮ ਪੰਚਾਇਤ ਵਿਚ ਮੈਂਬਰ ਪਦ ਨੂੰ ਲੈ ਕੇ ਜੋ ਉਦਾਸੀਨਤਾ ਅਤੇ ਅਣਗਹਿਲੀ ਦਾ ਰੂਪ ਦਿਖਾਈ ਪੈ ਰਿਹਾ ਹੈ ਉਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

ਅਪ੍ਰੈਲ-2021 ਵਿਚ ਆਮ ਚੋਣਾਂ ਦੇ ਸਮੇਂ ਜਿਨ੍ਹਾਂ 549909 ਪਦਾਂ 'ਤੇ ਚੋਣਾਂ ਸੰਪੰਨ ਹੋਇਆ ਸੀ, ਚੋਣ ਵਿਭਾਗ ਦੀ ਵੈੱਬਸਾਈਟ 'ਤੇ ਉਪਲਬਧ ਉਸੇ ਦੇ ਵਿਸਥਾਰਤ ਅੰਕੜੇ ਦੇ ਆਧਾਰ 'ਤੇ ਗ੍ਰਾਮ ਪੰਚਾਇਤ ਮੈਂਬਰਾਂ ਦੀ ਮੌਜੂਦਾ ਸਥਿਤੀ ਦਾ ਵਿਸ਼ਲੇਸ਼ਣ ਪੇਸ਼ ਹੈ।

### ਪਿਛੜੇ ਜ਼ਿਲ੍ਹੇ ਵਿਚ ਖਾਲੀ ਸੀਟਾਂ ਸਭ ਤੋਂ ਘੱਟ

ਆਮ ਚੋਣਾਂ ਦੇ ਸਮੇਂ ਗ੍ਰਾਮ ਪੰਚਾਇਤ ਮੈਂਬਰਾਂ ਦੇ ਜੋ 199453 ਪਦ ਖਾਲੀ ਰਹਿ ਗਏ ਸਨ। ਜੇਕਰ ਉਨ੍ਹਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗਦਾ ਹੈ ਕਿ ਕਾਨਪੁਰ ਦਿਹਾਤੀ ਉਹ ਜ਼ਿਲ੍ਹਾ ਹੈ ਜਿਥੇ ਸਭ ਤੋਂ ਜ਼ਿਆਦਾ ਪਦ ਖਾਲੀ ਰਹਿ ਗਏ ਸਨ। ਉਥੇ ਮੈਂਬਰਾਂ ਦੀ ਕੁੱਲ ਸੰਖਿਆ ਦੇ ਅੱਧੇ ਤੋਂ ਜ਼ਿਆਦਾ ਪਦਾਂ (50.72%) 'ਤੇ ਕੋਈ ਉਮੀਦਵਾਰ ਨਹੀਂ ਮਿਲਿਆ। ਇਥੇ ਕੁੱਲ 7750 ਪਦ ਸਨ ਜਿਨ੍ਹਾਂ ਵਿਚੋਂ 3391 ਪਦ ਖਾਲੀ ਰਹਿ ਗਏ।

ਇਸ ਪਦ ਦੇ ਸਭ ਤੋਂ ਜ਼ਿਆਦਾ ਖਾਲੀ ਸਥਾਨ ਵਾਲੇ ਜੇਕਰ ਪੰਜ ਜ਼ਿਲ੍ਹਿਆਂ ਨੂੰ ਦੇਖਿਆ ਜਾਵੇ ਤਾਂ ਉਸ ਵਿਚ ਹੋਰ ਚਾਰ ਜ਼ਿਲ੍ਹੇ ਲੜੀਵਾਰ: ਇਟਾਵਾ (49.91%), ਗਾਜ਼ਿਆਬਾਦ (48.76%), ਬਸਤੀ (46.62%) ਅਤੇ ਪ੍ਰਯਾਗਰਾਜ (46.51%) ਹੈ। ਦੂਸਰੇ ਪਾਸੇ ਤੁਲਨਾਤਮਕ ਦ੍ਰਿਸ਼ਟੀ ਤੋਂ ਉਨ੍ਹਾਂ ਜ਼ਿਲ੍ਹਿਆਂ ਨੂੰ ਦੇਖੋ ਜਿਥੇ ਸਭ ਤੋਂ ਘੱਟ ਸੀਟਾਂ ਖਾਲੀ ਰਹੀਆਂ ਹਨ ਭਾਵ ਸਭ ਤੋਂ ਜ਼ਿਆਦਾ ਸੀਟਾਂ ਭਰੀਆਂ ਜਾ ਸਕੀਆਂ ਹਨ, ਉਨ੍ਹਾਂ ਵਿਚ ਚੰਦੌਲੀ ਪਹਿਲੇ ਸਥਾਨ 'ਤੇ ਹੈ। ਉਥੇ ਕੁੱਲ 9126 ਸੀਟਾਂ ਸਨ ਜਿਸ ਵਿਚੋਂ ਸਾਧਾਰਨ ਚੋਣ ਪ੍ਰਕ੍ਰਿਆ ਵਿਚ 8756 ਸੀਟਾਂ 'ਤੇ ਚੋਣਾਂ ਸੰਪੰਨ ਹੋ ਗਈਆਂ ਸਨ। ਕੇਵਲ 711 ਸੀਟਾਂ 'ਤੇ ਕੋਈ ਉਮੀਦਵਾਰ ਨਹੀਂ ਖੜ੍ਹਾ ਹੋਇਆ, ਜੋ ਕੇਵਲ 4.05% ਹੈ। ਇਸ ਸ਼੍ਰੇਣੀ ਵਿਚ ਸਭ ਤੋਂ ਜ਼ਿਆਦਾ ਸੀਟ ਭਰੀ ਜਾਣ ਵਾਲੇ ਹੋਰ 4 ਜ਼ਿਲ੍ਹਿਆਂ ਵਿਚ ਮਹੋਬਾ (5.83%), ਪੀਲੀਭੀਤ (9.05%), ਕੁਸ਼ੀਨਗਰ (10.13%) ਅਤੇ ਸੋਨਭਦ੍ਰ (10.78%) ਸ਼ਾਮਿਲ ਹਨ। ਇਥੇ ਇਹ ਤੱਥ ਮਹੱਤਵਪੂਰਨ ਹਨ ਕਿ ਸਭ ਤੋਂ ਜ਼ਿਆਦਾ ਖਾਲੀ ਸੀਟ ਵਾਲੇ ਜ਼ਿਲ੍ਹੇ ਉਹ ਹਨ, ਜੋ ਪੱਛਮੀ ਉੱਤਰ ਪ੍ਰਦੇਸ਼ ਦੇ ਸੰਪੰਨ ਜ਼ਿਲ੍ਹੇ ਹਨ। ਆਰਥਿਕ ਦ੍ਰਿਸਟੀ ਤੋਂ ਕਮਜ਼ੋਰ ਅਤੇ ਮੁਕਾਬਲਤਨ ਪੱਛੜੇ ਜ਼ਿਲ੍ਹੇ ਵਿਚ ਖਾਲੀ ਸੀਟਾਂ ਦੀ ਸੰਖਿਆਂ ਸਭ ਤੋਂ ਘੱਟ ਦਿਖਾਈ ਪੈ ਰਹੀ ਹੈ।

### ਚੋਣ ਲੜ ਕੇ ਆਏ ਮੈਂਬਰਾਂ ਵਿਚੋਂ ਸੋਨਭੱਦਰ ਸਭ ਤੋਂ ਅੱਗੇ

ਆਮ ਚੋਣ ਪ੍ਰਕ੍ਰਿਆ ਦੇ ਤਹਿਤ ਜੋ 549909 ਸੀਟਾਂ ਭਰੀਆਂ ਗਈਆਂ ਉਸ ਵਿਚੋਂ ਚੋਣ ਲੜ ਕੇ ਆਏ ਮੈਂਬਰਾਂ ਦੀ ਗਿਣਤੀ ਕੇਵਲ 110026 ਹੈ ਜੋ 19.90% ਹੈ। ਜੇਕਰ ਚੋਣ ਲੜ ਕੇ ਆਏ ਮੈਂਬਰਾਂ ਦੀ ਦ੍ਰਿਸ਼ਟੀ ਨਾਲੋਂ ਜ਼ਿਲ੍ਹਿਆਂ ਦਾ ਅੰਕੜਾ ਦੇਖੀਏ ਤਾਂ ਸੂਬੇ ਦਾ ਇਕਮਾਤਰ ਆਦਿਵਾਸੀ ਬਹੁਲ ਜ਼ਿਲ੍ਹਾ ਸੋਨਭੱਦਰ ਸਭ ਤੋਂ ਉੱਪਰ ਹੈ। ਉਥੇ 7767 ਸੀਟਾਂ ਵਿਚੋਂ 2818 ਸੀਟਾਂ 'ਤੇ ਮੈਂਬਰ ਚੋਣ ਲੜ ਕੇ ਜਿੱਤੇ ਹਨ ਜੋ 40.66% ਹੈ। ਪੰਜ ਜ਼ਿਲ੍ਹਿਆਂ ਦੇ ਇਸ ਰੈਂਕਿੰਗ ਕ੍ਰਮ ਵਿਚ ਹੋਰ 4 ਜ਼ਿਲ੍ਹਿਆਂ ਵਿਚ ਸੰਭਲ (40.15%), ਮੁਰਾਦਾਬਾਦ (36.70%), ਸ਼ਾਮਲੀ (36.53%) ਅਤੇ ਲਖਨਊ (33.73%) ਸ਼ਾਮਿਲ ਹੈ। ਠੀਕ ਇਸ ਦੇ ਉਲਟ ਬਸਤੀ ਵਿਚ ਸਭ ਤੋਂ ਘੱਟ ਮੈਂਬਰ ਚੋਣ ਲੜ ਕੇ ਆਏ ਹਨ। ਇਥੇ ਚੁਣੇ ਗਏ ਮੈਂਬਰਾਂ ਦੀ ਕੁੱਲ ਸੰਖਿਆਂ 7359 ਹੈ, ਜਿਸ 'ਚੋਂ ਕੇਵਲ 431 ਮੈਂਬਰ ਹੀ ਚੋਣ ਲੜ ਕੇ ਆਏ ਹਨ। ਇਨ੍ਹਾਂ ਦਾ ਪ੍ਰਤੀਸ਼ਤ 5.86% ਹੈ। ਪੰਜ ਜ਼ਿਲ੍ਹਿਆਂ ਵਿਚ ਇਸ ਦਰਜਾ ਕ੍ਰਮ ਵਿਚ ਹੋਰ ਚਾਰ ਵਿਚ ਆਗਰਾ (7.23%), ਚਿੱਤਰਕੂਟ (7.76%), ਆਜ਼ਮਗੜ੍ਹ (8.85%), ਅਤੇ ਬਿਜਨੌਰ (8.95%) ਸ਼ਾਮਿਲ ਹਨ। ਇਥੇ ਇਹ ਜ਼ਿਕਰਯੋਗ ਹੈ ਕਿ ਆਦਿਵਾਸੀ ਬਹੁਲ ਜ਼ਿਲ੍ਹੇ ਸੋਨਭੱਦਰ ਵਿਚ ਪੰਚਾਇਤ ਚੋਣਾਂ ਨੂੰ ਲੈ ਕੇ ਜਾਗਰੂਕਤਾ ਅਤੇ ਸਰਗਰਮੀ ਦਾ ਪੈਮਾਨਾ ਸਭ ਤੋਂ ਮਜ਼ਬੂਤ ਹੈ, ਉਥੇ ਆਗਰਾ ਵਰਗੇ ਮੋਹਰੀ ਜ਼ਿਲ੍ਹੇ ਵਿਚ ਇਹ ਸਥਿਤੀ ਕਾਫ਼ੀ ਕਮਜ਼ੋਰ ਹੈ।

### ਮਹਿਲਾਵਾਂ ਦੀ ਹਿੱਸੇਦਾਰੀ : 30 ਜ਼ਿਲ੍ਹਿਆਂ ਵਿਚ ਔਸਤ ਤੋਂ ਜ਼ਿਆਦਾ

ਗ੍ਰਾਮ ਪੰਚਾਇਤ ਮੈਂਬਰਾਂ ਵਿਚ ਮਹਿਲਾ ਹਿੱਸੇਦਾਰੀ ਦੀ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਸੂਬੇ ਦੇ ਪੱਧਰ 'ਤੇ ਚੁਣੇ ਗਏ 549909 ਮੈਂਬਰਾਂ ਵਿਚ ਔਰਤ ਮੈਂਬਰ 218366 ਹੈ ਜੋ 39.71% ਹੈ। ਜਦਕਿ ਉੱਤਰ ਪ੍ਰਦੇਸ਼ ਵਿਚ ਮਹਿਲਾਵਾਂ ਦਾ ਰਾਖਵਾਂਕਰਨ ਕੇਵਲ 33% ਹੈ। ਇਸ ਪ੍ਰਕਾਰ ਲਗਭਗ 8 ਪ੍ਰਤੀਸ਼ਤ ਦਾ ਵਾਧਾ ਦਰਜ ਹੈ ਜੋ ਆਪਣੇ ਆਪ ਵਿਚ ਇਕ ਜ਼ਿਕਰਯੋਗ ਤੱਥ ਹੈ। ਪਰ ਜੇਕਰ ਇਸ ਨੂੰ ਅਲੱਗ-ਅਲੱਗ ਜ਼ਿਲ੍ਹਿਆਂ ਵਿਚ ਦੇਖੀਏ ਤਾਂ ਇਕ ਦੂਸਰੀ ਤਸਵੀਰ ਦਿਖਾਈ ਪੈਂਦੀ ਹੈ। ਉੱਤਰ ਪ੍ਰਦੇਸ਼ ਦੇ ਲਗਭਗ 30 ਜ਼ਿਲੇ ਅਜਿਹੇ ਹਨ ਜਿਥੇ ਔਰਤ ਮੈਂਬਰਾਂ ਦੀ

ਸੰਖਿਆਂ ਪੂਰੇ ਪ੍ਰਦੇਸ਼ ਦੇ ਔਸਤ ਪ੍ਰਤੀਸ਼ਤ 39.71 ਤੋਂ ਜ਼ਿਆਦਾ ਹੈ। ਇਸ ਵਿਚ ਸ਼ਾਹਜਹਾਂਪੁਰ ਸਭ ਤੋਂ ਅੱਗੇ ਹੈ, ਜਿਥੇ 45.93% ਔਰਤ ਮੈਂਬਰ ਹਨ। ਇਸ ਸ਼੍ਰੇਣੀ ਵਿਚ ਮਊ 45.20 ਪ੍ਰਤੀਸ਼ਤ ਦੇ ਨਾਲ ਦੂਜੇ ਸਥਾਨ 'ਤੇ ਹੈ। ਹੋਰ ਚਾਰ ਜ਼ਿਲ੍ਹੇ ਅਜਿਹੇ ਹਨ ਜਿਥੇ ਔਰਤ ਮੈਂਬਰਾਂ ਦੀ ਸੰਖਿਆਂ 44% ਤੋਂ ਜ਼ਿਆਦਾ ਹੈ। ਇਸ ਵਿਚ ਪ੍ਰਤਾਪਗੜ੍ਹ (44.93%), ਸੰਤ ਕਬੀਰ ਨਗਰ (44.68), ਆਜ਼ਮਗੜ੍ਹ (44.53%) ਅਤੇ ਜੌਨਪੁਰ (44.13%) ਸ਼ਾਮਿਲ ਹੈ।

ਔਰਤਾਂ ਮੈਂਬਰਾਂ ਦੀ ਹਿੱਸੇਦਾਰੀ ਦੀ ਦ੍ਰਿਸ਼ਟੀ ਨਾਲ ਸੂਬੇ ਦਾ ਉਦਯੋਗਿਕ ਅਤੇ ਸੰਪੰਨ ਜ਼ਿਲ੍ਹਾ ਗਾਜ਼ੀਆਬਾਦ ਸਭ ਤੋਂ ਕਮਜ਼ੋਰ ਹੈ। ਉਥੋਂ ਚੁਣੇ ਗਏ 1097 ਮੈਂਬਰਾਂ ਵਿਚੋਂ ਕੇਵਲ 351 ਔਰਤਾਂ ਹਨ ਜੋ ਰਾਖਵੀਂ ਸੰਖਿਆ ਤੋਂ ਵੀ ਘੱਟ ਕੇਵਲ 32% ਐਨਾਂ ਹੀ ਨਹੀਂ ਸੂਬੇ ਵਿਚ ਔਰਤਾਂ ਮੈਂਬਰਾਂ ਦੀ ਸਭ ਤੋਂ ਘੱਟ ਸੰਖਿਆ ਵਾਲੇ ਜ਼ਿਲ੍ਹਿਆਂ ਵਿਚ ਪੱਛਮੀ ਉੱਤਰ ਪ੍ਰਦੇਸ਼ ਦੇ ਹੀ ਸੰਪੰਨ ਜ਼ਿਲ੍ਹੇ ਹਨ, ਜਿਸ ਵਿਚ ਲੜੀਵਾਰ : ਗੌਤਮਬੁੱਧ ਨਗਰ (33.32%) ਅਤੇ ਹਾਥਰਸ (33.40%) ਸ਼ਾਮਿਲ ਹੈ।

### ਉਮਰ ਵਰਗ ਦੀ ਦ੍ਰਿਸ਼ਟੀ ਤੋਂ : 31 ਤੋਂ 40 ਸਾਲ ਵਰਗ ਦੀ ਹਿੱਸੇਦਾਰੀ ਸਭ ਤੋਂ ਜ਼ਿਆਦਾ

ਉਮਰ ਵਰਗ ਪੱਖੋਂ ਗ੍ਰਾਮ ਪੰਚਾਇਤ ਮੈਂਬਰਾਂ ਦੀ ਸਥਿਤੀ ਦਾ ਵਿਸ਼ਲੇਸ਼ਣ ਕਰਨ 'ਤੇ ਪਤਾ ਲੱਗਦਾ ਹੈ ਕਿ 31 ਤੋਂ 40 ਸਾਲ ਦੇ ਮੈਂਬਰਾਂ ਦੀ ਗਿਣਤੀ 1 ਲੱਖ 75 ਹਜ਼ਾਰ 33 ਹੋ ਕੇ ਸਭ ਤੋਂ ਜ਼ਿਆਦਾ (31.83%) ਹੈ। ਇਸ ਵਰਗ ਵਿਚ ਮਹਿਲਾ ਮੈਂਬਰਾਂ ਦੀ ਗਿਣਤੀ 73318 ਹੈ ਜੋ 13.33 ਹੈ। ਦੂਸਰੇ ਸਥਾਨ 'ਤੇ 41 ਤੋਂ 50 ਸਾਲ ਦੇ ਵਿਚ ਦੇ ਮੈਂਬਰ ਹਨ, ਇਨ੍ਹਾਂ ਦੀ ਗਿਣਤੀ 140630 ਹੈ ਜੋ ਕੁੱਲ ਚੁਣੇ ਗਏ ਮੈਂਬਰਾਂ ਦਾ 25.57% ਹੈ। ਇਸ ਵਿਚੋਂ 55267 ਔਰਤਾਂ ਹਨ। ਜਿਨ੍ਹਾਂ ਦਾ ਪ੍ਰਤੀਸ਼ਤ 10.05 ਹੈ। ਤੀਹ ਸਾਲ ਅਤੇ ਉਸ ਤੋਂ ਘੱਟ ਉਮਰ ਦੇ ਮੈਂਬਰਾਂ ਦੀ ਕੁੱਲ ਸੰਖਿਆ 112513 ਹੈ ਜੋ 20.46% ਹੈ। ਇਸ ਵਿਚ ਔਰਤਾਂ ਦੀ ਸੰਖਿਆ 45826 ਹੈ ਜੋ 8.33% ਹੈ।

50 ਸਾਲ ਤੋਂ 60 ਸਾਲ ਦੇ ਵਿਚ ਦੇ ਮੈਂਬਰਾਂ ਦਾ ਪ੍ਰਤੀਸ਼ਤ 15.02 ਹੈ। ਇਸ ਵਿਚ 5.59 ਔਰਤਾਂ ਹਨ। ਇਸੇ ਤਰ੍ਹਾਂ 61 ਸਾਲ ਤੋਂ ਉੱਪਰ ਦੀ ਸੰਖਿਆ ਕੇਵਲ 7.12% ਹੈ। ਇਸ ਵਿਚੋਂ 2.40% ਔਰਤਾਂ ਮੈਂਬਰ ਹਨ।

ਜੇਕਰ ਉਸ ਅੰਕੜੇ ਨੂੰ ਜ਼ਿਲ੍ਹੇ ਦੇ ਆਧਾਰ 'ਤੇ ਵਿਸ਼ਲੇਸ਼ਿਤ ਕੀਤਾ ਜਾਵੇ ਤਾਂ 30 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਮੈਂਬਰਾਂ ਦੇ ਅਰਥਾਂ ਵਿਚ ਫਿਰੋਜ਼ਾਬਾਦ, ਲਲਿਤਪੁਰ ਅਤੇ ਅਮਰੋਹਾ ਅਜਿਹੇ ਜ਼ਿਲ੍ਹੇ ਹਨ ਜਿਥੇ ਸਭ ਤੋਂ ਜ਼ਿਆਦਾ (ਲਗਭਗ 30.30%) ਹਨ। ਇਸ ਦੇ ਉਲਟ ਮਹਰਾਜਗੰਜ (11.23%), ਦੇਵਰਿਆ (13.01%) ਅਤੇ ਸਿਧਾਰਥ ਨਗਰ (13.16%) ਹੈ ਜੋ ਸਭ ਤੋਂ ਘੱਟ ਸੰਖਿਆਂ ਦੇ ਜ਼ਿਲ੍ਹੇ ਹਨ।

ਇਸੇ ਤਰ੍ਹਾਂ 31 ਤੋਂ 40 ਸਾਲ ਦੇ ਮੈਂਬਰਾਂ ਵਿਚ ਸਭ ਤੋਂ ਜ਼ਿਆਦਾ ਸੰਖਿਆ ਵਾਲਾ ਜ਼ਿਲ੍ਹਾ ਆਗਰਾ (42.20%) ਹੈ ਤਾਂ ਸਭ ਤੋਂ ਘੱਟ ਸੰਖਿਆ ਵਾਲਾ ਰਾਮਪੁਰ (24.06%) ਹੈ। 41 ਤੋਂ 50 ਉਮਰ ਵਰਗ ਦੇ ਮੈਂਬਰਾਂ ਦੇ ਲਗਭਗ 30 ਜ਼ਿਲ੍ਹੇ ਅਜਿਹੇ ਹਨ ਜਿਥੇ ਇਨ੍ਹਾਂ ਦੀ ਸੰਖਿਆ ਲਗਭਗ 27 ਤੋਂ 29 ਪ੍ਰਤੀਸ਼ਤ ਦੇ ਵਿਚ ਹੈ। ਇਸ ਵਿਚ ਸੰਤ ਕਬੀਰ ਨਗਰ, ਆਜ਼ਮਗੜ੍ਹ, ਗਾਜੀਪੁਰ, ਗੋਰਖਪੁਰ, ਬਹਰਾਈਚ, ਰਾਇਬਰੇਲੀ, ਮਊ, ਉਨਾਵ, ਸ਼ਾਮਲੀ, ਸੰਭਵ ਅਤੇ ਪੀਲੀਭੀਤ ਵਰਗੇ ਜ਼ਿਲ੍ਹੇ ਸ਼ਾਮਿਲ ਹਨ।

ਬੁਢਾਪੇ (51 ਤੋਂ 60 ਤੱਕ) ਦੇ ਆਖਰੀ ਪੜਾਅ ਵੱਲ ਵੱਧ ਰਹੇ ਪੰਚਾਇਤ ਮੈਂਬਰਾਂ ਵਿਚੋਂ ਸਭ ਤੋਂ ਜ਼ਿਆਦਾ ਮੈਂਬਰ ਉਨਾਵ (31.03) ਅਤੇ ਸਿਧਾਰਥ ਨਗਰ (21.09%) ਜ਼ਿਲ੍ਹੇ ਵਿਚ ਅਤੇ ਸਭ ਤੋਂ ਘੱਟ ਮੈਂਬਰ ਆਗਰਾ (6.43%) ਅਤੇ ਲਲਿਤਪੁਰ (8.45%) ਵਿਚ ਹੈ। ਸੀਨੀਅਰ ਨਾਗਰਿਕ ਦੀ ਸ੍ਰੇਣੀ (61 ਸਾਲ ਤੋਂ ਜ਼ਿਆਦਾ) ਦੇ ਮੈਂਬਰ ਜ਼ਿਆਦਾ ਸੰਖਿਆ ਵਿਚ ਮੁਕਾਬਲਤਨ ਜਿਸ ਜ਼ਿਲ੍ਹੇ ਵਿਚ ਪੰਚਾਇਤ ਵਿਵਸਥਾ ਵਿਚ ਸ਼ਾਮਿਲ ਹਨ ਉਸ ਵਿਚ ਸਿਧਾਰਥ ਨਗਰ (15.27%) ਸਭ ਤੋਂ ਅੱਗੇ ਹੈ ਤਾਂ ਗੋਰਖਪੁਰ, ਦੇਵਰਿਆ, ਬਲਰਾਮਪੁਰ ਅਤੇ ਰਾਮਪੁਰ (ਲਗਭਗ ਸਾਰੇ 11-11 ਪ੍ਰਤੀਸ਼ਤ ਦੇ ਨਾਲ) ਉਸ ਦੇ ਠੀਕ ਪਿੱਛੇ ਲੱਗੇ ਹਨ। ਇਸ ਉਮਰ ਵਰਗ ਵਿਚ ਸਭ ਤੋਂ ਘੱਟ ਸੰਖਿਆ ਵਾਲੇ ਜ਼ਿਲ੍ਹਿਆਂ ਵਿਚ ਆਗਰਾ (1.87%), ਲਲਿਤਪੁਰ (2.73%) ਅਤੇ ਝਾਂਸੀ (3.28%) ਸ਼ਾਮਿਲ ਹਨ।

### ਲਗਭਗ 78 ਪ੍ਰਤੀਸ਼ਤ ਸੀਟਾਂ 'ਤੇ ਰਾਂਖਵਾ ਵਰਗ ਨੇ ਚੋਣਾਂ ਜਿੱਤੀਆ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਪੰਚਾਇਤਾਂ ਵਿਚ ਅਨੁਸੂਚਿਤ ਜਾਤੀ ਅਤੇ ਪੱਛੜੇ ਵਰਗ ਦਾ ਰਾਖਵਾਂਕਰਨ ਹੈ। ਇਹ ਰਾਂਖਵਾਕਰਨ ਆਬਾਦੀ ਦੇ ਅਨੁਪਾਤ ਦੇ ਹਿਸਾਬ ਨਾਲ ਤੈਅ ਹੁੰਦਾ ਹੈ। ਸੰਵਿਧਾਨ ਵਿਚ ਧਾਰਾ 243 ਡੀ ਵਿਚ ਇਸ ਤਰ੍ਹਾਂ ਦੇ ਰਾਂਖਵੇਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਵਿਚ ਪਿਛੜੇ ਹੋਏ ਨਾਗਰਿਕਾਂ ਦੇ ਵਰਗ ਦੇ ਲਈ ਰਾਂਖਵਾਕਰਨ ਦਾ ਵਿਸ਼ਾ ਰਾਜ ਦੇ ਵਿਧਾਨਮੰਡਲਾਂ ਨੂੰ ਦਿੱਤਾ ਗਿਆ ਹੈ। ਉੱਤਰ ਪ੍ਰਦੇਸ਼ ਪੰਚਾਇਤ ਰਾਜ ਐਕਟ ਵਿਚ ਅਨੁਸੂਚਿਤ ਜਾਤੀ ਦੇ ਲਈ ਸੰਵਿਧਾਨ ਦੇ ਨਿਰਦੇਸ਼ ਅਨੁਸਾਰ ਜਨਸੰਖਿਆ ਦੇ ਆਧਾਰ 'ਤੇ ਰਾਂਖਵਾਕਰਨ ਤੈਅ ਕੀਤਾ ਗਿਆ ਹੈ ਪਰ ਪਿਛਲੇ ਵਰਗ ਦੇ ਲਈ ਜਨਸੰਖਿਆ ਦੇ ਆਧਾਰ 'ਤੇ ਕਰਦੇ ਹੋਏ ਵੀ ਉਸ ਦੀ ਵੱਧ ਤੋਂ ਵੱਧ ਸੀਮਾ 27% ਤੈਅ ਕਰ ਦਿੱਤੀ ਗਈ ਹੈ। ਇਨ੍ਹਾਂ ਸਾਰੇ ਵਰਗਾਂ ਦੀਆਂ ਰਾਂਖਵੀਆਂ ਸੀਟਾਂ ਵਿਚੋਂ 1/3 ਸਥਾਨ ਔਰਤਾਂ ਵਾਸਤੇ ਰਾਂਖਵੇ ਹਨ।

ਰਾਜ ਚੋਣ ਵਿਭਾਗ ਦੀ ਵੈੱਬਸਾਈਟ 'ਤੇ ਜਿਨ੍ਹਾਂ 549909 ਚੁਣੀਆਂ ਗ੍ਰਾਮ ਪੰਚਾਇਤ ਮੈਂਬਰਾਂ ਦਾ ਡਾਟਾ ਉਪਲਬਧ ਹੈ ਉਸ ਦੇ

ਅਨੁਸਾਰ ਇਨ੍ਹਾਂ ਵਿਚੋਂ ਕੇਵਲ 22.15 ਸੀਟਾਂ ਹੀ ਜਨਰਲ ਵਰਗ ਭਾਵ ਸਾਧਾਰਨ ਸ਼੍ਰੇਣੀ ਨੂੰ ਪ੍ਰਾਪਤ ਹੋਈਆਂ ਹਨ। ਬਾਕੀ ਸਭ ਸੀਟਾਂ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਪਿਛਲੇ ਵਰਗ ਦੇ ਹਿੱਸੇ ਵਿਚ ਆਈ ਹੈ। ਇਸ ਵਿਚ 29.05% ਸੀਟਾਂ ਅਨੁਸੂਚਿਤ ਜਾਤੀ ਨੂੰ, 0.94: ਸੀਟਾਂ ਅਨੁਸੂਚਿਤ ਜਨਜਾਤੀਅਤੇ 47.86% ਸੀਟਾਂ ਪਿਛੜੇ ਵਰਗ ਨੂੰ ਪ੍ਰਾਪਤ ਹੋਈਆਂ ਹਨ। ਪ੍ਰਦੇਸ਼ ਵਿਚ ਅਨੁਸੂਚਿਤ ਜਾਤੀ ਦੀ ਕੁਲ ਆਬਾਦੀ 22.7: ਅਤੇ ਅਨੁਸੂਚਿਤ ਜਨਜਾਤੀ ਦੀ ਆਬਾਦੀ 0.6% ਹੈ। ਪਿਛਲੇ ਵਰਗ ਦੇ ਲਈ ਤਾਂ 27% ਰਾਂਖਵੇਕਰਨ ਦੀ ਵੱਧ ਤੋਂ ਵੱਧ ਸੀਮਾ ਨਿਰਧਾਰਿਤ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਕਈ ਥਾਵਾਂ 'ਤੇ ਜਨਰਲ ਸੀਟਾਂ 'ਤੇ ਵੀ ਰਾਖਵੇਂ ਵਰਗ ਨੇ ਚੋਣ ਜਿੱਤੀ ਹੈ।

ਜੇਕਰ ਇਨ੍ਹਾਂ ਵਿਚ ਮਹਿਲਾ ਰਾਂਖਵੇਂਕਰਨ ਨੂੰ ਦੇਖਿਆ ਜਾਵੇ ਤਾਂ ਸਾਧਾਰਨ ਸ਼੍ਰੇਣੀ ਦੀ 22.15% ਸੀਟਾਂ ਵਿਚੋਂ 7.57% ਮਹਿਲਾ ਪ੍ਰਤੀਨਿਧੀ ਚੁਣੀਆਂ ਗਈਆਂ ਹਨ। ਪਰ ਹੋਰ ਵਰਗਾਂ ਵਿਚ ਮਹਿਲਾ ਪ੍ਰਤੀਨਿਧੀਆਂ ਦੀ ਸੰਖਿਆ 1/3 ਤੋਂ ਜ਼ਿਆਦਾ ਹੈ। ਅਨੁਸੂਚਿਤ ਜਾਤੀ ਦੀ 29.05% ਸੀਟਾਂ ਵਿਚੋਂ 12.82% ਅਨੁਸੂਚਿਤ ਜਨਜਾਤੀ ਦੀ 0.94% ਸੀਟਾਂ ਵਿਚੋਂ 0.46% ਸੀਟਾਂ ਅਤੇ ਪਿਛਲੇ ਵਰਗ ਦੀਆਂ 47.86% ਸੀਟਾਂ ਵਿਚੋਂ 18.86% ਸੀਟਾਂ 'ਤੇ ਔਰਤਾਂ ਪ੍ਰਤੀਨਿਧੀ ਚੁਣੀਆਂ ਗਈਆਂ ਹਨ। ਇਸ ਪ੍ਰਕਾਰ ਇਨ੍ਹਾਂ ਦਾ ਕੁੱਲ ਪ੍ਰਤੀਨਿਧੀਤਵ 39.71% ਹੁੰਦਾ ਹੈ।

### ਸਿੱਖਿਆ ਦੀ ਨਜ਼ਰ ਤੋਂ : 79 ਪ੍ਰਤੀਸ਼ਤ ਮੈਂਬਰ ਪੜ੍ਹੇ ਲਿਖੇ

ਪਿਛਲੇ ਕੁਝ ਸਾਲਾਂ ਤੋਂ ਪੰਚਾਇਤ ਪ੍ਰਤੀਨਿਧੀਆਂ ਦੇ ਪੜ੍ਹੇ ਲਿਖੇ ਹੋਣ ਦੀ ਮੰਗ ਬਹੁਤ ਤੇਜ਼ੀ ਨਾਲ ਉੱਠਣ ਲੱਗੀ ਹੈ। ਰਾਜਸਥਾਨ ਅਤੇ ਹਰਿਆਣਾ ਵਰਗੇ ਕੁਝ ਰਾਜਾਂ ਨੇ ਤਾਂ ਇਸ ਨੂੰ ਲਾਜ਼ਮੀ ਵੀ ਕਰ ਦਿੱਤਾ ਹੈ। ਉੱਤਰ ਪ੍ਰਦੇਸ਼ ਦੇ ਗ੍ਰਾਮ ਪੰਚਾਇਤ ਮੈਂਬਰਾਂ ਦੀ ਸਿੱਖਿਆ ਦੀ ਸਥਿਤੀ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਸਾਧਾਰਨ ਚੋਣ ਵਿਚ ਚੁਣੇ ਗਏ ਜਿਨ੍ਹਾਂ 549909 ਪ੍ਰਤੀਨਿਧੀਆਂ ਦਾ ਜੋ ਅੰਕੜਾ ਮੌਜੂਦ ਹੈ ਉਸ ਵਿਚੋਂ ਪੜ੍ਹੇ ਲਿਖੇ ਮੈਂਬਰਾਂ ਦਾ ਕੁੱਲ ਪ੍ਰਤੀਸ਼ਤ 78.92 ਅਤੇ 21.08% ਅਨਪੜ੍ਹ ਹੈ। ਅਨਪੜ੍ਹ ਮੈਂਬਰਾਂ ਦੀ ਕੁਲ ਸੰਖਿਆ 115936 ਹੈ, ਇਸ 'ਚੋਂ 12.09% ਔਰਤਾਂ ਅਤੇ 8.99% ਪੁਰਸ਼ ਪ੍ਰਤੀਨਿਧੀ ਹਨ।

### ਪੜ੍ਹੇ ਲਿਖੇ ਮੈਂਬਰਾਂ ਵਿਚੋਂ ਅੱਧੇ ਤੋਂ ਜ਼ਿਆਦਾ ਕੇਵਲ 8 ਜਮਾਤਾਂ ਪਾਸ

ਇਥੇ ਪੜ੍ਹੇ ਲਿਖੇ ਪ੍ਰਤੀਨਿਧੀਆਂ ਨੂੰ ਸੁਵਿਧਾ ਪੱਖੋਂ ਪੰਜ ਸ਼੍ਰੇਣੀਆਂ ਵਿਚ ਵੰਡ ਕੇ ਆਕਲਨ ਕੀਤਾ ਗਿਆ ਹੈ। ਪਹਿਲੀ ਸ਼੍ਰੇਣੀ ਵਿਚ ਪ੍ਰਾਇਮਰੀ ਅਤੇ ਜੂਨੀਅਰ ਹਾਈਸਕੂਲ (ਕਲਾਸ 8 ਪਾਸ) ਦੇ ਪ੍ਰਤੀਨਿਧੀਆਂ ਨੂੰ ਲਿਆ ਗਿਆ ਹੈ। ਇਸ ਸ਼੍ਰੇਣੀ ਵਿਚ ਕੁੱਲ 307242 ਪ੍ਰਤੀਨਿਧੀ ਸ਼ਾਮਿਲ ਹਨ। ਜੋ ਕੁੱਲ ਚੁਣੇ ਹੋਏ ਪ੍ਰਤੀਨਿਧੀਆਂ ਦਾ 55.87% ਹੈ। ਇਸ ਵਿਚ ਮਹਿਲਾ ਮੈਂਬਰ 21.11 ਪ੍ਰਤੀਸ਼ਤ ਅਤੇ ਪੁਰਸ਼ ਮੈਂਬਰ 34.76% ਹਨ। ਦੂਸਰੀ ਸ਼੍ਰੇਣੀ ਦੇ ਹਾਈ ਸਕੂਲ ਅਤੇ ਇੰਟਰ (12ਵੀ) ਪਾਸ ਮੈਂਬਰਾਂ ਦੀ ਕੁੱਲ ਗਿਣਤੀ 83121 (15.12%) ਹੈ, ਜਿਸ ਵਿਚੋਂ 3.97% ਮਹਿਲਾ ਅਤੇ 11.14% ਪੁਰਸ਼ ਮੈਂਬਰ ਸ਼ਾਮਿਲ ਹਨ।

ਤੀਸਰੀ ਸ਼੍ਰੇਣੀ ਗ੍ਰੈਜੂਏਟ ਸਿੱਖਿਆ ਪ੍ਰਾਪਤ ਮੈਂਬਰਾਂ ਦੀ ਹੈ, ਇਨ੍ਹਾਂ ਦੀ ਸੰਖਿਆ 16050 ਹੈ ਜੋ ਕੁੱਲ ਚੁਣੇ ਮੈਂਬਰਾਂ ਦੀ ਕੇਵਲ 2.92% ਹੈ। ਇਸ ਵਿਚ ਮਹਿਲਾ ਮੈਂਬਰਾਂ ਦੀ ਸੰਖਿਆ 3784 ਹੈ ਜੋ 0.69% ਹੈ। ਇਸੇ ਤਰ੍ਹਾਂ ਚੌਥੀ ਸ਼੍ਰੇਣੀ ਪੋਸਟ ਗ੍ਰੈਜੂਏਟ ਅਤੇ ਪੀ.ਐਚ.ਡੀ. ਡਿੱਗਰੀ ਪ੍ਰਾਪਤ ਗ੍ਰਾਮ ਪੰਚਾਇਤ ਮੈਂਬਰਾਂ ਦੀ ਹੈ ਜਿਨਾਂ ਦੀ ਕੁੱਲ ਸੰਖਿਆ ਕੇਵਲ 3147 ਹੈ। ਜੋ 0.57% ਹੈ, ਜਿਸ ਵਿਚ ਮਹਿਲਾਵਾਂ ਦੀ ਹਿੱਸੇਦਾਰੀ ਕੇਵਲ 0.14% ਹੈ।

ਪੰਜਵੀ ਸ਼੍ਰੇਣੀ ਤਕਨੀਕੀ, ਵਪਾਰਕ ਜਾਂ ਹੋਰ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਪ੍ਰਾਪਤ ਮੈਂਬਰਾਂ ਦੀ ਹੈ। ਇਨ੍ਹਾਂ ਦੀ ਸੰਖਿਆ 24422 ਹੈ ਜੋ 4.44% ਹੈ। ਇਸ ਚੋਂ 1.71% ਔਰਤ ਮੈਂਬਰ ਸ਼ਾਮਿਲ ਹਨ।

### ਨੇਪਾਲ ਸੀਮਾ ਨਾਲ ਜੁੜੇ ਜ਼ਿਲ੍ਹਿਆਂ ਵਿਚ ਅਨਪੜ੍ਹ ਮੈਂਬਰਾਂ ਦੀ ਸੰਖਿਆ ਸਭ ਤੋਂ ਜ਼ਿਆਦਾ

ਅਨਪੜ੍ਹਤਾ ਪੱਖੋਂ ਜੇਕਰ ਜ਼ਿਲ੍ਹੇਵਾਰ (ਪੰਜ ਤਰਜੀਹ ਕ੍ਰਮ ਵਿਚ) ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਦੇ ਆਧਾਰ 'ਤੇ ਆਕਲਨ ਕਰੀਏ ਤਾਂ ਸਭ ਤੋਂ ਜ਼ਿਆਦਾ ਅਨਪੜ੍ਹ ਮੈਂਬਰ ਜਿਲ੍ਹਾਂ ਪੰਚ ਜਿਲ੍ਹਿਆਂ ਤੋਂ ਚੁਣ ਕੇ ਆਏ ਹਨ ਉਨ੍ਹਾਂ ਵਿਚੋਂਭ ਬਲਰਾਮਪੁਰ (51.46%), ਸ਼ਾਵਸਤੀ (40.26%), ਰਾਮਪੁਰ (37.85%), ਸਿਧਾਰਨ ਨਗਰ (35.28%) ਅਤੇ ਮਹਾਰਾਜਗੰਜ (34.63%) ਸ਼ਾਮਿਲ ਹਨ। ਸਭ ਤੋਂ ਘੱਟ ਅਨਪੜ੍ਹ (10% ਦੇ ਥੱਲੇ) ਦੀ ਨਜ਼ਰ ਤੋਂ ਆਗਰਾ (4.49%), ਇਟਾਵਾ (5.48%), ਓਰਈਆ (5.58%), ਜਾਲੌਨ (8.71%), ਬਿਜਨੌਰ (8.72%) ਅਤੇ ਮਹੋਬਾ (8.81%) ਜ਼ਿਲ੍ਹਾ ਸ਼ਾਮਿਲ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਨਿਪਾਲ ਸੀਮਾ ਨਾਲ ਲੱਗੇ ਜੋ ਅਤਿਅੰਤ ਪਿਛਲੇ ਜ਼ਿਲ੍ਹੇ ਹਨ ਉਥੇ ਅਨਪੜ੍ਹਤਾ ਦਾ ਪ੍ਰਤੀਸ਼ਤ ਸਭ ਤੋਂ ਜ਼ਿਆਦਾ ਹੈ ਅਤੇ ਦੂਸਰੇ ਪਾਸੇ ਬੁੰਦੇਲਖੰਡ ਦੇ ਦੋ ਪਿਛਲੇ ਜ਼ਿਲ੍ਹੇ ਜਾਲੌਨ ਅਤੇ ਮਹੋਬਾ ਵਿਚ ਅਨਪੜ੍ਹਤਾ ਦਾ ਪ੍ਰਤੀਸ਼ਤ ਨਿਊਨਤਮ ਦੀ ਸ੍ਰੇਣੀ ਵਿਚ ਹੈ। ਉਂਝ ਤਾਂ ਇਟਾਵਾ, ਓਰਈਆ ਅਤੇ ਬਿਜਨੌਰ ਵੀ ਆਰਥਿਕ ਪੱਖੋਂ ਸਾਧਾਰਨ ਸ੍ਰੇਣੀ ਦੇ ਜ਼ਿਲ੍ਹੇ ਹਨ ਪਰ ਇਥੇ ਵੀ ਮੈਂਬਰਾਂ ਦੀ ਅਨਪੜ੍ਹਤਾ ਦਾ ਪ੍ਰਤੀਸ਼ਤ 10 ਤੋਂ ਘੱਟ ਹੈ।

# ਝਾਰਖੰਡ ਪੰਚਾਇਤਾਂ : ਗ੍ਰਾਮ ਪੱਧਰ 'ਤੇ ਵਿਕਸਿਤ ਹੋ ਰਹੇ ਪਿੰਡਾਂ ਵਿਚ ਸੁਸ਼ਾਸਨ ਸੁਨਿਸਚਿਤ ਕਰਦੇ ਹੋਏ

*ਐਸਪੀਐਮਯੂ ਈ-ਪੰਚਾਇਤ,
ਪੰਚਾਇਤੀ ਰਾਜ ਵਿਭਾਗ ਝਾਰਖੰਡ

ਜਦਕਿ ਭਾਰਤ ਬ੍ਰਿਟਿਸ਼ ਰਾਜ ਤੋਂ ਸੁਤੰਤਰਤਾ ਦੇ 75ਵੇਂ ਸਾਲ ਵਿਚ ਦਾਖਲ ਹੋ ਰਿਹਾ ਹੈ, ਸਾਨੂੰ ਆਪਣੇ ਉਨ੍ਹਾਂ ਅਨੇਕਾਂ ਆਜ਼ਾਦੀ ਘੁਲਾਈਆਂ ਨੂੰ ਸ਼ਰਧਾਂਜਲੀ ਦੇਣ ਦੀ ਜ਼ਰੂਰਤ ਹੈ, ਜਿਨ੍ਹਾਂ ਨੇ ਤਿਰੰਗਾ ਫਹਿਰਾਉਣ ਦੇ ਲਈ ਆਪਣਾ ਜੀਵਨ ਬਲੀਦਾਨ ਕਰ ਦਿੱਤਾ। ਸਾਡੀ ਸ਼ਰਧਾਂਜਲੀ "ਰਾਸ਼ਟਰ ਪਹਿਲਾਂ, ਹਮੇਸ਼ਾ ਪਹਿਲਾਂ" ਦੀ ਸਥਿਤੀ ਹਾਸਲ ਕਰਨ ਦੇ ਰੂਪ ਵਿਚ ਹੋਣੀ ਚਾਹੀਦੀ ਹੈ। ਝਾਰਖੰਡ ਰਾਜ ਵਿਚ ਪੰਚਾਇਤ ਰਾਜ ਸੰਸਥਾਵਾਂ ਅਨੇਕ ਰੂਪਾਂ ਵਿਚ ਮੌਜੂਦ ਸੀ, ਪਰੰਤੂ 1992 ਵਿਚ ਲਾਗੂ ਕੀਤੀ ਗਈ 73ਵੀਂ ਸੰਵਿਧਾਨ ਸੋਧ ਰਾਹੀਂ ਪੰਚਾਇਤਾਂ ਨੂੰ ਨਿਸਚਿਤਤਾ, ਨਿਰੰਤਰਤਾ ਅਤੇ ਸ਼ਕਤੀ ਪ੍ਰਦਾਨ ਕਰਨ ਦੇ ਲਈ ਪੰਚਾਇਤੀ ਰਾਜ ਸੰਸਥਾਵਾਂ ਦੇ ਮੂਲ ਅਤੇ ਲਾਜ਼ਮਲ ਤੱਤਾਂ ਨੂੰ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ।

ਪੰਚਾਇਤਾਂ ਪੇਂਡੂ ਭਾਰਤ ਵਿਚ ਸਹੀ ਮਾਇਨਿਆਂ ਵਿਚ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਮਨਾਉਣ ਵਿਚ ਬੁਨਿਆਦੀ ਭੂਮਿਕਾ ਨਿਭਾਉਂਦੀਆਂ ਹਨ। ਝਾਰਖੰਡ ਵਿਚ ਪੰਚਾਇਤਾਂ ਨੇ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾਉਣ ਵਾਸਤੇ ਇਸ ਨੂੰ ਸੰਪੂਰਨ ਰਾਜ ਵਿਚ : "ਜਨ ਭਾਗੀਦਾਰੀ" ਦੀ ਭਾਵਨਾ ਵਿਚ "ਜਨ ਉਤਸਵ" ਦਾ ਜਨ ਅੰਦੋਲਨ ਬਣਾਉਂਦੇ ਹੋਏ ਅਨੇਕਾ ਅਨੇਕ ਪ੍ਰੋਗਰਾਮ ਆਯੋਜਿਤ ਕੀਤੇ ਹਨ।

ਭਾਰਤੀ ਸੰਵਿਧਾਨ ਦੀ 11ਵੀਂ ਅਨੁਸੂਚੀ ਵਿਚ 29 ਵਿਸ਼ਿਆਂ ਨੂੰ ਸਥਾਨ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਪੰਚਾਇਤ ਦੀਆਂ ਸ਼ਕਤੀਆਂ, ਪੇਂਡੂ ਵਿਕਾਸ, ਗਰੀਬੀ ਖਾਤਮਾ, ਬਾਜ਼ਾਰ, ਸੜਕਾਂ ਅਤੇ ਪੀਣ ਵਾਲਾ ਪਾਣੀ ਆਦਿ ਮਹੱਤਵਪੂਰਨ ਵਿਸ਼ੇ ਸ਼ਾਮਿਲ ਕੀਤੇ ਗਏ ਹਨ। ਇਸ ਪ੍ਰਕਾਰ ਹੇਠ ਲਿਖੇ ਦਸ ਖੇਤਰ ਮੋਟੇ ਤੌਰ 'ਤੇ ਸੁਸ਼ਾਸਨ ਦੇ ਸੂਚਕਾਂਕ ਦੇ ਰੂਪ ਵਿਚ ਵਰਗੀਕ੍ਰਿਤ ਕੀਤੇ ਜਾ ਸਕਦੇ ਹਨ (ਭਾਰਤ ਸਰਕਾਰ ਦੇ ਸੀਸੀਜੀ ਰਾਹੀਂ ਪੇਸ਼):

1 ਖੇਤੀ ਅਤੇ ਸਬੰਧਿਤ
2 ਵਣਜ ਅਤੇ ਉਦਯੋਗ
3 ਮਾਨਵ ਸੰਸਾਧਨ ਵਿਕਾਸ
4 ਜਨਤਕ ਸਿਹਤ
5 ਜਨਤਕ ਇੰਫ੍ਰਾਸਟ੍ਰਕਚਰ ਅਤੇ ਉਪਯੋਗਤਾਵਾਂ
6 ਆਰਥਿਕ ਨਿਯੰਤ੍ਰਣ
7 ਸਮਾਜਿਕ ਕਲਿਆਣ ਅਤੇ ਵਿਕਾਸ
8 ਨਿਆਂਪਾਲਿਕਾ ਅਤੇ ਲੋਕ ਸੁਰੱਖਿਆ
9 ਵਾਤਾਵਰਨ
10 ਨਾਗਰਿਕ ਕੇਂਦਰਿਤ ਸ਼ਾਸਨ

### ਖੇਤੀ ਅਤੇ ਸੰਬੰਧ ਵਿਚ ਪੰਚਾਇਤਾਂ ਦੀ ਭੂਮਿਕਾ

ਖੇਤੀ ਸਾਡੇ ਪਿੰਡਾਂ ਦੀ ਆਮਦਨ ਦਾ ਮੁੱਖ ਸਾਧਨ ਰਹੀ ਹੈ। ਪੰਚਾਇਤਾਂ ਨੇ ਸਾਲ ਵਿਚ ਕਈ ਫਸਲਾਂ ਉਗਾਉਣ ਦੀ ਪ੍ਰਣਾਲੀ, ਡਰਿੱਪ ਸਿੰਚਾਈ ਦੇ ਉਪਯੋਗ ਨੂੰ ਅਪਣਾਇਆ ਹੈ ਅਤੇ ਮਨਰੇਗਾ ਨੇ ਝਾਰਖੰਡ ਵਿਚ ਖੇਤੀ ਅਤੇ ਸੰਬੰਧਿਤ ਗਤੀਵਿਧੀਆਂ ਦਾ ਪ੍ਰਭਾਵ-ਉਤਪਾਦਕਾ ਵਧਾਉਣ ਵਿਚ ਵਿਲੱਖਣ ਯੋਗਦਾਨ ਦਿੱਤਾ ਹੈ।



ਫੋਟੋ 2. ਰਾਂਚੀ ਜ਼ਿਲ੍ਹੇ ਦੇ ਨਾਗਰੀ ਬਲਾਕ ਵਿਚ ਦੇਵਰੀ ਗ੍ਰਾਮ ਐਲੋਵੇਰਾ ਗ੍ਰਾਮ ਦੇ ਨਾਂਅ ਨਾਲ ਲੋਕਪ੍ਰਿਯ ਹੈ।
ਝਾਰਖੰਡ ਦੇ ਜ਼ਿਆਦਾਤਰ ਪਿੰਡ ਡਰਿੱਪ ਸਿੰਚਾਈ ਰਾਹੀਂ ਏਕੀਕ੍ਰਿਤ ਖੇਤੀ ਕਰ ਰਹੇ ਹਨ।

*ਐਸਪੀਐਮਯੂ ਈ-ਪੰਚਾਇਤ ਰਾਜ ਵਿਭਾਗ ਝਾਰਖੰਡ ਤੋਂ ਪ੍ਰਾਪਤ ਜਾਣਕਾਰੀ।



ਫੋਟੋ 3. ਅਛੈਯਾ ਪਿੰਡ, ਬੋਕਾਰੋ ਵਿਚ ਡਰਿਪ ਸਿਚਾਈ

### ਪਿੰਡਾਂ ਦੇ ਵਿਕਾਸ ਵਾਸਤੇ ਪੰਚਾਇਤਾਂ ਦੀ ਵਿਸਥਾਰਤ ਜ਼ਿੰਮੇਵਾਰੀ

ਝਾਰਖੰਡ ਦੀ ਪੰਚਾਇਤੀ ਰਾਜ ਸੰਸਥਾਵਾਂ ਗ੍ਰਾਮੀਣ ਵਿਕਾਸ ਦੇ ਅਨੇਕ ਖੇਤਰਾਂ ਵਿਚ ਇਕ ਧੁਰੀ ਦੀ ਭੂਮਿਕਾ ਵਿਚ ਰਹੀਆਂ ਹਨ। ਇਨ੍ਹਾਂ ਖੇਤਰਾਂ ਵਿਚ ਪੇਂਡੂ ਰੁਜ਼ਗਾਰ ਸਿਰਜਨ ; ਛੋਟੇ ਪੱਧਰ ਦੇ ਉਦਯੋਗ, ਰੋਜ਼ੀ-ਰੋਟੀ ਦੇ ਵਿਕਲਪਾਂ ਦੀ ਵਿਭਿੰਨਤਾ ; ਖੇਤੀਬਾੜੀ ਅਤੇ ਕੁਦਰਤੀ ਸਰੋਤ ਪ੍ਰਬੰਧਨ; ਸਥਾਨਕ ਸਕੂਲ, ਜਨਤਕ ਵੰਡ ਪ੍ਰਣਾਲੀ, ਮੁਢਲੀ ਸਿਹਤ ਦੇਖਭਾਲ ਅਤੇ ਸਫਾਈ ਸਬੰਧੀ ਕੰਮਾਂ ਦੀ ਨਿਗਰਾਨੀ ਆਦਿ ਸ਼ਾਮਿਲ ਹਨ। ਕੋਵਿਡ-19 ਮਹਾਂਮਾਰੀ ਨੇ ਕੁਝ ਮੌਜੂਦਾ ਜ਼ਿੰਮੇਦਾਰੀਆਂ ਨੂੰ ਹੋਰ ਵਿਆਪਕ ਬਣਾ ਦਿੱਤਾ ਸੀ।

### ਝਾਰਖੰਡ ਵਿਚ ਕੋਵਿਡ ਰੋਕਥਾਮ, ਜਾਗਰੂਕਤਾ ਅਤੇ ਪ੍ਰਭਾਵਿਤ ਲੋਕਾਂ ਦੇ ਲਈ ਰਾਹਤ ਉਪਾਅ

ਭਾਰਤ ਵਿਚ ਕੋਵਿਡ-19 ਦੀ ਪਹਿਲੀ ਲਹਿਰ ਨਾਲ ਸ਼ਹਿਰੀ ਭਾਰਤ ਵਿਚ ਜ਼ਿੰਦਗੀ (ਅਤੇ ਵਪਾਰ) ਰੁਕ ਗਈ ਸੀ। ਜਦੋਂ ਸਥਿਤੀ ਸਾਧਾਰਨ ਹੋਣੀ ਸ਼ੁਰੂ ਹੋਈ, ਉਦੋਂ ਦੂਸਰੀ ਲਹਿਰ ਨੇ ਪੇਂਡੂ ਖੇਤਰਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਗ੍ਰਾਮ ਪੰਚਾਇਤਾਂ (ਜੀਪੀ) ਨੇ ਟੀਕਾਕਰਨ, ਸਵੱਛਤਾ ਤੋਂ ਲੈ ਕੇ ਪੇਂਡੂ ਜਨਤਾ ਵਿਚ ਜਾਗਰੂਕਤਾ ਪੈਦਾ ਕਰਨ ਵਰਗੀਆਂ ਗਤੀਵਿਧੀਆਂ ਨਾਲ ਵਾਇਰਸ ਨੂੰ ਰੋਕਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। 15ਵੇਂ ਵਿੱਤ ਆਯੋਗ ਨੇ ਕੋਵਿਡ-19 ਮਹਾਂਮਾਰੀ ਦਾ ਸਾਹਮਣਾ ਕਰਨ ਅਤੇ ਪਿੰਡਾਂ ਵਿਚ ਗਰੀਬਾਂ ਅਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਹੋਈ ਹਾਨੀ ਤੋਂ ਬਚਾਉਣ ਵਾਸਤੇ ਉਪਯੋਗ ਕੀਤੇ ਗਏ ਹਿੱਸਿਆਂ ਨੂੰ ਬੰਦ ਕਰ ਦਿੱਤਾ।

1 **ਟੀਕਾਕਰਨ ਅਭਿਆਨ** : ਝਾਰਖੰਡ ਵਿਚ ਹਰੇਕ ਗ੍ਰਾਮ ਪੰਚਾਇਤ ਨੇ ਟੀਕਾਕਰਨ ਇਕ ਮੁਹਿੰਮ ਦੇ ਰੂਪ ਵਿਚ ਸ਼ੁਰੂ ਕੀਤੀ ਅਤੇ "ਕੋਈ ਰਹਿ ਨਾ ਜਾਏ" ਦੇ ਸਿਧਾਂਤ 'ਤੇ ਚਲਦੇ ਹੋਏ ਟੀਕਾਕਰਨ ਜਲਦੀ ਪੂਰਾ ਕਰਨ ਦੇ ਲਈ ਅਟੁਟ ਮਿਹਨਤ ਕੀਤੀ ਹੈ। ਇਨ੍ਹਾਂ ਟੀਕਾਕਰਨ ਮੁਹਿੰਮਾਂ ਦੀ ਵਿਵਸਥਾ ਸੰਬੰਧੀ ਖਰਚ ਦੀ ਪੂਰਤੀ 15ਵੇਂ ਵਿੱਤ ਆਯੋਗ ਦੇ ਗੈਰ-ਸੰਬਧਿਤ ਹਿੱਸਿਆ ਤੋਂ ਕੀਤੀ ਗਈ ਸੀ।





2. **ਪੇਂਡੂ ਖੇਤਰਾਂ ਵਾਸਤੇ ਐਸਓਪੀ 'ਤੇ ਅਮਲ :** ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ (ਐਮਓਐਚਐਫਡਬਲਯੂ) ਨੇ ਪੇਂਡੂ ਖੇਤਰਾਂ ਦੇ ਲਈ ਮਾਨਕ ਕਾਰਜ ਪ੍ਰਕ੍ਰਿਆਵਾਂ : "ਪੇਂਡੂ ਖੇਤਰਾਂ ਵਿਚ ਕੋਵਿਡ-19 ਦੀ ਰੋਕਥਾਮ ਅਤੇ ਪ੍ਰਬੰਧ ਵਾਸਤੇ



ਰਾਹੀਂ ਇਸ ਐਸਓਪੀ ਨੂੰ ਲਾਗੂ ਕਰਨ ਦੇ ਲਈ ਸਾਰੇ ਸੰਭਵ ਕਦਮ ਚੁੱਕੇ ਗਏ ਹਨ।

ਕੇਂਦਰ/ਪੀਐਚਸੀ ਵਿਚ ਮੈਡੀਕਲ ਵੇਸਟ ਨਾਲ ਸਾੜ ਣਾ ਯਕੀਨੀ



3. **ਸਥਾਨਕ ਸਿਹਤ ਸਮਿਤੀ :** ਝਾਰਖੰਡ ਵਿਚ ਹਰੇਕ ਗ੍ਰਾਮ ਪੰਚਾਇਤ ਨੇ ਇਕ ਸਥਾਨਕ ਸਿਹਤ ਸਮਿਤੀ ਗਠਿਤ ਕੀਤੀ ਜਿਸ ਵਿਚ ਸਥਾਨਕ ਸਵੈ-ਸਹਾਇਤਾ ਸਮੂਹ, ਯੁਵਾ ਕਲੱਬ, ਆਂਗਣਵਾੜੀ ਕਾਰਜਕਰਤਾ ਅਤੇ ਗ੍ਰਾਮ ਪੰਚਾਇਤ ਦੇ ਪ੍ਰਤੀਨਿਧੀ ਸ਼ਾਮਿਲ ਕੀਤੇ ਗਏ। ਉਨ੍ਹਾਂ ਨੇ ਹਰੇਕ ਮਹੀਨੇ ਵਾਸਤੇ ਗਤੀਵਿਧੀਆਂ ਅਤੇ ਕੋਵਿਡ-19 ਦੀ ਰੋਕਥਾਮ ਅਤੇ ਉਸ ਨਾਲ ਲੜਾਈ ਦੇ ਲਈ ਅਨੇਕ ਗਤੀਵਿਧੀਆਂ ਦੀ ਪ੍ਰਗਤੀ ਦੀ ਨਿਗਰਾਨੀ ਵਾਸਤੇ ਯੋਜਨਾ ਤਿਆਰ ਕੀਤੀ। ਝਾਰਖੰਡ ਪੰਚਾਇਤਾਂ ਨੇ ਸਿਹਤ ਸਮਿਤੀਆਂ ਦਾ ਗਠਨ ਕੀਤਾ ਅਤੇ ਕੋਵਿਡ ਡੈਸਬੋਰਡ ਆਨਲਾਈਨ ਨਿਗਰਾਨੀ ਵਿਚ ਆਪਣਾ ਉੱਚ-ਸਥਾਨ ਬਰਕਰਾਰ ਰੱਖਿਆ।

### ਪੰਚਾਇਤ ਸਿਟੀਜ਼ਨ ਚਾਰਟਰ ਦੇ ਮਾਧਿਅਮ ਨਾਲ ਪੇਂਡੂ ਜਨਸੰਖਿਆ ਨੂੰ ਸੇਵਾਵਾਂ ਉਪਲਬਧ ਕਰਾਉਣਾ।

ਝਾਰਖੰਡ ਦੀਆਂ ਪੰਚਾਇਤਾਂ ਵਿਚ "ਮੇਰੀ ਪੰਚਾਇਤ, ਮੇਰਾ ਅਧਿਕਾਰ-ਜਨ ਸੇਵਾਏ ਹਮਾਰੇ ਦੁਆਰ" ਅਭਿਆਨ ਦੇ ਤਹਿਤ ਪੰਚਾਇਤ ਸਿਟੀਜ਼ਨ ਚਾਰਟਰ ਸਫ਼ਲਤਾਪੂਰਵਕ ਅਤੇ ਸਮੇਂ ਅਨੁਸਾਰ ਪੂਰਾ ਕੀਤਾ ਗਿਆ, ਜਿਸ ਦੇ ਲਈ ਪੰਚਾਇਤੀ ਰਾਜ ਮੰਤਰਾਲਾ, ਭਾਰਤ ਸਰਕਾਰ ਵਲੋਂ ਝਾਰਖੰਡ ਰਾਜ ਨੂੰ ਪ੍ਰਸੰਸਾ ਪੱਤਰ ਪ੍ਰਦਾਨ ਕੀਤਾ ਗਿਆ।

### ਸੈਨਟਰੀ ਰਹਿੰਦ-ਖੂੰਹਦ ਪ੍ਰਬੰਧਨ

ਠੋਸ ਰਹਿੰਦ-ਖੂੰਹਦ ਦਾ ਨਿਪਟਾਰਾ ਪੇਂਡੂ ਖੇਤਰਾਂ ਵਿਚ ਵੀ ਇਕ ਗੰਭੀਰ ਸਮੱਸਿਆ ਬਣ ਚੁੱਕਾ ਹੈ। ਝਾਰਖੰਡ ਦੀਆਂ ਪੰਚਾਇਤਾਂ ਨੇ ਇਸਤੇਮਾਲ ਕੀਤੇ ਗਏ ਮਾਸਕ ਅਤੇ ਸੈਨਟਰੀ ਵੇਸਟ ਜਿਵੇਂ ਕਿ ਮਾਂਹਵਾਰੀ ਪੈਡਸ, ਡਾਇਪਰਸ ਆਦਿ ਦਾ ਨਿਪਟਾਰਾ ਸਥਾਨਕ ਸਹਾਇਕ ਸਿਹਤ ਐਸਓਪੀ" ਨਿਰਧਾਰਤ ਕੀਤਾ ਸੀ। ਐਸਓਪੀ ਦੇ ਅਨੁਸਾਰ, ਝਾਰਖੰਡ ਦੀਆਂ ਗ੍ਰਾਮ ਪੰਚਾਇਤਾਂ ਅਤੇ ਸਿਹਤ ਕੇਂਦਰਾਂ

ਬਣਾਇਆ ਜਾਵੇ। ਪੰਚਾਇਤਾਂ ਨੇ 15ਵੇਂ ਵਿੱਤ ਕਮਿਸ਼ਨ ਦੇ ਫੰਡਾਂ ਦਾ ਉਪਯੋਗ ਕਰਦੇ ਹੋਏ ਇਨਜੀਨਰੇਟਰ ਮਸ਼ੀਨ ਖਰੀਦੀ। ਪੰਚਾਇਤਾਂ ਵਲੋਂ ਇਨਸੀਨਰੇਟਰ ਮਸ਼ੀਨ ਦੀ ਖਰੀਦ ਦੇ ਸਬੰਧ ਵਿਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਰਾਹੀਂ ਉਪਲਬਧ ਕਰਾਏ ਗਏ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕੀਤਾ ਗਿਆ। ਜ਼ਿਆਦਾਤਰ ਪੰਚਾਇਤਾਂ ਪੰਚਾਇਤ ਸਕੂਲਾਂ ਵਿਚ ਸੈਨਟਰੀ ਨੈਪਕਿਨ ਵੇਡਿੰਗ ਮਸ਼ੀਨ ਅਤੇ ਇਨਸੀਨਰੇਟਰ ਸੰਸਥਾਪਿਤ ਕਰਵਾ ਚੁੱਕੀਆਂ ਹਨ।







ਚਿੱਤਰ 7 : ਪੰਚਾਇਤ ਸਕੂਲਾਂ ਵਿਚ ਦਾਹਿਤਰ ਅਤੇ ਸੈਨੀਟਰੀ ਨੈਪਕਿਟ ਵੈਂਡਿੰਗ ਮਸ਼ੀਨ

## ਜਨ ਯੋਜਨਾ ਅਭਿਆਨ 2021

ਜਨ ਯੋਜਨਾ ਅਭਿਆਨ 2021 ਦਾ ਸੰਚਾਲਨ ਕਾਫ਼ੀ ਉਤਸ਼ਾਹ ਦੇ ਨਾਲ ਕੀਤਾ ਗਿਆ, ਜਿਸ ਵਿਚ ਰਾਜ, ਜ਼ਿਲ੍ਹਾ ਅਤੇ ਬਲਾਕ ਅਧਿਕਾਰੀਆਂ ਵਲੋਂ ਵੱਧ ਤੋਂ ਵੱਧ ਸੰਭਵ ਸੰਖਿਆਂ ਵਿਚ ਗ੍ਰਾਮ ਸਭਾਵਾਂ ਦਾ ਦੌਰਾ ਕੀਤਾ ਗਿਆ। ਸਥਾਨਕ ਮਸ਼ਹੂਰ ਹਸਤੀਆਂ ਨੂੰ ਬ੍ਰਾਂਡ ਅੰਬੈਸਡਰ ਦੇ ਰੂਪ ਵਿਚ ਪੇਸ਼ ਕਰਕੇ ਅਤੇ ਸਬੰਧਿਤ ਵਿਭਾਗਾਂ ਦੇ ਨਾਲ ਮਜ਼ਬੂਤ ਤਾਲਮੇਲ ਬਣਾ ਕੇ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਦਾ ਉਪਯੋਗ ਸੁਨਿਸਚਿਤ ਕੀਤਾ ਗਿਆ ਹੈ।





ਚਿੱਤਰ 8 : ਜਨ ਯੋਜਨਾ ਅਭਿਆਨ 2021

**ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਵਾਸਤੇ ਪੰਚਾਇਤਾਂ ਵਿਚ ਕਮਿਊਨਿਟੀ ਲਾਇਬ੍ਰੇਰੀ ।**

ਪੰਚਾਇਤਾਂ ਵਿਚ ਕਮਿਊਨਿਟੀ ਲਾਇਬ੍ਰੇਰੀ ਦੀ ਸਥਾਪਨਾ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਦੀ ਸਹਾਇਤਾ ਵਾਸਤੇ ਕੀਤੀ ਗਈ ਹੈ ਤਾਂ ਕਿ ਉੱਤਮ ਅਤੇ ਢੁਕਵੀਂ ਕਿਤਾਬਾਂ ਵੀ ਉਪਲੱਬਧਤਾ ਦੁਆਰਾ ਉਨ੍ਹਾਂ ਨੂੰ ਚੰਗੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

ਸੂਬੇ ਵਿਚ ਅਜਿਹੀਆਂ ਵੀ ਅਨੇਕਾਂ ਪੰਚਾਇਤਾਂ ਹਨ, ਜੋ ਆਪਣੇ ਪਿੰਡਾਂ ਦੇ ਵਿਦਿਆਰਥੀਆਂ ਵਾਸਤੇ ਆਪਣੇ ਪੰਚਾਇਤ ਸਕੂਲਾਂ ਵਿਚ ਕੋਚਿੰਗ ਸੈਂਟਰ ਚਲਾਉਂਦੀਆ ਹਨ।






ਚਿੱਤਰ 10 : ਕਮਿਊਨਿਟੀ ਲਾਇਬ੍ਰੇਰੀ : ਪਿੰਡ ਪੰਚਾਇਤ ਬੇਵਾ, ਜਾਮਤਾੜਾ ਬਲਾਕ, ਜਾਮਤਾੜਾ ਜ਼ਿਲ੍ਹਾ

## ਭਾਰਤ @75 : ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਤਹਿਤ ਵੱਖ-ਵੱਖ ਗਤੀਵਿਧੀਆਂ ਦਾ ਜਸ਼ਨ

ਝਾਰਖੰਡ ਰਾਜ ਵਿਚ ਭਾਰਤ @75: ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਤਹਿਤ ਦਰਜ ਸਾਰੀਆਂ ਗਤੀਵਿਧੀਆਂ ਦਾ ਉਤਸਵ ਪੰਚਾਇਤਾਂ ਦੇ ਤਿੰਨਾਂ ਪੱਧਰਾਂ ਦੁਆਰਾ ਕਰਤੱਵ ਭਾਵ ਨਾਲ ਮਨਾਇਆ ਜਾ ਰਿਹਾ ਹੈ। ਗਤੀਵਿਧੀਆਂ ਦੀ ਇਕ ਝਲਕ ਥੱਲੇ ਦਿੱਤੀ ਗਈ ਹੈ :







# ਕਾਇਲਪਾਰਾ : ਪੰਚਾਇਤ ਦੇ ਖੁਦ ਦੇ ਮਾਲੀਏ ਦੇ ਸਰੋਤ ਵਾਸਤੇ ਗਾਈਡ

**ਸਫ਼ਲਤਾ ਦੀ ਕਹਾਣੀ**

*ਐਸਆਈਆਰਡੀ, ਓਡਿਸ਼ਾ

ਕਾਇਲਪਾਰਾ ਭਾਰਤ ਵਿਚ ਕੰਮ ਕਰਦੇ ਹਜ਼ਾਰਾਂ ਪੰਚਾਇਤਾਂ ਵਿਚੋਂ ਇਕ ਹੈ। ਕਟਕ ਜ਼ਿਲ੍ਹੇ ਦੇ ਤਾਂਗੀ-ਚੌਦਾਰ ਬਲਾਕ ਦੀ ਸਰਹੱਦ ਅੰਦਰ ਸਥਿਤ ਕਾਇਲਪਾਰਾ ਪੰਚਾਇਤ ਵਿਚ 3 ਮਾਲੀਆ ਪਿੰਡ ਅਤੇ 22 ਵਾਰਡ ਅਤੇ ਜਨਸੰਖਿਆ 6649 ਹੈ। ਇਸ ਦੇ ਸਰਪੰਚ, ਹੋਰ ਚੁਣੇ ਹੋਏ ਨੁਮਾਇੰਦਿਆਂ ਅਤੇ ਪੰਚਾਇਤ ਕਾਰਕੁੰਨਾ ਦਾ ਪੂਰਨ ਸਮਰਪਣ ਅਤੇ ਸੰਗਠਿਤ ਕੋਸ਼ਿਸ਼ ਇਸ ਨੂੰ ਖਾਸ ਬਣਾਉਂਦੇ ਹਨ।

ਪੰਚਾਇਤ ਦੇ ਰਾਜਸਵ ਦੇ ਆਪਣੇ ਸਰੋਤ ਵਧਾਉਣ ਵਿਚ ਨਵੇਂ ਰਾਹ ਤਿਆਰ ਕਰਨ ਵਾਸਤੇ ਪ੍ਰਧਾਨ ਰਸ਼ਿਮ ਰੰਜਨ ਅਤੇ ਹੋਰ ਚੁਣੇ ਹੋਏ ਨੁਮਾਇੰਦੇ ਪ੍ਰਤੀਨਿਧੀਆਂ ਦੀ ਖਾਸ ਇੱਛਾ ਸ਼ਕਤੀ ਅਤੇ ਕੰਮਾਂ ਵਿਚ ਨਵੀਨਤਾ ਦੀ ਸਭ ਜਗ੍ਹਾ ਪ੍ਰਸੰਸਾ ਕੀਤੀ ਗਈ ਹੈ।

ਰਸ਼ਿਮ ਰੰਜਨ ਮਨ ਵਿਚ ਬਚਪਨ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਸਮਾਜ ਦੀ ਸੇਵਾ ਕਰਨ ਦਾ ਭਾਵ ਰੱਖਦਾ ਸੀ। ਕਾਇਲਪਾਰਾ ਦਾ ਸਰਪੰਚ ਚੁਣੇ ਜਾਂਦੇ ਹੀ ਉਨ੍ਹਾਂ ਦਾ ਇਹ ਭਾਵ ਉਨ੍ਹਾਂ ਦੇ ਜੀਵਨ ਦਾ ਉਦੇਸ਼ ਬਣ ਗਿਆ। ਉਨ੍ਹਾਂ ਨੇ "ਅਮਾ ਪੰਚਾਇਤ, ਅਮਾ ਸਾਹਸਾ" ਜਿਸ ਦਾ ਅਰਥ ਹੈ "ਸਾਡੀ ਪੰਚਾਇਤ, ਸਾਡਾ ਸਾਹਸ" ਨਾਮਕ ਮਹਿਲਾ ਸਸ਼ਕਤੀਕਰਨ ਪਹਿਲ ਸ਼ੁਰੂ ਕਰਨ ਵਾਸਤੇ ਕੋਈ ਕੋਰ-ਕਸਰ ਬਾਕੀ ਨਾ ਛੱਡੀ।



ਗ੍ਰਾਮ ਪੰਚਾਇਤ ਦਫ਼ਤਰ ਦੇ ਅੰਦਰ ਇਕ ਗੁਦਾਮ ਸੀ, ਜਿਸ ਦਾ ਕੋਈ ਉਪਯੋਗ ਨਹੀਂ ਕੀਤਾ ਜਾਂਦਾ ਸੀ। ਇਸ ਗੁਦਾਮ ਨੂੰ ਪੜ੍ਹੇ ਲਿਖੇ ਅਤੇ ਬੇਰੁਜ਼ਗਾਰ ਨੌਜਵਾਨਾਂ ਦੀ ਸਮਰੱਥਾ ਨਿਰਮਾਣ ਦੇ ਸੁਸਾਧੀਕਰਨ ਵਾਸਤੇ ਸਿਖਲਾਈ ਕੇਂਦਰ ਦੇ ਰੂਪ ਵਿਚ ਬਦਲ ਦਿੱਤਾ ਗਿਆ। ਇਥੇ ਉਭਰਦੇ ਓਡਿਸੀ ਡਾਂਸਰਾਂ ਦਾ ਕਲਾਤਮਕ ਹੁਨਰ ਟ੍ਰੇਂਡ ਸਿਖਲਾਈ ਪ੍ਰਾਪਤ ਗੁਰੂਆਂ ਰਾਹੀਂ ਨਿਖਾਰਿਆ ਜਾਂਦਾ ਹੈ। ਕਾਇਲਪਾਰਾ ਗ੍ਰਾਮ ਪੰਚਾਇਤ ਦੀ ਅਟੁੱਟ ਅਤੇ ਸਮਰਪਿਤ ਕੋਸ਼ਿਸ਼ ਨੌਜਵਾਨਾਂ ਅਤੇ ਮਹਿਲਾ ਸਸ਼ਕਤੀਕਰਨ ਨੂੰ ਵਧਾਵਾ ਦੇਣ ਦੇ ਨਾਲ ਕੇਂਦਰ ਦੇ ਮਕਾਨ ਕਿਰਾਏ ਨਾਲ ਗ੍ਰਾਮ ਪੰਚਾਇਤ ਦੀ ਆਮਦਨ ਵਿਚ ਰੁਪਏ 2,500 ਦਾ ਵਾਧਾ ਵੀ ਕਰ ਰਹੇ ਹਨ। ਇਸੇ ਪ੍ਰਕਾਰ ਗ੍ਰਾਮ ਪੰਚਾਇਤ ਦਾ ਇੱਕ ਹਿੱਸਾ ਏਟੀਐਮ ਅਤੇ ਮੋਬਾਈਲ ਟਾਵਰ ਵਾਸਤੇ ਦੇ ਕੇ ਰੁਪਏ 12000 ਅਤੇ ਰੁਪਏ 1000 ਲੜੀਵਾਰ ਦਾ ਸਾਲਾਨਾ ਮਾਲੀਆ ਵਧਾਇਆ ਗਿਆ ਹੈ।

ਪੰਚਾਇਤ ਨੇ ਉਚਿਤ ਵਿੱਤੀ ਪ੍ਰਬੰਧਨ ਦੀ ਖੋਜ ਵਿਚ ਇਹ ਮਹਿਸੂਸ




ਕੀਤਾ ਕਿ ਪੰਚਾਇਤ ਦਾ ਭਵਿੱਖ ਸਰਕਾਰੀ ਗ੍ਰਾਂਟਾਂ ਨਾਲ ਨਹੀਂ, ਸਗੋਂ ਇਸ ਦੇ ਆਪਣੇ ਪੈਦਾ ਕੀਤੇ ਹੋਏ ਮਾਲੀਏ ਨਾਲ ਉਜਵਲ ਕੀਤਾ ਜਾ ਸਕਦਾ ਹੈ। ਇਸ ਲਈ ਉਨ੍ਹਾਂ ਨੇ ਪੰਚਾਇਤ ਦੇ ਪੰਜ ਤਾਲਾਬਾਂ ਤਿੰਨ ਹੋਰ ਪਾਣੀ ਦੀਆਂ ਇਕਾਈਆਂ ਦੇ ਲਈ ਨਿਲਾਮੀ ਦੀ ਵਿਵਸਥਾ ਕਰਕੇ ਰੁਪਏ 4,27,000/- ਦੀ ਰਕਮ ਇੱਕਠੀ ਕੀਤੀ ਅਤੇ ਵਿੱਤ ਕਮਿਸ਼ਨ ਦੀ ਗ੍ਰਾਂਟ ਰਾਸ਼ੀ ਨਾਲ ਇਕ ਮਾਰਕੀਟ ਕੰਪਲੈਕਸ ਦਾ ਨਿਰਮਾਣ ਕਰਵਾ ਕੇ ਦੁਕਾਨਾਂ ਦੇ ਕਿਰਾਏ ਦੇ ਰੂਪ ਵਿਚ ਰੁਪਏ 36,000/- ਦੀ ਆਮਦਨ ਸੁਨਿਸਚਿਤ ਕੀਤੀ। ਗ੍ਰਾਮ ਪੰਚਾਇਤ ਇਕ ਹਫ਼ਤਾਵਾਰੀ ਬਾਜ਼ਾਰ (ਹਾਟ)

*ਐਸਆਈਆਰਡੀ, ਓਡਿਸ਼ਾ ਤੋਂ ਪ੍ਰਾਪਤ ਜਾਣਕਾਰੀ



ਦੀ ਵਿਵਸਥਾ ਕਰਕੇ ਹਾਟ ਵਿਚ ਆਪਣੇ ਉਤਪਾਦ ਵੇਚਣ ਵਾਲੇ 36 ਵਿਕ੍ਰੇਤਾਵਾਂ ਤੋਂ ਰੁਪਏ 6,600/- ਦੀ ਆਮਦਨ ਹਾਸਲ ਕਰ ਰਹੀ ਹੈ। ਨੁਆਪਟਨਾ ਮਾਲੀਆ-ਪਿੰਡ ਦੇ 45 ਘਰਾਂ ਨੂੰ ਟੂਟੀ ਪਾਣੀ ਸਪਲਾਈ ਨਾਲ ਜੋੜ ਕੇ ਉਨ੍ਹਾਂ ਤੋਂ ਰੁਪਏ 3,550/- ਦਾ ਖਪਤਕਾਰ ਫੀਸ ਪ੍ਰਾਪਤ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਫਲਾਈ ਐਸ਼ ਇੱਟ ਭੱਠਾ ਤੋਂ ਰੁਪਏ 2000/- ਹਰੇਕ ਕੋਇਲਾ ਡਿਪੂ, ਹੋਟਲ ਅਤੇ ਦਵਾਈ ਦੁਕਾਨਾਂ ਆਦਿ ਤੋਂ ਰੁਪਏ  1,000/- ਦੀ ਪ੍ਰਾਪਤੀ ਨਾਲ ਗ੍ਰਾਮ ਪੰਚਾਇਤ ਤੋਂ ਕੁਲ ਰੁਪਏ 25,000/- ਸਾਲਾਨਾ ਆਮਦਨ ਹੋ ਰਹੀ ਹੈ। ਗ੍ਰਾਮ ਪੰਚਾਇਤ ਸਥਾਨਕ ਨੌਜਵਾਨਾਂ ਨੂੰ ਯੂਟਿਊਬ ਦੇ ਮਾਧਿਅਮ ਨਾਲ ਮੱਛੀ ਪਾਲਣ ਅਤੇ ਮੁਰਗੀ ਪਾਲਣ ਦੀ ਸਿਖਲਾਈ ਪ੍ਰਦਾਨ ਕਰ ਰਹੀ ਹੈ ਅਤੇ ਭਾਗ ਲੈਣ ਵਾਲਿਆਂ ਕੋਲੋਂ ਰੁਪਏ 1,000/- ਸਾਲਾਨਾ ਫੀਸ ਹਾਸਲ ਕਰ ਰਹੀ ਹੈ।2020-21 ਦੀ ਮਿਆਦ ਵਿਚ ਕੋਵਿਡ ਮਹਾਂਮਾਰੀ ਦੇ ਕਾਰਨ ਇਸ ਸਰੋਤ ਤੋਂ ਕੋਈ ਆਮਦਨ ਪ੍ਰਾਪਤ ਨਹੀਂ ਕੀਤੀ ਜਾ ਸਕੀ। ਗ੍ਰਾਮ ਪੰਚਾਇਤ ਖੇਤਰ ਦੇ ਅੰਦਰ ਕੈਂਸਰ ਹਸਪਤਾਲ ਨੂੰ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਦੇ ਕੇ ਰੁਪਏ 2 ਲੱਖ 41 ਹਜ਼ਾਰ ਪ੍ਰਾਪਤ ਕੀਤੇ ਹਨ। ਗ੍ਰਾਮ ਪੰਚਾਇਤ ਨੇ ਇਕ ਪੇਪਰ ਪਲੇਟ ਨਿਰਮਾਣ ਯੂਨਿਟ ਵੀ ਸਥਾਪਿਤ ਕੀਤਾ ਹੈ, ਜਿਸ ਵਿਚ ਸਮਾਜ ਦੀਆਂ 8 ਬੇਸਹਾਰਾਂ ਔਰਤਾਂ ਨੂੰ ਇਕ ਸਥਾਈ ਆਮਦਨ ਦਾ ਸਾਧਨ ਪ੍ਰਦਾਨ ਕਰਨ ਦੇ ਇਲਾਵਾ ਰੁਪਏ 5,000/- ਦੀ ਆਮਦਨ ਵੀ ਪ੍ਰਾਪਤ ਕੀਤੀ ਜਾ ਰਹੀ ਹੈ। ਰਸ਼ਿਮ ਰੰਜਨ ਰਾਹੀਂ ਅਹੁਦਾ ਸੰਭਾਲੇ ਜਾਂਦੇ ਸਮੇਂ ਪੰਚਾਇਤੀ ਫੰਡ ਰੁਪਏ 31,530/- ਸੀ ਅਤੇ ਚਾਰ ਸਾਲਾਂ ਦੇ ਸਮੇਂ ਦੌਰਾਨ ਚਮਤਕਾਰੀ ਢੰਗ ਨਾਲ ਵੱਧ ਕੇ ਰੁਪਏ 8 ਲੱਖ ਹੋ ਗਿਆ ਹੈ।

2020-21 ਦੌਰਾਨ ਕਾਇਲਪਾਰਾ ਗ੍ਰਾਮ ਪੰਚਾਇਤ ਦੀ ਓਐਸਆਰ ਦੀ ਇਕ ਝਲਕ

| ਲੜੀ ਨੰ | ਮਾਲੀਏ ਦਾ ਸਾਧਨ | ਸਾਲਾਨਾ ਆਮਦਨ (2018-19) ਰੁਪਏ ਵਿਚ |
|---|---|---|
| 1 | ਪੰਚਾਇਤ ਸਿਲਖਾਈ ਕੇਂਦਰ | 2,500 |
| 2 | ਏਟੀਐਮ | 12,000 |
| 3 | 5 ਪੰਚਾਇਤ ਤਲਾਬਾਂ ਅਤੇ 3 ਹੋਰ ਛੱਪੜਾਂ ਦੀ ਨਿਲਾਮੀ | 4,27,000 |
| 4 | ਪੰਚਾਇਤ ਮਾਰਕੀਟ ਕੰਪਲੈਕਸ | 36,000 |
| 5 | ਹਫ਼ਤਾਵਾਰੀ ਬਜ਼ਾਰ | 6,600 |
| 6 | ਪੀਣ ਵਾਲੇ ਪਾਣੀ ਦੀ ਸਪਲਾਈ | 3,550 |
| 7 | ਫਲਾਈ ਐਸ਼ ਇੱਟ ਭੱਠਾ, ਕੋਇਲਾ ਡਿਪੂ, ਦਵਾਈ ਦੀ ਦੁਕਾਨ, ਹੋਟਲ ਅਤੇ ਮੋਬਾਈਲ ਟਾਵਰ ਤੋਂ ਪ੍ਰਾਪਤ ਕੀਤੀ ਗਈ ਫੀਸ | 25,000 |
| 8 | ਪੇਪਰ ਪਲੇਟ ਨਿਰਮਾਣ ਯੂਨਿਟ ਤੋਂ ਆਮਦਨ | 5,000 |
| | ਕੁੱਲ | 5,17,650 |

ਇਸ ਦੇ ਇਲਾਵਾ, ਗ੍ਰਾਮ ਪੰਚਾਇਤ ਨੇ ਨੁਆਪਟਨਾ ਪਿੰਡ ਦੇ ਅਧੀਨ ਆਉਣ ਵਾਲੀ 22 ਏਕੜ ਪਹਾੜੀ ਬੰਜਰ ਧਰਤੀ 'ਤੇ ਵੱਡੇ ਪੈਮਾਨੇ 'ਤੇ ਕਾਜੂ ਵੀ ਲਗਵਾਇਆ ਹੈ। ਹਾਲਾਂਕਿ ਇਸ ਤੋਂ ਮਾਲੀਆ ਮਿਲਣਾ ਅਜੇ ਸ਼ੁਰੂ ਨਹੀਂ ਹੋਇਆ ਹੈ, ਫਿਰ ਵੀ ਆਉਣ ਵਾਲੇ ਸਮੇਂ ਵਿਚ ਗ੍ਰਾਮ ਪੰਚਾਇਤ ਦੀ ਝੋਲੀ ਵਿਚ ਭਾਰੀ ਵਾਧੇ ਦੇ ਸੰਕੇਤ ਮਿਲ ਚੁੱਕੇ ਹਨ। ਸਰਪੰਚ ਰਸ਼ਿਮ ਰੰਜਨ ਨੇ ਪਿੰਡ ਵਾਸੀਆਂ ਦੇ ਪੂਰੇ ਦਿਲ ਨਾਲ ਦਿੱਤੇ ਸਮਰਥਨ ਤੋਂ ਉਤਸ਼ਾਹਿਤ ਹੋ ਕੇ 2021-22 ਦੇ ਲਈ ਗ੍ਰਾਮ ਪੰਚਾਇਤ ਦੀ ਸਾਲਾਨਾ ਕਾਰਜ ਯੋਜਨਾ ਵਿਚ ਨਵੀਂ ਮਾਰਕੀਟ ਕੰਪਲੈਕਸ, ਕਲਿਆਣ ਮੰਡਮ, ਸੁਲਭ ਸ਼ੌਚਾਲਿਆ ਦੇ ਨਿਰਮਾਣ, ਪੰਚਾਇਤੀ ਤਲਾਬਾਂ ਦੇ ਮੁੜ ਨਵੀਨੀਕਰਨ ਵਰਗੇ ਅਭਿਲਾਸ਼ੀ ਪ੍ਰੋਜੈਕਟਾਂ ਨੂੰ ਸ਼ਾਮਿਲ ਕੀਤਾ ਹੈ। ਉਨਾਂ ਦੇ ਅਟੁੱਟ ਜਨੂਨ ਅਤੇ ਯਤਨਾਂ ਨੇ ਲੋਕਾਂ ਦੇ ਮਨ ਵਿਚ ਇਕ ਨਵਾਂ ਸੂਰਜ ਚੜ੍ਹਨ ਦੀਆਂ ਨਵੀਆਂ ਉਮੰਗਾਂ ਨੂੰ ਜਨਮ ਦਿੱਤਾ ਹੈ।

# ਸਰਪੰਚ ਦੀਦੀ ਦੇ ਸ਼ਬਦ

**ਅੰਮ੍ਰਿਤ ਮਹੋਤਸਵ ਪਰ ਬਣਾਉਣਾ ਹੈ ਨਯਾ ਲਕਸ਼ੇ, ਆਪਣੇ ਗਾਂਵ ਦਾ ਪਰਿਵਰਤਿਤ ਹੋ ਪਰਿਦ੍ਰਿਸ਼ਯ**

**ਸਰਪੰਚ ਦੀਦੀ** - ਤੁਹਾਨੂੰ ਸਾਰਿਆਂ ਨੂੰ ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਦੀਆਂ ਮੁਬਾਰਕਾਂ।

**ਪਿੰਡ ਵਾਸੀ** - ਅੰਮ੍ਰਿਤ ਮਹੋਤਸਵ, ਇਹ ਕੀ ਹੁੰਦਾ ਹੈ ਸਰਪੰਚ ਦੀਦੀ ?

**ਸਰਪੰਚ ਦੀਦੀ** - ਇਹ ਹੈ ਬੜੇ ਗਰਵ ਦੀ ਬਾਤ, ਸਾਡੇ ਦੇਸ਼ ਨੂੰ ਸੁਤੰਤਰ ਹੋਏ ਹੋ ਗਏ 75 ਸਾਲ।

**ਪਿੰਡ ਵਾਸੀ** - ਵਾਹ, ਫਿਰ ਤਾਂ ਉਤਸਵ ਮਨਾਉਣਾ ਚਾਹੀਦਾ।

**ਸਰਪੰਚ ਦੀਦੀ** - ਉਤਸਵ ਵੀ ਮਨਾਵਾਂਗੇ ਅਤੇ ਆਉਣ ਵਾਲੇ ਕੱਲ੍ਹ ਦੇ ਲਈ ਨਵੇਂ ਲਕਸ਼ੇ-ਨਵੇਂ ਸੰਕਲਪ ਵੀ ਨਿਰਧਾਰਿਤ ਕਰਾਂਗੇ।

**ਪਿੰਡ ਵਾਸੀ** - ਕਿਸ ਤਰ੍ਹਾਂ ਦੇ ਉਦੇਸ਼ ਸਰਪੰਚ ਦੀਦੀ ?

**ਸਰਪੰਚ ਦੀਦੀ** - ਸਾਨੂੰ ਆਪਣੇ ਪਿੰਡ ਦੀ ਕਾਇਆਕਲਪ ਕਰਨ ਲਈ, ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਦਾ

ਉਠਾਉਣਾ ਹੈ ਬਿਹਤਰ ਲਾਭ। ਸਭ ਤੋਂ ਪਹਿਲਾਂ ਤਾਂ ਜਨ ਯੋਜਨਾ ਅਭਿਆਨ ਦੇ ਮਾਧਿਅਮ ਨਾਲ ਗ੍ਰਾਮ ਸਭਾ ਵਚ ਸਭ ਦੀ ਸਹਿਮਤੀ ਨਾਲ ਬਣਾਉਣਾ ਹੈ ਆਪਣੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ। ਇਸ ਯੋਜਨਾ ਵਿਚ ਹੋਵੇਗਾ ਆਪਣੇ ਪਿੰਡ ਦੇ ਵਿਕਾਸ ਦਾ ਇਕ ਸਾਲ ਦਾ ਪੂਰਾ ਖਾਕਾ।

**ਪਿੰਡ ਵਾਸੀ** - ਜੀ ਦੀਦੀ

**ਸਰਪੰਚ ਦੀਦੀ** - ਪੰਚਾਇਤ ਦੇ ਆਪਣੇ ਮਾਲੀਏ ਸਰੋਤ ਹੋਣ, ਆਪਣੀ ਕਮਾਈ ਨਾਲ ਅਸੀਂ ਕਰ ਸਕੀਏ ਪਿੰਡ ਵਿਚ ਵਿਕਾਸ ਦੇ ਕੰਮ, ਇਸ 'ਤੇ ਵੀ ਦੇਣਾ ਹੋਵੇਗਾ ਸਾਨੂੰ ਸਾਰਿਆਂ ਨੂੰ ਧਿਆਨ।

**ਪਿੰਡ ਵਾਸੀ** - ਅਰੇ ਵਾਹ, ਇਹ ਤਾਂ ਬਹੁਤ ਚੰਗੀ ਪਹਿਲ ਹੈ।

**ਸਰਪੰਚ ਦੀਦੀ** - ਆਜ਼ਾਦੀ ਦੇ 75 ਸਾਲ ਤੇ ਹੋਵੇ ਕੁਝ ਖਾਸ, ਇਸ ਲਈ ਪਿੰਡ ਵਿਚ ਸਵੱਛਤਾ, ਪੀਣ ਵਾਲੇ ਪਾਣੀ, ਸਿੱਖਿਆ ਅਤੇ ਕੁਪੋਸ਼ਣ 'ਤੇ ਵੀ ਦੇਣਾ ਹੈ ਗੰਭੀਰਤਾ ਨਾਲ ਧਿਆਨ।

ਇਹ ਤਾਂ ਹੋਏ ਸਾਡੇ ਸੰਕਲਪ, ਹੁਣ ਆਜ਼ਾਦੀ ਦੇ ਅੰਮ੍ਰਿਤ ਮਹੋਤਸਵ 'ਤੇ ਸਾਨੂੰ ਹਰ ਮਹੀਨੇ ਕਰਨਾ ਹੈ ਪਿੰਡ ਵਿਚ ਕੋਈ ਆਯੋਜਨ ਵੀ।

ਗਾਂਵ ਬੜੇ ਆਗੇ ਔਰ ਗ੍ਰਾਮਪਾਸੀ ਰਹੇਂ ਮਿਲਜੁਲ ਕਰ
ਆਓ ਲੇਂ ਯਹੀਂ ਸੰਕਲਪ ਹਮ ਅੰਮ੍ਰਿਤ ਮਹੋਤਸਵ ਪਰ

# "ਸਵਾਮਿਤਵ" ਪੇਂਡੂ ਭਾਰਤ ਨੂੰ ਆਤਮ-ਨਿਰਭਰ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਏਗਾ : ਗਿਰੀਰਾਜ ਸਿੰਘ

**ਕੇਂਦਰੀ ਮੰਤਰੀ ਸ੍ਰੀ ਗਿਰੀਰਾਜ ਸਿਘ ਨੇ ਸਵਾਮਿਤਵ ਸਕੀਮ 'ਤੇ ਰਾਸ਼ਟਰੀ ਬੈਠਕ ਦਾ ਕੀਤਾ ਉਦਘਾਟਨ**

ਕੇਂਦਰੀ ਪੰਚਾਇਤੀ ਰਾਜ ਅਤੇ ਪੇਂਡੂ ਵਿਕਾਸ ਮੰਤਰੀ ਸ੍ਰੀ ਗਿਰੀਰਾਜ ਸਿੰਘ ਨੇ 14 ਸਤੰਬਰ, 2021 ਨੂੰ ਸਕੋਪ ਕਨਵੈਨਸ਼ਨ ਸੈਂਟਰ, ਸਕੋਪ ਕੰਪਲੈਕਸ, ਨਵੀਂ ਦਿੱਲੀ ਵਿਚ "ਸਵਾਮਿਤਰ ਸਕੀਮ : ਪੇਂਡੂ ਅਰਥਵਿਵਸਥਾ ਦੀ ਤਰੱਕੀ ਦੀ ਦਿਸ਼ਾ ਵਿਚ ਇਕ ਆਧਾਰ-ਸੋਪਾਨ" 'ਤੇ ਇਕ ਰਾਸ਼ਟਰੀ ਮੀਟਿੰਗ ਦਾ ਉਦਘਾਟਨ ਕੀਤਾ। ਕੇਂਦਰੀ ਮੰਤਰੀ ਰਾਹੀਂ ਯੋਜਨਾ ਲਾਗੂ ਕਰਨ ਦੇ ਨਿਗਰਾਨੀ ਵਾਸਤੇ ਡੈਸ਼ ਬੋਰਡ (https://svamitva.nic.in/) ਦੀ ਵੀ ਸ਼ੁਰੂਆਤ ਕੀਤੀ ਗਈ।

ਸ੍ਰੀ ਗਿਰੀਰਾਜ ਸਿੰਘ ਨੇ ਆਪਣੇ ਉਦਘਾਟਨ ਸੰਬੋਧਨ ਵਿਚ ਸੂਬਿਆਂ ਕੋਲੋਂ ਸਵਾਮਿਤਵ ਸਕੀਮ ਨੂੰ ਲਾਗੂ ਕਰਨ ਵਾਸਤੇ ਨਿਰਧਾਰਤ ਸਮੇਂ ਸੀਮਾ ਸਾਲ 2024 ਤੋਂ ਪਹਿਲਾਂ ਪੂਰਾ ਕਰਨ ਦਾ ਸੱਦਾ ਦਿੱਤਾ। ਕੇਂਦਰੀ ਮੰਤਰੀ ਨੇ ਇਸ ਨੂੰ ਇਕ ਚੁਣੌਤੀ ਮੰਨਣ ਨੂੰ ਕਿਹਾ ਅਤੇ ਭਰੋਸਾ ਦਿਵਾਇਆ ਕਿ ਕੇਂਦਰ ਸਰਕਾਰ ਟੀਚਾ ਪੂਰਾ ਕਰਨ ਵਾਸਤੇ ਸਾਰੀ ਜ਼ਰੂਰੀ ਸਹਾਇਤਾ ਪ੍ਰਦਾਨ ਕਰੇਗੀ।

ਸ੍ਰੀ ਗਿਰੀਰਾਜ ਸਿੰਘ ਨੇ ਇਸ ਮੌਕੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਇਕ ਆਤਮ-ਨਿਰਭਰ ਬਣਾਉਣ ਦਾ ਸੰਕਲਪ ਲਿਆ ਹੈ ਅਤੇ ਸਵਾਮਿਤਵ ਸਕੀਮ ਪਿੰਡਾਂ ਨੂੰ ਆਤਮ-ਨਿਰਭਰ ਬਣਾਉਣ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੈ। ਕੇਂਦਰੀ ਮੰਤਰੀ ਨੇ ਪ੍ਰਧਾਨ ਮੰਤਰੀ ਵਲੋਂ ਆਜ਼ਾਦੀ ਦਿਵਸ ਦੇ ਮੌਕੇ ਉਨ੍ਹਾਂ ਦੇ ਭਾਸ਼ਨ ਵਿਚ ਸਵਾਮਿਤਵ ਸਕੀਮ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਪ੍ਰਧਾਨ ਮੰਤਰੀ ਦੀ ਦੂਰ ਦ੍ਰਿਸ਼ਟੀ ਹੈ ਕਿ ਉਨ੍ਹਾਂ ਨੇ ਪੇਂਡੂ ਭਾਰਤ ਦੀ ਬਿਹਤਰੀ ਵਾਸਤੇ ਤਕਨੌਲਜ਼ੀ ਅਤੇ ਡੇਟਾ ਦੇ ਉਪਯੋਗ ਕਰਨ 'ਤੇ ਵਿਚਾਰ ਕੀਤਾ। ਉਨ੍ਹਾਂ ਨੇ ਦੱਸਿਆ ਕਿ ਤਕਨਾਲੋਜ਼ੀ ਅਤੇ ਡੇਟਾ ਦੇ ਉਪਯੋਗ ਨਾਲ ਪੇਂਡੂ ਭਾਰਤ ਜ਼ਿਆਦਾ ਪਾਰਦਰਸ਼ੀ ਬਣੇਗਾ। ਕੇਂਦਰੀ ਮੰਤਰੀ ਨੇ ਸੂਬਿਆਂ ਨੂੰ ਸਵਾਮਿਤਰ ਸਕੀਮ ਦੇ ਲਾਗੂ ਕਰਨ ਵਿਚ ਪੰਚਾਇਤਾਂ ਦੀ ਭੂਮਿਕਾ ਵਧਾਉਣ ਦੀ ਸਲਾਹ ਵੀ ਦਿੱਤੀ।

ਕੇਂਦਰੀ ਮੰਤਰੀ ਨੇ ਸਵਾਮਿਤਵ ਸਕੀਮ ਦੇ ਮਹੱਤਵ ਦੇ ਬਾਰੇ ਵਿਚ ਬੋਲਦੇ ਹੋਏ ਕਿਹਾ ਕਿ ਸਵਾਮਿਤਵ ਸਕੀਮ ਨਾਲ ਪੇਂਡੂਆਂ ਵਿਚ ਸਵਾਮਿਤਵ ਦੀ ਭਾਵਨਾ ਪੈਦਾ ਹੋਵੇਗੀ ਅਤੇ ਉਹ ਸਵਾਮਿਤਵ ਕਾਰਡ ਦੇ ਆਧਾਰ 'ਤੇ ਕਰਜ਼ਾ ਪ੍ਰਾਪਤ ਕਰ ਸਕਣਗੇ। ਸ੍ਰੀ ਸਿੰਘ ਨੇ ਸਕੀਮ ਦੇ ਅਧੀਨ ਉਪਲਬਧੀਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਵਾਮਿਤਵ ਸਕੀਮ ਆਤਮ ਨਿਰਭਰ ਪੇਂਡੂ ਭਾਰਤ ਦੇ ਨਿਰਮਾਣ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਕੇਂਦਰੀ ਪੰਚਾਇਤੀ ਰਾਜ ਮੰਤਰੀ ਨੇ ਡਰੋਨ, ਜੋ ਕਿ ਸਕੀਮ ਦੇ ਨਤੀਜੇ ਹਾਸਲ ਕਰਨ ਵਾਸਤੇ ਮਹੱਤਵਪੂਰਨ ਉਪਕਰਨ ਹੈ, ਦੇ ਵਿਵੇਕਪੂਰਨ ਉਪਯੋਗ ਦੀ ਜ਼ਰੂਰ 'ਤੇ ਜ਼ੋਰ ਦਿੱਤਾ ਅਤੇ ਸੂਬਿਆਂ ਤੋਂ ਘੱਟ ਤੋਂ ਘੱਟ 5 ਗ੍ਰਾਮ ਪ੍ਰਤੀ ਡਰੋਨ ਟੀਮ ਪ੍ਰਤੀ ਦਿਨ ਦੀ ਵਿਵਸਥਾ ਕਰਨ ਦਾ ਸੱਦਾ ਦਿੱਤਾ। ਕੇਂਦਰੀ ਮੰਤਰੀ ਪੰਚਾਇਤੀ ਰਾਜ ਵਲੋਂ ਇਸ ਨੂੰ ਸਾਕਾਰ ਕਰਨ ਦੇ ਲਈ ਸੂਬਿਆਂ ਕੋਲੋਂ ਭੌਂ-ਤਸਦੀਕ ਦੇ ਲਈ ਫੀਚਰ ਆਧਾਰਿਤ ਮਾਨਚਿੱਤਰ ਉਪਲਬਧ ਕਰਵਾਉਣ ਵਾਸਤੇ 15 ਦਿਨ ਦੀ ਸਮਾਂ ਸੀਮਾ ਦਾ ਪਾਲਣ ਕਰਨ ਦਾ ਸੱਦਾ ਦਿੱਤਾ। ਇਸੇ ਤਰ੍ਹਾਂ ਸੂਬਿਆਂ ਨੂੰ ਉਕਤ ਭੌਂ-ਤਸਦੀਕ ਮਾਨਚਿੱਤਰ ਭਾਰਤੀ ਸਰਵੇਖਣ ਨੂੰ ਵਾਪਸ ਸੌਂਪਣ ਵਾਸਤੇ 30 ਦਿਨ ਦੀ ਸਮਾਂ ਸੀਮਾ ਦਾ ਵੀ ਪਾਲਣ ਕਰਨਾ ਚਾਹੀਦਾ।

ਕੇਂਦਰੀ ਪੰਚਾਇਤੀ ਰਾਜ ਰਾਜ ਮੰਤਰੀ ਸ੍ਰੀ ਕਪਿਲ ਮੋਰੇਸ਼ਵਰ ਪਾਟਿਲ ਨੇ ਵੀ ਨਿਰਧਾਰਿਤ ਸਮਾਂ ਸੀਮਾ ਤੋਂ ਪਹਿਲਾਂ ਟੀਚਾ ਹਾਸਲ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਸੰਕਲਪ ਪਿੰਡਾਂ ਨੂੰ ਆਤਮ ਨਿਰਭਰ ਬਣਾਉਣਾ ਹੈ ਅਤੇ ਸਾਨੂੰ ਇਸ ਨੂੰ ਹਾਸਲ ਕਰਨ ਵਿਚ ਆਪਣਾ ਯੋਗਦਾਨ ਦੇਣਾ ਹੋਵੇਗਾ। ਉਨ੍ਹਾਂ ਨੇ ਗ੍ਰਾਮ ਪੰਚਾਇਤਾ ਵਲੋਂ ਮਾਲੀਏ ਦੇ ਆਪਣੇ ਖ਼ੁਦ ਦੇ ਸਰੋਤ (ਓਐਸਆਰ) ਟੈਕਸ ਇਕੱਠਾ ਕਰਨ ਦੇ ਹੇਠ ਪੱਧਰ ਨੂੰ ਉਜਾਗਰ ਕੀਤਾ। ਮਹਾਰਾਸ਼ਟਰ ਨੇ ਰਾਜ ਵਿਚ ਸੰਵਿਤਰਿਤ ਸੰਪਤੀ ਕਾਰਡ (ਸਨਦ) 'ਤੇ ਨਾਅਮਾਤਰ ਫੀਸ ਲਗਾ ਕੇ ਆਪਣੇ ਓਐਸਆਰ ਪ੍ਰਾਪਰਟੀ ਟੈਕਸ ਇਕੱਠ ਵਿਚ ਵਾਧਾ ਕੀਤਾ ਹੈ। ਰਾਜ ਓਐਸਆਰ ਟੈਕਸ ਵਧਾਉਣ ਵਾਸਤੇ ਸਵਾਮਿਤਵ ਸਕੀਮ ਦਾ ਸਹਾਰਾ ਲੈ ਸਕਦੇ ਹਨ, ਜਿਥੇ ਕਿਤੇ ਗ੍ਰਾਮ ਪੰਚਾਇਤਾਂ ਨੂੰ ਅਜਿਹਾ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

ਕੇਂਦਰੀ ਪੇਂਡੂ ਵਿਕਾਸ ਰਾਜ ਮੰਤਰੀ ਸ੍ਰੀਸ੍ਰੀ ਸਾਧਵੀ ਨਿਰੰਜਨ ਜੋਤੀ ਨੇ ਕਿਹਾ ਕਿ ਸਵਾਮਿਤਵ ਸਕੀਮ ਗ੍ਰਾਮੀਣ ਵਿਕਾਸ ਵਿਚ ਅਤੇ ਪੇਂਡੂ ਲੋਕਾਂ ਨੂੰ ਆਤਮ-ਨਿਰਭਰ ਬਣਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾਏਗੀ। ਕੇਂਦਰੀ ਪੇਂਡੂ ਵਿਕਾਸ ਰਾਜ ਮੰਤਰੀ ਸ੍ਰੀ ਫੱਗਣ ਸਿੰਘ ਕੁਲਸਤੇ ਨੇ ਸਾਰੇ ਸੂਬਿਆਂ ਨੂੰ ਇਹ ਸਕੀਮ ਆਪਣੇ ਸੂਬਿਆਂ ਵਿਚ ਜਲਦੀ ਤੋਂ ਜਲਦੀ ਲਾਗੂ ਕਰਨ ਦੀ ਬੇਨਤੀ ਕੀਤੀ।

ਇਸ ਮੌਕੇ ਸ੍ਰੀ ਸੁਨੀਲ ਕੁਮਾਰ, ਸਕੱਤਰ ਪੰਚਾਇਤੀ ਰਾਜ ਮੰਤਰਾਲਾ, ਸ੍ਰੀ ਅਜੈ ਟਿਰਕੀ ਸਕੱਤਰ ਭੌਂ ਸੰਸਾਧਨ ਵਿਭਾਗ, ਸ੍ਰੀ ਨਵੀਨ ਤੋਮਰ ਭਾਰਤ ਦੇ ਮਹਾਸਰਵੇਖਸ਼ਕ ਭਾਰਤ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਅਤੇ ਰਾਜ ਸਰਕਾਰਾਂ ਦੇ ਪ੍ਰਤੀਨਿਧੀਆਂ ਸਮੇਤ ਹਾਜ਼ਰ ਸਨ। ਇਸ ਸੰਮੇਲਨ ਵਿਚ 26 ਰਾਜਾਂ ਅਤੇ ਸੰਘੀ ਖੇਤਰ ਭਾਰਤੀ ਸਰਵੇਖਣ ਅਤੇ ਕੇਂਦਰੀ ਮੰਤਰਾਲਾ ਦੇ 60 ਤੋਂ ਜ਼ਿਆਦਾ ਅਧਿਕਾਰੀਆਂ ਨੇ ਭਾਗ ਲਿਆ। ਭੌਂ ਸੰਸਾਧਨ ਵਿਭਾਗ, ਨਾਗਰ ਵਿਮਾਨਨ ਮੰਤਰਾਲਾ, ਨੀਤੀ ਆਯੋਗ, ਪੇਂਡੂ ਵਿਭਾਗ ਮੰਤਰਾਲਾ ਦੇ ਸੀਨੀਅਰ ਅਧਿਕਾਰੀ ਪ੍ਰੋਗਰਾਮ ਵਿਚ ਹਾਜ਼ਰ ਸਨ।



# ਸ੍ਰੀ ਗਿਰੀਰਾਜ ਸਿੰਘ ਵਲੋਂ ਪੰਚਾਇਤੀ ਰਾਜ ਸੰਸਥਾਵਾਂ ਦੇ ਮਾਧਿਅਮ ਨਾਲ 'ਟਿਕਾਊ ਵਿਕਾਸ ਟੀਚਿਆਂ (ਐਸਡੀਜ਼ੀ) ਦਾ ਸਥਾਨਕੀਕਰਨ" ਰਿਪੋਰਟ ਜਾਰੀ

ਸ੍ਰੀ ਗਿਰੀਰਾਜ ਸਿੰਘ, ਕੇਂਦਰੀ ਮੰਤਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਨੇ "ਪੰਚਾਇਤੀ ਰਾਜ ਸੰਸਥਾਵਾਂ ਦੇ ਮਾਧਿਅਮ ਨਾਲ ਟਿਕਾਊ ਵਿਕਾਸ ਟੀਚਿਆਂ (ਐਸਡੀਜੀ) ਦਾ ਸਥਾਨੀਕਰਨ" 'ਤੇ ਰਿਪੋਰਟ 07-12-2021 ਨੂੰ ਪੰਚਾਇਤੀ ਰਾਜ ਮੰਤਰੀ ਸ੍ਰੀ ਕਪਿਲ ਮੋਰੇਸ਼ਵਰ ਪਾਟਿਲ ਦੀ ਹਾਜ਼ਰੀ ਵਿਚ ਜਾਰੀ ਕੀਤੀ।

ਇਸ ਮੌਕੇ ਕੇਂਦਰੀ ਮੰਤਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਲੋਂ ਦੋ ਸਮਰਪਿਤ ਡੈਸ਼ਬੋਰਡਸ਼ ਨਾਮਕ (i) ਜੀਪੀਡੀਪੀ ਦੀ ਪ੍ਰਗਤੀ ਨਿਗਰਾਨੀ 'ਤੇ ਗ੍ਰਾਮ ਪੰਚਾਇਤ ਵਿਕਾਸ ਯੋਜਨਾ (ਜੀਪੀਡੀਪੀ) ਨਿਗਰਾਨ ਡੈਸ਼ਬੋਰਡ ਅਤੇ (ii) ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਕਾਰਕੁੰਨਾਂ ਦੀ ਸਮਰੱਥਾ ਨਿਰਮਾਣ ਅਤੇ ਸਿਖਲਾਈ 'ਤੇ ਸਿਲਖਾਈ ਪ੍ਰਬੰਧਨ ਪੋਰਟਲ ਦੀ ਸ਼ੁਰੂਆਤ ਕੀਤੀ ਗਈ। ਸਿਖਲਾਈ ਪ੍ਰਬੰਧਨ ਪੋਰਟਲ 'ਤੇ ਕਿਤਾਬ ਵੀ ਜਾਰੀ ਕੀਤੀ ਗਈ।

ਸ੍ਰੀ ਗਿਰੀਰਾਜ ਸਿੰਘ ਨੇ ਜਾਣਕਾਰੀਪੂਰਨ ਰਿਪੋਰਟ ਤਿਆਰ ਕਰਨ ਵਾਸਤੇ ਪੰਚਾਇਤੀ ਰਾਜ ਮੰਤਰਾਲਾ ਵਲੋਂ ਗਠਿਤ ਮਾਹਿਰ ਸਮਿਤੀ ਦੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ, ਜੋ ਐਸਡੀਜੀ ਹਾਸਲ ਕਰਨ ਦੀ ਦਿਸ਼ਾ ਵਿਚ ਕਾਰਜ ਯੋਜਨਾ ਦੇ ਰੂਪ ਵਿਚ ਉਪਯੋਗੀ ਹੋਵੇਗੀ। ਭਾਰਤ ਦੀ ਸਾਲ 2030 ਤੱਕ ਐਸਡੀਜੀ ਹਾਸਲ ਕਰਨ ਪ੍ਰਤੀਬੱਧਤਾ ਦੁਹਰਾਉਂਦੇ ਹੋਏ, ਉਨ੍ਹਾਂ ਨੇ ਪੰਚਾਇਤੀ ਰਾਜ ਸੰਸਥਾਵਾਂ ਦੇ 32 ਲੱਖ ਚੁਣੇ ਹੋਏ ਨੁੰਮਾਇੰਦਿਆਂ ਨੂੰ ਸੱਦਾ ਦਿੰਦੇ ਹੋਏ ਐਸਡੀਜੀ ਹਾਸਲ ਕਰਨਾ ਇਕ ਚੁਣੌਤੀ ਮੰਨਣ ਅਤੇ ਬੁਨਿਆਦੀ ਪੱਧਰ 'ਤੇ ਧਿਆਨ ਕੇਂਦਰਿਤ ਅਤੇ ਸੰਗਠਿਤ ਢੰਗ ਨਾਲ ਕੰਮ ਸ਼ੁਰੂ ਕਰਨ ਵਾਸਤੇ ਕੀਤਾ। ਕੇਂਦਰੀ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਨੇ ਸਮੁੱਚੇ ਵਿਕਾਸ ਸੁਨਿਸਚਿਤ ਕਰਨ ਦੇ ਲਈ ਪੰਚਾਇਤੀ ਰਾਜ ਸੰਸਥਾਵਾਂ ਕੋਲੋਂ ਗੁਣਵੱਤਾਪੂਰਨ ਬੂਟੇ ਲਗਾਉਣ, ਸਭ ਪ੍ਰਕਾਰ ਦੇ ਕੁਪੋਸ਼ਣ, ਸਿਹਤ, ਸਿੱਖਿਆ ਦੀ ਸਮੱਸਿਆ ਹੱਲ ਕਰਨ, ਸੁਗਮ ਜੀਵਨਯਾਪਨ ਅਤੇ ਆਜੀਵਿਕਾ ਦੇ ਮੌਕੇ ਆਦਿ ਮੁੱਦਿਆ 'ਤੇ ਧਿਆਨ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪੰਚਾਇਤਾਂ ਨੂੰ ਪੇਂਡੂ ਖੇਤਰਾਂ ਦੇ ਵਾਸੀਆਂ ਵਾਸਤੇ ਸਿਹਤ ਅਤੇ ਆਰੋਗ ਕੇਂਦਰਾਂ, ਸਾਫ਼ ਪੀਣ ਵਾਲਾ ਪਾਣੀ ਅਤੇ ਸਫ਼ਾਈ ਦੀਆਂ ਸੇਵਾਵਾਂ ਸੁਨਿਸਚਿਤ ਕਰਨ 'ਤੇ ਵੀ ਧਿਆਨ ਦੇਣ ਦੀ ਜ਼ਰੂਰਤ ਹੈ।

ਸ੍ਰੀ ਗਿਰੀਰਾਜ ਸਿੰਘ ਨੇ ਅਭਿਸਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਮਗਨਰੇਗਾ ਕੰਮਾਂ ਦੇ ਨਾਲ ਇਕ ਯੋਜਨਾਬੱਧ ਅਤੇ ਤਾਲਮੇਲ ਵਿਧੀ ਵਿਚ ਪ੍ਰਭਾਵਸ਼ਾਲੀ ਅਭਿਸਰਨ ਨਾਲ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ ਹੈ।

ਕੇਂਦਰੀ ਪੰਚਾਇਤ ਰਾਜ ਮੰਤਰੀ ਨੇ ਕਰਨਾਟਕ ਰਾਜ ਵਿਚ ਵੱਖ-ਵੱਖ ਗ੍ਰਾਮ ਪੰਚਾਇਤਾਂ ਵਿਚ ਪੰਚਾਇਤ ਲਾਇਬ੍ਰੇਰੀਆਂ ਵਿਚ ਈ-ਲਰਨਿੰਗ ਦੀ ਸੁਵਿਧਾ ਅਤੇ ਡਿਜ਼ੀਟਲ ਲਾਇਬ੍ਰੇਰੀ ਦੇ ਮਾਧਿਅਮ ਨਾਲ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਵਾਸਤੇ ਉਪਲਬਧ ਕਰਾਏ ਜਾ ਰਹੇ ਲਾਭਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਕੇਂਦਰੀ ਪੰਚਾਇਤੀ ਰਾਜ ਮੰਤਰੀ ਨੇ ਭਰੋਸਾ ਪ੍ਰਗਟ ਕੀਤਾ ਕਿ ਜੇਕਰ ਪੰਚਾਇਤਾ ਦੇ ਚੁਣੇ ਹੋਏ ਨੁਮਾਇੰਦੇ ਅਤੇ ਕਾਰਕੁੰਨ ਸਾਰੀਆਂ ਪੰਚਾਇਤਾਂ ਵਿਚ ਡਿਜ਼ੀਟਿਲ ਲਾਇਬ੍ਰੇਰੀ ਦੀ ਸਥਾਪਨਾ ਦਾ ਸੰਕਲਪ ਲੈ ਲੈਣ, ਤਾਂ ਇਹ ਸਾਕਾਰ ਵੀ ਕੀਤਾ ਜਾ ਸਕਦਾ ਹੈ ਅਤੇ ਇਸ ਦੇ ਲਈ ਕੇਵਲ ਇਕ ਦ੍ਰਿੜ ਸੰਕਲਪ ਚਾਹੀਦਾ ਹੈ।



ਸ੍ਰੀ ਕਪਿਲ ਮੋਰੇਸ਼ਵਰ ਪਾਟਿਲ, ਰਾਜ ਮੰਤਰੀ ਪੰਚਾਇਤੀ ਰਾਜ ਨੇ ਇਸ ਮੌਕੇ ਸੰਬੋਧਨ ਕਰਦੇ ਹੋਏ ਆਜੀਵਿਕਾ ਦੀਆਂ ਸੰਭਾਵਨਾਵਾਂ ਤੱਕ ਪਹੁੰਚ ਵਧਾਉਣ ਅਤੇ ਪੰਚਾਇਤੀ ਪੱਧਰ 'ਤੇ ਜ਼ਿਆਦਾ ਹੋਰ ਬਿਹਤਰ ਰੋਜ਼ਗਾਰ ਮੌਕੇ ਪੈਦਾ ਕਰਨ ਦੇ ਲਈ ਉੱਦਮੀ ਪਹਿਲਕਦਮੀਆਂ ਨੂੰ ਸੱਦਾ ਦਿੱਤਾ। ਸ੍ਰੀ ਕਪਿਲ ਮੋਰੇਸ਼ਵਰ ਪਾਟਿਲ ਨੇ ਰਿਪੋਰਟ ਦੀ ਸ਼ਲਾਘਾ ਕਰਦੇ ਹੋਏ ਉਮੀਦ ਪ੍ਰਗਟ ਕੀਤੀ ਕਿ "ਪੰਚਾਇਤੀ ਰਾਜ ਸੰਸਥਾਵਾਂ ਦੇ ਮਾਧਿਅਮ ਨਾਲ ਟਿਕਾਊ ਵਿਕਾਸ ਟੀਚਿਆਂ (ਐਸਡੀਜ਼ੀ) ਦਾ ਸਥਾਨਕੀਕਰਨ" 'ਤੇ ਰਿਪੋਰਟ ਵਿਕਾਸ ਦੇ ਲਾਭ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚਾਉਣ ਵਿਚ ਮਾਰਗ ਮਾਨਚਿੱਤਰ ਦਾ ਕੰਮ ਕਰੇਗੀ। ਪੰਚਾਇਤਾਂ ਨੂੰ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਉਨ੍ਹਾਂ ਕੋਲੋ ਪ੍ਰੇਰਨਾ ਲੈਂਦੇ ਹੋਏ ਵਿਕਾਸ ਦੇ ਕੰਮ ਨਿਸ਼ਠਾ ਅਤੇ ਵਿਸ਼ਵਾਸ ਦੇ ਨਾਲ ਸ਼ੁਰੂ ਕਰਨੇ ਚਾਹੀਦੇ ਹਨ। ਕੇਂਦਰੀ ਰਾਜ ਮੰਤਰੀ, ਪੰਚਾਇਤੀ ਰਾਜ ਨੇ ਵਿਸ਼ੇਸ਼ ਜ਼ੋਰ ਦੇ ਕੇ ਕਿਹਾ ਕਿ ਗਿਆਨ ਦੇ ਵਧੇ ਹੋਏ ਪੱਧਰ ਅਤੇ ਸਹੀ ਯੋਜਨਾਬੰਦੀ ਨਾਲ ਪੇਂਡੂ ਖੇਤਰਾਂ ਵਿਚ ਸਮੁੱਚੀ ਤਰੱਕੀ ਅਤੇ ਗਰੀਬੀ ਦੂਰ ਕਰਨ ਦਾ ਰਾਹ ਪੱਧਰਾ ਕਰੇਗੀ।

ਸ੍ਰੀ ਸੁਨੀਲ ਕੁਮਾਰ, ਸਕੱਤਰ ਪੰਚਾਇਤੀ ਰਾਜ ਮੰਤਰਾਲਾ ਨੇ "ਪੰਚਾਇਤੀ ਰਾਜ ਸੰਸਥਾਵਾਂ ਦੇ ਮਾਧਿਅਮ ਨਾਲ ਟਿਕਾਊ ਵਿਕਾਸ ਟੀਚਿਆਂ (ਐਸਡੀਜ਼) ਦਾ ਸਥਾਨਕੀਕਰਨ" 'ਤੇ ਰਿਪੋਰਟ ਨੂੰ ਸਮਾਵੇਸ਼ੀ ਵਿਕਾਸ ਦੀ ਦਿਸ਼ਾ ਵੱਲ ਇਕ ਠੋਸ ਕਦਮ ਦੱਸਦੇ ਹੋਏ ਕਿਹਾ ਕਿ ਇਹ ਰਿਪੋਰਟ ਆਉਣ ਵਾਲੇ ਸਾਲਾਂ ਵਿਚ ਪਰਿਵਰਤਨਸ਼ੀਲ ਸਿੱਧ ਹੋਵੇਗੀ। ਟਿਕਾਊ ਵਿਕਾਸ ਟੀਚੇ ਹਾਸਲ ਕਰਨ ਵਿਚ ਕ੍ਰਮ ਵਿਚ, ਸਾਰੇ ਸਬੰਧਿਤ ਵਿਭਾਗਾਂ ਨੂੰ ਠੋਸ ਯਤਨ ਕਰਨ ਅਤੇ ਉਨ੍ਹਾਂ ਵਿਆਪਕ ਮੁੱਦਿਆਂ ਅਤੇ ਰਣਨੀਤੀਆਂ 'ਤੇ ਕੰਮ ਕਰਨ ਦੀ ਜ਼ਰੂਰਤ ਹੈ, ਜਿਸ ਦੇ ਲਈ ਇਕ ਸੰਪੂਰਨ ਸਰਕਾਰੀ ਦ੍ਰਿਸ਼ਟੀਕੋਣ ਦੀ ਲੋੜ ਹੈ।

ਸ੍ਰੀਮਤੀ ਜੈਸ੍ਰੀ ਰਘੁਨੰਦਨ, ਵਧੀਕ ਮੁੱਖ ਸਕੱਤਰ ਤਮਿਲਨਾਡੂ ਸਰਕਾਰ ਵਲੋਂ "ਪੰਚਾਇਤੀ ਰਾਜ ਸੰਸਥਾਵਾਂ ਦੇ ਮਾਧਿਅਮ ਨਾਲ ਟਿਕਾਊ ਵਿਕਾਸ ਟੀਚਿਆਂ (ਐਸਡੀਜ਼ੀ) ਦਾ ਸਥਾਨਕੀਕਰਨ' 'ਤੇ ਰਿਪੋਰਟ 'ਤੇ ਇਕ ਵਿਸਥਾਰਤ ਪੇਸ਼ਕਾਰੀ ਦਿੱਤੀ ਗਈ।


ਪੰਚਾਇਤੀ ਰਾਜ ਮੰਤਰਾਲਾ

https://www.facebook.com/MinistryOfPanchayatiRaj
https://twitter.com/mopr_goi?ref_src=twsrc%5Egoogle%7Ctwcamp%5Eserp%7Ctwgr%5Eauthor
https://www.youtube.com/channel/UCEVBqQXipAuDqZsinwto4nA

ਪੰਚਾਇਤੀ ਰਾਜ ਮੰਤਰਾਲਾ ਰਾਹੀਂ ਸੰਪਾਦਿਤ ਅਤੇ ਪ੍ਰਕਾਸ਼ਿਤ
**ਮੁੱਖ ਸੰਪਾਦਕ** : ਸੁਨੀਲ ਕੁਮਾਰ, ਸਕੱਤਰ,
ਪੰਚਾਇਤੀ ਰਾਜ ਮੰਤਰਾਲਾ
**ਇਨਵਿਕਟਾ ਮੀਡੀਆ ਪ੍ਰਾ. ਲਿ.** ਵਲੋਂ ਪ੍ਰਕਾਸ਼ਤ
ਪੰਚਾਇਤੀ ਰਾਜ ਮੰਤਰਾਲਾ, ਭਾਰਤ ਸਰਕਾਰ, ਟਾਵਰ-II,
ਨੌਵਾਂ ਤਲ, ਜੀਵਨ ਭਾਰਤੀ ਬਿਲਡਿੰਗ, ਕਨਾਟ ਪਲੇਸ,
ਨਵੀਂ ਦਿੱਲੀ 110001 ਵਲੋਂ ਪ੍ਰਕਾਸ਼ਿਤ